# ਬਲ਼ਦੇ ਬਿਰਖ

**ਬਲ਼ਦੇ ਬਿਰਖ ਤੋਂ ਪਹਿਲਾਂ**

| | | |
|---|---|---|
| ਭਲਾ ਮੈਂ ਕੌਣ | (ਨਾਟ-ਸੰਗ੍ਰਹਿ) | 2009 |
| ਮਖੌਟਿਆਂ ਦੇ ਆਰ ਪਾਰ | (ਕਾਵਿ-ਸੰਗ੍ਰਹਿ) | 2010 |

# ਬਲ਼ਦੇ ਬਿਰਖ

(ਲਘੂ ਨਾਟ-ਸੰਗ੍ਰਹਿ)

**ਪਰਮਿੰਦਰ ਕੌਰ ਸਵੈਚ**

**ਨਵਰੋਜ਼ ਪ੍ਰਕਾਸ਼ਨ**
ਬੰਗਾ (ਨਵਾਂਸ਼ਹਿਰ)

***Balde Birakh***

***Plays by:***
***Parminder Kaur Swaich*** ©
14070, King Road,
Surrey Canada
V3R 0M1
001-604-584-6651(R)
001-604-760-4794 (C)
e-mail : pswaich@hotmail.com

*ਸਭ ਹੱਕ ਲੇਖਕ ਦੇ ਰਾਖਵੇਂ ਹਨ।*

***Published by* :**
**NAVROZ PARKASHAN**
**Banga (Shaheed Bhagat Singh Nagar)**
**Phone : +91-1823-265432**

| | | |
|---|---|---|
| *ਮੁੱਲ* | : | **100 ਰੁਪਏ 5$** |
| *ਪਹਿਲੀ ਵਾਰ* | : | 2011 |
| *ਲੇਜ਼ਰ ਵਰਕ* | : | ਅਰਮਾਨ ਗ੍ਰਾਫ਼ਿਕਸ, ਬੰਗਾ<br>+91-98888-98556 |
| *ਪ੍ਰਕਾਸ਼ਕ* | : | *ਨਵਰੋਜ਼ ਪ੍ਰਕਾਸ਼ਨ, ਬੰਗਾ (ਨਵਾਂਸ਼ਹਿਰ)*<br>*01823-265432* |
| *ਛਾਪਕ* | : | ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ |

ਪੰਜਾਬੀ ਨਾਟਕ ਦੇ ਸ਼ਾਹ-ਸਵਾਰ
ਅਤੇ
ਕਮਿਊਨਿਸਟ ਇਨਕਲਾਬੀ ਲਹਿਰ ਦੇ ਪਹਿਰੇਦਾਰ
ਭਾਅ ਜੀ ਗੁਰਸ਼ਰਨ ਸਿੰਘ ਦੇ ਨਾਂ

## ਤਰਤੀਬ


| | | |
|---|---|---|
| ਮੈਂ ਤੁਰਦਾ ਹਾਂ ਤਾਂ ਰਾਹ ਬਣਦੇ | **-ਅਜਮੇਰ ਸਿੱਧੂ** | 7 |
| ਜ਼ਿੰਦਗੀ ਦਾ ਸਿਰਨਾਵਾਂ | **-ਅਮੋਲਕ ਸਿੰਘ** | 10 |
| ਕੁਝ ਸ਼ਬਦ ਮੇਰੇ ਵਲੋਂ | **-ਪਰਮਿੰਦਰ ਕੌਰ ਸਵੈਚ** | 11 |
| ਸਿਆਸਤ ਵੋਟਾਂ ਦੀ | ........................ | 15 |
| ਆਖ਼ਰੀ ਖ਼ਾਹਿਸ਼ | ........................ | 39 |
| ਬਾਬਿਆਂ ਦੀ ਫੁੱਲ ਕਿਰਪਾ! | ........................ | 55 |
| ਬਲ਼ਦੇ ਬਿਰਖ | ........................ | 69 |
| ਨਾ ਤੁਰਿਓ ਇਸ ਰਾਹ | ........................ | 85 |
| ਲਾਲਸਾ | ........................ | 95 |
| ਲਕੀਰਾਂ ਦੇ ਪਾਰ | ........................ | 109 |
| ਕਾਗਜ਼ ਦੇ ਫੁੱਲ | ........................ | 119 |
| ਬਿਖੜੇ ਰਾਹੀਂ ਰੁਲ ਗਈਆਂ | ........................ | 137 |
| ਭਲਾ ਮੈਂ ਕੌਣ | ........................ | 153 |
| ਪੱਥਰ ਦੇ ਖੰਭ | ........................ | 169 |
| ਉਪਾਅ | ........................ | 179 |
| ਇਕ ਜੰਗ ਹੋਰ | ........................ | 193 |

# ਮੈਂ ਤੁਰਦਾ ਹਾਂ ਤਾਂ ਰਾਹ ਬਣਦੇ

ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ
ਯੁੱਗਾਂ ਤੋਂ ਕਾਫ਼ਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ।

27-28 ਸਤੰਬਰ 2011 ਦੀ ਰਾਤ ਸਾਡੇ ਸਮਿਆਂ ਦੇ ਸੂਰਜ ਗੁਰਸ਼ਰਨ ਭਾਅ ਜੀ ਦੇ ਅਸਤ ਹੋ ਜਾਣ ਦੀ ਖ਼ਬਰ ਆਉਂਦੀ ਹੈ। ਉਸੇ ਵੇਲੇ ਉਨ੍ਹਾਂ ਦੇ ਜੀਵਨ ਦੀ ਰੀਲ ਘੁੰਮਣ ਲੱਗਦੀ ਹੈ। ਸੰਘਰਸ਼ਾਂ ਦੇ ਪਾਂਧੀ ਦਾ ਲਹਿਰਾਅ ਰਿਹਾ ਮੁੱਕਾ ਯਾਦ ਆਉਂਦਾ ਹੈ। ਹੱਕ-ਸੱਚ ਇਨਸਾਫ਼, ਲਈ ਜੂਝਣ ਵਾਲਾ ਯੋਧਾ ਗਰਜ ਰਿਹਾ ਹੈ। ਇਹ ਮੁੱਕੇ, ਨਾਅਰੇ, ਗਰਜਣਾ ਮੰਚ ਉੱਤੇ ਹੀ ਨਹੀਂ ਦਿਖਾਈ ਦੇ ਰਹੇ ਹਨ। ਸਗੋਂ ਇਹ ਖਟਕੜ ਕਲਾਂ ਵਿਚ ਸੀ.ਆਰ.ਪੀ.ਐਫ਼. ਨਾਲ ਟਕਰਾਉਂਦੇ ਦਿਖਾਈ ਦੇ ਰਹੇ ਹਨ। ਇਹ ਬਰਨਾਲੇ ਦੀ ਧਰਤੀ 'ਤੇ ਇਕ ਧੀ-ਭੈਣ ਦੀ ਬੇਪੱਤ ਹੋਣ 'ਤੇ ਉਠਦੇ ਹਨ। ਇਹ ਸੰਤਾਲੀ ਵੇਲੇ ਅੰਮ੍ਰਿਤਸਰ ਵਿਚ ਨੰਗੀਆਂ ਔਰਤਾਂ ਦੇ ਜਲੂਸ ਨੂੰ ਰੋਕਣ ਲਈ ਵੀ ਉੱਠਦੇ ਹਨ। ਇਹ ਪੰਜਾਬ ਨੂੰ ਲੱਗੀ ਅੱਗ ਵੇਲੇ ਵੀ ਉੱਠਦੇ ਹਨ। ਇਹ 70ਵਿਆਂ ਵੇਲੇ ਇਨਕਲਾਬਪਸੰਦਾਂ ਦੇ ਹੱਕ ਵਿਚ ਵੀ ਉੱਠੇ ਸਨ। ਐਮਰਜੈਂਸੀ ਦੇ ਜ਼ਬਰ ਵਿਰੁੱਧ ਵੀ ਉੱਠੇ ਸਨ। ਉਸੇ ਵੇਲੇ ਮੈਨੂੰ ਸੁਰਜੀਤ ਪਾਤਰ ਦਾ ਉਕਤ ਸ਼ੇਅਰ ਯਾਦ ਆ ਗਿਆ। ਰੰਗਮੰਚ ਦੇ ਖੇਤਰ ਵਿਚ ਉਨ੍ਹਾਂ ਕਲਾਕਾਰਾਂ ਦੇ ਪੂਰਾਂ ਦੇ ਪੂਰ ਪੈਦਾ ਕੀਤੇ।

23 ਅਕਤੂਬਰ ਨੂੰ ਮੋਗੇ ਦੀ ਧਰਤੀ 'ਤੇ ਭਾਅ ਜੀ ਦੇ ਰਾਹਗੀਰ ਉਨ੍ਹਾਂ ਨੂੰ ਸਲਾਮ ਕਹਿਣ ਲਈ ਪੁੱਜ ਰਹੇ ਹਨ। ਭਾਅ ਜੀ ਤੋਂ ਪਿੱਛੋਂ ਸੱਖਣੇਪਣ 'ਤੇ ਚਰਚਾ ਕਰਨ ਲੱਗੇ ਹਾਂ। ਉਸੇ ਵੇਲੇ ਮਾਸਟਰ ਤਰਲੋਚਨ ਸਮਰਾਲਾ ਭਾਅ ਜੀ ਦੇ ਵਾਰਸਾਂ ਬਾਰੇ ਬੋਲ ਪੈਂਦੇ ਹਨ। ਉਹ ਆਪਣੀ ਟੀਮ ਦਾ ਨਾਂ ਲੈਂਦੇ ਹਨ। ਪ੍ਰੋ. ਅਜਮੇਰ ਸਿੰਘ ਔਲਖ ਦਾ ਨਾਂ ਲੈਂਦੇ ਹਨ, ਫ਼ੇਰ ਮੁੱਲਾਂਪੁਰੀਆਂ ਦਾ, ਬਿਆਸ ਵਾਲਿਆਂ ਦਾ, ਹਰਵਿੰਦਰ ਦੀਵਾਨੇ ਦਾ, ਫ਼ੇਰ ਕੁਝ ਹੋਰ ਨਾਂ। ਮੈਂ ਅਮਰੀਕਾ ਵੱਲ ਨਿਗ੍ਹਾ ਮਾਰਦਾ ਹਾਂ। ਮੈਨੂੰ ਪਰਮਜੀਤ ਸਿੰਘ-ਰੈਨੂੰ ਸਿੰਘ ਦੀ ਜੋੜੀ ਯਾਦ ਆ ਜਾਂਦੀ ਹੈ। ਜਦੋਂ ਮੈਂ ਕੈਨੇਡਾ ਦੀ ਧਰਤੀ 'ਤੇ ਪੁੱਜਦਾ ਹਾਂ। ਮੈਨੂੰ ਨਾਟਕਕਾਰ, ਨਾਟ-ਨਿਰਦੇਸ਼ਕ ਪਰਮਿੰਦਰ ਕੌਰ ਸਵੈਚ ਖੜ੍ਹੀ ਦਿਖਾਈ ਦਿੰਦੀ ਹੈ। ਮੈਂ ਉਸ ਦਾ ਪਹਿਲਾ ਲਘੂ ਨਾਟ-ਸੰਗ੍ਰਹਿ 'ਭਲਾ ਮੈਂ ਕੌਣ' ਚੁੱਕਦਾ ਹੈ। ਮੈਨੂੰ ਲਗਦਾ ਸਕਰਿਪਟ ਵਿਚ ਭਾਅ ਜੀ ਦੇ ਨਾਟਕਾਂ ਵਾਲੀ ਭਾਸ਼ਾ ਹੈ। ਉਸੇ ਤਰ੍ਹਾਂ ਦੇ ਵਿਸ਼ੇ ਹਨ। ਭਾਅ ਜੀ ਆਪਣੇ ਨਾਟਕਾਂ ਵਿਚ ਕੁਸ਼ਾਸਕਾਂ, ਕੁਪ੍ਰਬੰਧਕਾਂ ਅਤੇ ਫਰੇਬੀ ਸਿਆਸਤਦਾਨਾਂ ਤੇ ਵਿਅੰਗ ਕੱਸਦੇ ਹਨ। ਪਰਮਿੰਦਰ ਕੌਰ ਸਵੈਚ ਦੇ ਨਾਟਕ ਵੀ ਚਲੰਤ ਲੋਕ ਮਸਲਿਆਂ ਤੇ ਸਦੀਵੀ ਸਮਾਜਕ ਤੇ ਮਾਨਵੀ ਸਰੋਕਾਰਾਂ ਨੂੰ ਲੈ ਕੇ ਰਚੇ ਹੋਏ ਹਨ।



ਪਰਮਿੰਦਰ ਕੌਰ ਸਵੈਚ ਦਾ ਦੂਜਾ ਲਘੂ ਨਾਟ ਸੰਗ੍ਰਹਿ 'ਬਲ਼ਦੇ ਬਿਰਖ' (ਜਿਸ ਵਿਚ 'ਭਲਾ ਮੈਂ ਕੌਣ' ਵਾਲੇ ਨਾਟਕ ਵੀ ਸ਼ਾਮਿਲ ਹਨ) ਦਾ ਖਰੜਾ ਮੈਨੂੰ ਮਿਲਦਾ ਹੈ। ਇਹ ਨਾਟ-ਸੰਗ੍ਰਹਿ ਭਾਅ ਜੀ ਗੁਰਸ਼ਰਨ ਸਿੰਘ ਨੂੰ ਹੀ ਸਮਰਪਿਤ ਹੈ। ਇਹਨਾਂ ਨਾਟਕਾਂ ਦਾ ਮੰਚਨ ਕੈਨੇਡਾ ਦੀ ਧਰਤੀ 'ਤੇ ਹੋਇਆ ਹੈ। ਇਹ ਨਾਟਕ ਵੀ ਸਮਾਜਕ ਸਰੋਕਾਰਾਂ ਵਾਲੇ ਹਨ। 'ਜੇ ਮਨੁੱਖ ਦਰਿਆਵਾਂ ਦੇ ਵਹਿਣ ਮੋੜ ਸਕਦਾ ਹੈ ਤਾਂ ਮਨੁੱਖ ਸਮਾਜ ਦਾ ਰੁੱਖ ਕਿਉਂ ਨਹੀਂ ਮੋੜ ਸਕਦਾ। ਮਨੁੱਖ ਸਮਾਜ ਦਾ ਰੁੱਖ ਜ਼ਰੂਰ ਮੋੜ ਸਕਦੇ ਹਨ।' ਭਾਅ ਜੀ ਵਾਲੀ ਸੁਰ ਇਨ੍ਹਾਂ ਨਾਟਕਾਂ ਵਿਚ ਫੇਰ ਹਾਜ਼ਰ ਹੁੰਦੀ ਹੈ। ਭਾਅ ਜੀ ਮਾਰਕਸਵਾਦੀ ਫ਼ਲਸਫ਼ੇ ਤੇ ਸਿਆਸਤ ਦੇ ਝੰਡਾਬਰਦਾਰ ਸਨ। ਪਰਮਿੰਦਰ ਕੌਰ ਸਵੈਚ ਵੀ ਇਸੇ ਧਾਰਨਾ ਦੀ ਅਨੁਯਾਈ ਹੈ। ਉਨ੍ਹਾਂ ਦੇ ਦਾਦਾ ਜੀ ਸ. ਜਵਾਹਰ ਸਿੰਘ ਕਿਰਤੀ ਪਾਰਟੀ ਦੇ ਸਿਪਾਹੀ ਸਨ। ਉਨ੍ਹਾਂ ਨੇ ਆਪਣੇ ਜੀਵਨ ਦਾ ਬਹੁਤਾ ਹਿੱਸਾ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਗਰੀਬ ਜਨਤਾ ਦੇ ਲੇਖੇ ਲਾਇਆ। ਉਨ੍ਹਾਂ ਦੇ ਪ੍ਰਭਾਵ ਕਾਰਨ ਹੀ ਉਨ੍ਹਾਂ ਦੇ ਪਿਤਾ ਜੀ ਕਾਮਰੇਡ ਜਗਤਾਰ ਸਿੰਘ ਅਤੇ ਚਾਚਾ ਜੀ ਸ਼ਹੀਦ ਕਰਨੈਲ ਸਿੰਘ ਈਸੜੂ (ਜੋ ਗੋਆ ਦੀ ਆਜ਼ਾਦੀ ਲਈ ਸ਼ਹੀਦ ਹੋ ਗਏ) ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲੇ। ਉਨ੍ਹਾਂ ਸਾਰਿਆਂ ਦੀ 'ਰੂਹ' ਪਰਮਿੰਦਰ ਕੌਰ ਸਵੈਚ ਵਿਚ ਹੈ। ਉਹ ਕਦੇ ਪੰਜਾਬ ਸਟੂਡੈਂਟ ਯੂਨੀਅਨ ਦੀ ਆਗੂ ਹੋਇਆ ਕਰਦੀ ਸੀ। ਫੇਰ ਕੈਨੇਡਾ ਦੀ ਵਸਨੀਕ ਬਣਨਾ ਪੈ ਗਿਆ।

ਉਹ ਤਰਕਸ਼ੀਲ ਕਲਚਰਲ ਸੁਸਾਇਟੀ ਆਫ਼. ਕੈਨੇਡਾ ਦੇ ਮੂਹਰਲੀਆਂ ਸਫ਼ਾਂ ਦੀ ਆਗੂ ਹੈ। ਉਹ ਕਵਿਤਰੀ, ਨਾਟਕਕਾਰਾਂ ਤੇ ਔਰਤ ਆਗੂ ਵੀ ਹੈ। 'ਸਮਾਜਾਂ ਦੇ ਰੁੱਖ ਸਮਾਜਿਕ ਤਬਦੀਲੀਆਂ ਦੀਆਂ ਲਹਿਰਾਂ ਹੀ ਮੋੜ ਸਕਦੀਆਂ ਹਨ।' ਇਹ ਗੱਲ ਉਸ ਨੂੰ ਉਨ੍ਹਾਂ ਦੇ ਪਿਓ-ਦਾਦੇ ਨੇ ਹੀ ਸਮਝਾ ਦਿੱਤੀ ਸੀ। ਉਸ ਨੇ ਸਮਾਜਿਕ ਤਬਦੀਲੀ ਦੀ ਲਹਿਰ ਖੜ੍ਹੀ ਕਰਨ ਲਈ, ਚੱਲ ਰਹੀਆਂ ਲਹਿਰਾਂ ਨੂੰ ਬਲ ਬਖਸ਼ਣ ਲਈ.... ਰੰਗਮੰਚ ਨੂੰ ਭੂਮੀ ਬਣਾਉਣਾ ਭਾਅ ਜੀ ਗੁਰਸ਼ਨ ਸਿੰਘ ਤੋਂ ਸਿੱਖਿਆ। ਉਸਦੇ ਨਾਟਕ ਦੀ ਕੇਂਦਰ ਬਿੰਦੂ ਔਰਤ ਹੈ। ਕੈਨੇਡਾ ਦੀ ਉਹ ਔਰਤ ਜੋ ਹਿੰਸਾ ਦਾ ਸ਼ਿਕਾਰ ਹੈ, ਜਨਮ ਤੋਂ ਪਹਿਲਾ ਹੀ ਮਾਰੀ ਜਾਂਦੀ ਹੈ ਅਤੇ ਮਹਿਕ ਵਿਹੂਣੇ ਰਿਸ਼ਤਿਆਂ ਦੀ ਮਾਰ ਝੱਲ ਰਹੀ ਹੈ। ਉਹ ਭਾਅ ਜੀ ਵਾਂਗ ਹੀ ਸਾਧਾਂ, ਸੰਤਾਂ, ਜੋਤਸ਼ੀਆਂ ਅਤੇ ਠੱਗ ਸਿਆਸਤਦਾਨਾਂ 'ਤੇ ਵਿਅੰਗ ਕੱਸਦੀ ਹੈ। ਉਸ ਨੂੰ ਪ੍ਰਵਾਸ ਦੇ ਦੁਖਾਂਤ ਦਾ ਵੀ ਗਿਆਨ ਹੈ। ਉਹ ਉਨ੍ਹਾਂ ਗਦਰੀਆਂ ਨੂੰ ਵੀ ਆਪਣੇ ਨਾਟਕ ਦਾ ਵਿਸ਼ਾ-ਵਸਤੂ

ਬਣਾਉਂਦੀ ਹੈ। ਜਿਨ੍ਹਾਂ ਦੀ ਕੁਰਬਾਨੀ ਸਦਕਾ ਪੰਜਾਬੀ ਕੈਨੇਡਾ-ਅਮਰੀਕਾ ਜਿਹੀਆਂ ਧਰਤੀਆਂ 'ਤੇ ਵੱਸਣਯੋਗ ਹੋਏ। ਸਮਾਜਕ ਤਬਦੀਲੀ ਦੀ ਲਹਿਰ ਨੂੰ ਸਮਰਪਿਤ ਇਸ ਨਾਟਕਕਾਰਾਂ ਕੋਲੋਂ ਪ੍ਰਵਾਸੀ ਪੰਜਾਬੀ ਰੰਗਮੰਚ ਨੂੰ ਬਹੁਤ ਸਾਰੀਆਂ ਆਸਾਂ ਹਨ।

**-ਅਜਮੇਰ ਸਿੱਧੂ**
c/o ਜੰਡੇ ਹੇਅਰ ਡਰੈਸਰਜ਼
ਚੰਡੀਗੜ੍ਹ ਰੋਡ, ਨਵਾਂਸ਼ਹਿਰ 144514
ajmersidhu2007@yahoo.co.in
94630-63990



## ਜ਼ਿੰਦਗੀ ਦਾ ਸਿਰਨਾਵਾਂ

ਕਵਿਤਾ, ਰੰਗਮੰਚ, ਤਰਕਸ਼ੀਲਤਾ, ਵਿਗਿਆਨਕ ਦ੍ਰਿਸ਼ਟੀ ਅਤੇ ਲੋਕ ਪੱਖੀ ਕਾਰਜਾਂ ਲਈ ਸਦਾ ਸਫ਼ਰ ਤੇ ਰਹਿਣ ਵਾਲੀ ਪਰਮਿੰਦਰ ਕੌਰ ਸਵੈਚ ਨੂੰ ਉਸਦੀ ਕਲਮ-ਜਾਈ ਤੀਜੀ ਪੁਸਤਕ 'ਬਲ਼ਦੇ ਬਿਰਖ' ਲਈ ਕੋਟਿ ਕੋਟਿ ਮੁਬਾਰਕਵਾਦ।

ਇਹ ਮੁਬਾਰਕ ਰਸਮੀਂ ਨਹੀਂ। ਖ਼ੂਬਸੂਰਤ ਸਮਾਜ ਲਈ ਅਮਲੀ ਤੌਰ ਤੇ ਆਪਣੇ ਹਿੱਸੇ ਦੀ ਮੋਮਬੱਤੀ ਬਾਲ ਕੇ ਤੁਰਨ ਵਾਲੀ ਕਵਿੱਤਰੀ ਤੇ ਰੰਗਕਰਮੀ ਪਰਮਿੰਦਰ ਨੇ ਸਾਬਤ ਕੀਤਾ ਹੈ ਕਿ ਬਰਫ਼ਾਂ ਦੇ ਗਲੇਸ਼ੀਅਰ ਦੇ ਧੁਰ ਪਤਾਲ ਅੰਦਰ ਵੀ ਜਵਾਲਾਮੁਖੀ ਦਹਿਕਦੇ ਰਹਿੰਦੇ ਹਨ। ਇਹ ਸੱਚ ਹੈ ਕਿ ਪਰਮਿੰਦਰ ਆਪਣੇ ਜੀਵਨ ਸਾਥੀ ਮਲਕੀਤ, ਬੱਚਿਆਂ ਦੇ ਕਮਾਲ ਦੇ ਸੰਗ ਸਾਥ ਤੇ ਆਰਥਿਕ ਪੱਖੋਂ ਅਜਿਹੀ ਹਾਲਤ ਵਿਚ ਹੈ ਕਿ ਉਹ ਇਕ ਰਾਹ ਅਰਾਮ ਦੀ ਜ਼ਿੰਦਗੀ ਵਾਲਾ ਚੁਣ ਸਕਦੀ ਸੀ ਪਰ ਉਸ ਨੇ ਜੀਵਨ ਦਾ ਅਮੁੱਲਾ ਸਮਾਂ ਲੋਕ ਮੁਖੀ ਕਾਰਜਾਂ ਦੇ ਲੇਖੇ ਲਾਉਣ ਦੇ ਕਾਰਜ ਦੀ ਚੋਣ ਕਰਨ ਹਿੱਸੇ ਲਾਇਆ ਹੈ।

ਜਨਮ ਤੋਂ ਪਹਿਲਾਂ ਹੀ ਮਾਰ ਮੁਕਾ ਦਿੱਤੀਆਂ ਜਾਂਦੀਆਂ ਅੱਧ ਖੜ੍ਹੀਆਂ ਕਲੀਆਂ ਦੀ ਚੀਖ ਹਰ ਪਲ ਉਸਦੇ ਕੰਨਾਂ 'ਚ ਹੀ ਨਹੀਂ ਸਗੋਂ ਸੋਚਾਂ 'ਚ ਵੀ ਗੂੰਜਦੀ ਰਹਿੰਦੀ ਹੈ। ਪਰਵਾਸ ਦੇ ਦਰਦ ਦੀ ਪੀੜ ਹੰਢਾਉਂਦੇ ਲੋਕਾਂ ਦੀ ਹਕੀਕਤ ਨੂੰ ਉਸ ਨੇ ਕਦੇ ਵੀ ਗਲੈਮਰ ਸੰਸਾਰ ਦੇ ਉੱਪਰੇ ਮਖਮਲੀ ਲਿਬਾਸ 'ਚ ਢੱਕਣ ਦਾ ਯਤਨ ਨਹੀਂ ਕੀਤਾ ਸਗੋਂ ਉਸਦੀ ਕਲਮ ਦੀ ਜਾਗਦੀ ਅੱਖ ਹਕੀਕਤਾਂ ਦੇ ਰੂਬਰੂ ਹੁੰਦੀ ਹੈ।

ਉਹ ਰੰਗਮੰਚ ਕਰਦੇ ਸਮੇਂ ਰੰਗਮੰਚ ਦੀ ਵਰਕਸ਼ਾਪ 'ਚ ਪਹਿਲਾਂ ਆਪਣੇ ਬੱਚਿਆਂ ਦਾ ਨਾਂ ਸ਼ਾਮਲ ਕਰਦੀ ਹੈ। ਉਸਦਾ ਪ੍ਰਤੱਖ ਖ਼ਿਆਲ ਹੈ ਕਿ ਸਿਰਫ਼ ਅਕਾਦਮਿਕ ਪੜ੍ਹਾਈ ਰਾਹੀਂ ਸਰਟੀਫਿਕੇਟ ਤਾਂ ਝੋਲੀ ਪੈ ਸਕਦੇ ਹਨ ਪਰ ਬੱਚਿਆਂ ਦੇ ਭਵਿੱਖ ਦੀ ਜ਼ਿੰਦਗੀ ਦਾ ਸਿਰਨਾਵਾਂ ਸਾਹਿਤ ਤੇ ਰੰਗਮੰਚ ਦੇ ਰਾਹਾਂ ਵਿਚੋਂ ਹੋ ਕੇ ਜਾਂਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਕਈ ਵਾਰ ਕੁਝ ਵਿਦਵਾਨਾਂ ਦੇ ਨਾਟਕ ਸਿਰਫ਼ ਕਿਤਾਬੀ ਸ਼ਿੰਗਾਰ ਬਣ ਕੇ ਰਹਿ ਜਾਂਦੇ ਹਨ। ਪਰਮਿੰਦਰ ਨੇ ਜੋ ਲਿਖਿਆ ਉਸਦਾ ਮੰਚਨ ਵੀ ਹੋਇਆ ਹੈ ਅਤੇ ਦਰਸ਼ਕਾਂ/ਸਰੋਤਿਆਂ ਵਲੋਂ ਭਰਪੂਰ ਹੁੰਗਾਰਾ ਵੀ ਮਿਲਿਆ ਹੈ।

ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) 25 ਜਨਵਰੀ ਗੁਰਸ਼ਰਨ ਭਾਅ ਜੀ ਨੂੰ ਸਮਰਪਿਤ ਨਾਟਕਾਂ ਤੇ ਗੀਤਾਂ ਭਰੀ ਰਾਤ ਸਮੇਂ ਪਰਮਿੰਦਰ ਦੀ ਨਾਟ-ਰਚਨਾ 'ਬਲ਼ਦੇ ਬਿਰਖ' ਪੰਜਾਬੀ ਰੰਗਮੰਚ ਦੀ ਝੋਲੀ ਪਾਉਂਦਾ ਹੋਇਆ ਇਹ ਸਮਝਦਾ ਹੈ ਕਿ ਇਹ ਪਰਮਿੰਦਰ ਤੇ ਪਲਸ ਮੰਚ ਵਲੋਂ ਗੁਰਸ਼ਰਨ ਭਾਅ ਜੀ ਨੂੰ ਸੱਚੀ ਸ਼ਰਧਾਂਜ਼ਲੀ ਹੈ। ਇਸ ਕਲਮ ਤੋਂ ਹੋਰ ਉਮੀਦ ਦੀ ਆਸ ਸਹਿਤ।

**-ਅਮੋਲਕ ਸਿੰਘ**
94170-76735

## ਕੁਝ ਸ਼ਬਦ ਮੇਰੇ ਵਲੋਂ

ਮੈਂ ਦੂਜਾ ਨਾਟ-ਸੰਗ੍ਰਹਿ 'ਬਲ਼ਦੇ ਬਿਰਖ' ਭੇਂਟ ਕਰਨ ਦੀ ਖ਼ੁਸ਼ੀ ਲੈ ਰਹੀ ਹਾਂ। ਇਸ ਸੰਗ੍ਰਹਿ ਵਿਚ ਮੇਰੀ ਪਲੇਠੀ ਪੁਸਤਕ 'ਭਲਾ ਮੈਂ ਕੌਣ' ਦੇ ਨਾਟਕ ਵੀ ਸੰਮਲਿਤ ਕੀਤੇ ਗਏ ਹਨ। ਕਿਉਂਕਿ ਉਹ ਸਾਰੀ ਦੀ ਸਾਰੀ ਕਿਤਾਬ ਤੁਹਾਡੇ ਹੱਥਾਂ ਵਿਚ ਪਹੁੰਚ ਚੁੱਕੀ ਹੈ ਪਰ ਮੈਂ ਉਸਦੇ ਨਾਟਕਾਂ ਦੀ ਅਹਿਮੀਅਤ ਨੂੰ ਸਮਝਦੀ ਹੋਈ ਉਨ੍ਹਾਂ ਨੂੰ ਦੁਬਾਰਾ ਛਪਵਾ ਕੇ ਇਕੱਠੀ ਕਿਤਾਬ 'ਬਲ਼ਦੇ ਬਿਰਖ' ਦੇ ਰੂਪ ਵਿਚ ਤੁਹਾਡੇ ਸਨਮੁੱਖ ਕਰ ਰਹੀ ਹਾਂ। ਤਕਰੀਬਨ ਉਹ ਸਾਰੇ ਨਾਟਕ ਦਰਸ਼ਕਾਂ ਦੀ ਭਰਪੂਰ ਹਾਜ਼ਰੀ ਵਿਚ ਕੈਨੇਡਾ ਦੀਆਂ ਸਟੇਜਾਂ ਤੇ ਸਫ਼ਲਤਾ ਨਾਲ ਮੰਚਤ ਕੀਤੇ ਗਏ ਹਨ। ਦਰਸ਼ਕਾਂ ਵਲੋਂ ਮਿਲੇ ਪਿਆਰ ਤੇ ਦਾਦ, ਦੋਸਤਾਂ ਵਲੋਂ ਮਿਲੀ ਹੱਲਾਸ਼ੇਰੀ ਕਾਰਨ ਮੈਂ ਇਨ੍ਹਾਂ ਨਾਟਕਾਂ ਨੂੰ ਕਿਤਾਬੀ ਰੂਪ ਦੇਣ ਜਾ ਰਹੀ ਹਾਂ। ਜਿਵੇਂ ਮੈਂ ਮੇਰੀ ਪਹਿਲੀ ਪੁਸਤਕ ਵਿਚ ਵੀ ਜ਼ਿਕਰ ਕੀਤਾ ਸੀ ਕਿ ਮੈਂ ਮੇਰੇ ਬਾਪੂ ਜੀ ਜਗਤਾਰ ਸਿੰਘ ਜੋ ਮੇਰੇ ਪ੍ਰੇਰਣਾ ਸਰੋਤ ਹਨ ਉਨ੍ਹਾਂ ਨੇ ਹੀ ਮੈਨੂੰ ਤਰਕ ਦੀ ਜ਼ਿੰਦਗੀ ਜਿਊਣ ਦਾ ਤੇ ਸਮਾਜ ਵਿਚ ਫੈਲੀਆਂ ਆਰਥਿਕ, ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਬੁਰਾਈਆਂ ਨੂੰ ਦੇਖਣ ਵਿਚ ਮਦਦ ਕੀਤੀ ਤੇ ਕਿੰਤੂ ਲਈ ਵੀ ਪ੍ਰੇਰਿਆ, ਦਾ ਧੰਨਵਾਦ ਕਰਦੀ ਹਾਂ। ਮੈਂ ਮੇਰੇ ਜੀਵਨ ਸਾਥੀ ਮਲਕੀਤ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੇਰੀਆਂ ਰੁਚੀਆਂ ਦਾ ਖ਼ਿਆਲ ਰੱਖ ਕੇ ਇਹ ਨਾਟਕ ਲਿਖਣ, ਮੰਚਤ ਕਰਨ ਤੇ ਇਸ ਨੂੰ ਕਿਤਾਬੀ ਰੂਪ ਦੇਣ ਲਈ ਉਤਸ਼ਾਹਤ ਹੀ ਨਹੀਂ ਕੀਤਾ, ਸਗੋਂ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਦੇ ਕੇ ਨਾਟਕ ਲਿਖਣ ਸਮੇਂ ਹੋ ਰਹੀਆਂ ਗਲਤੀਆਂ ਦਾ ਅਹਿਸਾਸ ਵੀ ਕਰਵਾਇਆ ਹੈ। ਮੇਰੇ ਪਿਆਰੇ ਤਿੰਨੋ ਬੱਚਿਆਂ ਜਾਸਮਿਨ, ਸ਼ਾਨ ਤੇ ਅਨਮੋਲ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੇ ਕੀਮਤੀ ਸਮੇਂ ਨੂੰ ਚੁਰਾ ਕੇ ਦੱਬੇ ਕੁਚਲੇ ਲੋਕਾਂ ਨਾਲ ਆਪਣਾ ਰਿਸ਼ਤਾ ਹੋਰ ਗੂੜ੍ਹਾ ਕਰ ਸਕੀ ਹਾਂ ਅਤੇ ਇਨ੍ਹਾਂ ਨਾਟਕਾਂ ਨੂੰ ਮੰਚਤ ਕਰਨ ਸਮੇਂ ਵੀ ਕੈਨੇਡਾ ਦੇ ਜੰਮਪਲ ਹੋਣ ਦੇ ਬਾਵਜੂਦ ਪੰਜਾਬੀ ਨਾਲ ਪਿਆਰ ਪਾ ਕੇ ਆਪਣਾ ਰੋਲ ਬਾਖ਼ੂਬੀ ਨਿਭਾਇਆ ਤੇ ਮੈਨੂੰ ਮਿਲੀ ਸ਼ਾਬਾਸ਼ੇ ਨੂੰ ਦੁੱਗਣਾ ਕੀਤਾ ਹੈ। ਟੀਮ ਵਰਕ ਵਾਂਗ ਕੰਮ ਕਰਕੇ ਮੇਰੇ ਵਿਸ਼ਵਾਸ ਪਾਤਰ ਨਿਭਦੇ ਆ ਰਹੇ ਹਨ।

ਮੈਂ ਤਰਕਸ਼ੀਲ ਕਲਚਰਲ ਸੁਸਾਇਟੀ ਆਫ਼ ਕੈਨੇਡਾ ਦੀ ਬਹੁਤਾ ਸਮਾਂ ਸਕੱਤਰ ਰਹਿਣ ਕਰਕੇ ਜ਼ਿਆਦਾ ਨਾਟਕ ਸੁਸਾਇਟੀ ਦੀ ਲੋੜ ਨੂੰ ਮੁੱਖ ਰੱਖ ਕੇ ਲਿਖੇ



ਹਨ। ਸੋ ਮੈਂ ਸੁਸਾਇਟੀ ਦਾ, ਇਨ੍ਹਾਂ ਨੂੰ ਮੰਚਤ ਕਰਨ ਵੇਲੇ ਜਿੰਨੇ ਵੀ ਪਾਤਰਾਂ ਨੇ ਭਾਗ ਲਿਆ ਉਨ੍ਹਾਂ ਸਭ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਸਟੇਜ 'ਤੇ ਇਨ੍ਹਾਂ ਦੀ ਕਲਾਕਾਰੀ ਦੀ ਸਫ਼ਲਤਾ ਦੇਖ ਕੇ ਹੀ ਇਨ੍ਹਾਂ ਨੂੰ ਪਾਠਕਾਂ ਤੱਕ ਪਹੁੰਚਾਣ ਦਾ ਉੱਦਮ ਕਰ ਰਹੀ ਹਾਂ। ਮੈਂ ਪ੍ਰਧਾਨ ਅਵਤਾਰ ਗਿੱਲ, ਜਸਵੀਰ ਮੰਗੂਵਾਲ, ਨਿਰਮਲ ਕਿੰਗਰਾ ਤੇ ਗੁਰਮੇਲ ਗਿੱਲ ਜਿਨ੍ਹਾਂ ਨੇ ਮੇਰੀਆਂ ਗਲਤੀਆਂ ਨੂੰ ਨਾ ਸਵੀਕਾਰਦੇ ਹੋਏ ਇਨ੍ਹਾਂ ਵਿਚ ਸੋਧਾਂ ਲਈ ਪ੍ਰੇਰਿਆਂ ਹੈ, ਦੀ ਧੰਨਵਾਦੀ ਹਾਂ। ਮੈਂ ਅਜਮੇਰ ਸਿੱਧੂ, ਸਾਰਾ ਭਾਬੀ, ਗਗਨਦੀਪ ਦੀ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਇਸ ਕਿਤਾਬ ਨੂੰ ਵਧੀਆ ਬਣਾਉਣ ਲਈ ਮੇਰੀ ਉਹ ਹਰ ਮਦਦ ਕੀਤੀ ਹੈ ਜਿਸ ਤੋਂ ਮੈਂ ਬਿਲਕੁਲ ਅਣਜਾਣ ਸੀ, ਇਸ ਗੁੰਝਲਮਈ ਕੰਮ ਨੂੰ ਘੱਟ ਤੋਂ ਘੱਟ ਸਮੇਂ ਵਿਚ ਵੱਡਾ ਕੰਮ ਕਰਕੇ ਨੇਪਰੇ ਚਾੜ੍ਹਿਆ ਹੈ। ਮੈਂ ਕਾਮਰੇਡ ਅਮੋਲਕ ਸਿੰਘ, ਅਤਰਜੀਤ, ਜਸਵੰਤ ਸਿੰਘ, ਨਿਰਮਲ ਭੈਣ, ਸਾਡੇ ਬੱਚੇ ਕੋਮਲਵੀਰ ਤੇ ਸਰਬਜੀਤ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੀ ਭੱਜ ਨੱਠ ਸਦਕਾ ਇਸ ਕਾਰਜ ਨੂੰ ਚਾਰ ਚੰਨ ਲੱਗੇ ਹਨ।

ਮੈਂ ਗੁਰਸ਼ਰਨ ਭਾਅ ਜੀ ਨੂੰ ਆਪਣੇ ਪ੍ਰੇਰਣਾ ਸਰੋਤ ਮੰਨਦੀ ਹਾਂ ਕਿਉਂਕਿ ਮੈਨੂੰ ਵਾਰ ਵਾਰ ਜਦੋਂ ਉਨ੍ਹਾਂ ਦੇ ਨਾਟਕ ਦੇਖਣ ਦਾ ਮੌਕਾ ਮਿਲਿਆ ਤਾਂ ਮੇਰੇ ਉਤਸ਼ਾਹ ਨੂੰ ਡੰਗੋਰੀ ਮਿਲੀ ਹੈ। ਮੈਂ ਮਾਣ ਕਰਦੀ ਹਾਂ ਕਿ ਮੈਂ ਉਨ੍ਹਾਂ ਤੋਂ ਕਾਫ਼ੀ ਕੁਝ ਸਿੱਖ ਕੇ, ਉਨ੍ਹਾਂ ਦੇ ਰਾਹਾਂ ਤੇ ਚੱਲਣ ਦੀ ਤੇ ਉਨ੍ਹਾਂ ਦੀ ਕਮਿਊਨਿਸਟ ਵਿਚਾਰਧਾਰਕ ਸੋਚ ਨੂੰ ਨਾਟਕਾਂ ਦੇ ਰੂਪ ਵਿਚ ਹੀ ਨੂੰ ਅੱਗੇ ਲਿਜਾਣ ਦੀ ਕੋਸ਼ਿਸ਼ ਕਰ ਰਹੀ ਹਾਂ। ਇਸ ਕਰਕੇ ਹੀ ਮੈਂ 'ਬਲ਼ਦੇ ਬਿਰਖ' ਗੁਰਸ਼ਰਨ ਸਿੰਘ ਭਾਅ ਜੀ ਹੋਰਾਂ ਨੂੰ ਸਮਰਪਿਤ ਕਰਨ ਦਾ ਮਾਣ ਹਾਸਲ ਕਰ ਰਹੀ ਹਾਂ।

ਕਾਲਜ ਦੇ ਦਿਨਾਂ ਵਿਚ ਹੀ ਮੈਂ ਇਕ ਨਾਟਕ "ਦਾਜ ਦੀ ਲਾਹਨਤ" ਲਿਖਿਆ ਸੀ ਤੇ ਉਹ ਕਾਲਜ ਦੀ ਸਟੇਜ ਦੇ ਨਾਲ ਨਾਲ ਇਕ ਵਾਰ ਗੁਰਸ਼ਰਨ ਭਾਅ ਜੀ ਹੋਰਾਂ ਦੀ ਸਟੇਜ ਤੇ ਪਿੰਡ ਦਾਊਦਪੁਰ ਖੇਡਿਆ ਵੀ ਸੀ। ਉਸ ਤੋਂ ਬਾਅਦ ਜਦੋਂ ਮੈਂ ਕੈਨੇਡਾ ਆਈ ਤਾਂ ਸਾਹਿਤ ਨਾਲੋਂ ਟੁੱਟ ਹੀ ਗਈ ਸੀ ਪਰ ਫਿਰ ਜਦੋਂ ਤਰਕਸ਼ੀਲ ਕਲਚਰਲ ਸੁਸਾਇਟੀ ਦੇ ਮੈਂਬਰਾਂ ਨੂੰ ਮਿਲੀ ਤਾਂ ਮੇਰੇ ਮਨ ਵਿਚ ਦੱਬੀ ਕਲਾਕਾਰ ਤੇ ਨਾਟਕਕਾਰ ਦੀ ਰੂਹ ਦੁਬਾਰਾ ਜਾਗ ਉੱਠੀ। ਮੈਂ ਉਦੋਂ ਹੀ ਆਪਣੇ ਕੰਮ ਵਿਚ ਜੁਟ ਗਈ। ਨਾਟਕ ਕਰਦਿਆਂ ਫਿਰ ਸੋਚਿਆ ਕਿ ਨਾਟਕ ਆਪਣੇ ਆਲੇ ਦੁਆਲੇ ਦੇ ਮੁਤਾਬਕ ਇੱਥੋਂ ਦੇ ਲੋਕਾਂ ਦੇ ਰਹਿਣ ਸਹਿਣ, ਖ਼ੁਸ਼ੀਆਂ ਗ਼ਮੀਆਂ, ਮੁਸ਼ਕਲਾਂ, ਜੀਵਨ ਦੇ ਸੰਘਰਸ਼, ਲੋਕਾਂ ਦੇ ਦਰਪੇਸ਼ ਮਸਲਿਆਂ ਨੂੰ ਰੰਗ ਮੰਚ ਤੇ ਲਿਆ ਕੇ ਇਸ ਤਰ੍ਹਾਂ ਪੇਸ਼ ਕੀਤਾ ਜਾਵੇ ਕਿ ਪੰਜਾਬੀ ਭਾਈਚਾਰਾ ਇਹਨਾਂ ਗੰਭੀਰ ਮਸਲਿਆਂ ਬਾਰੇ ਚਿੰਤਤ ਹੋਵੇ ਤੇ ਇਹਨਾਂ ਤੇ ਵਿਚਾਰ ਵਟਾਂਦਰਾ ਕਰ ਸਕੇ। ਤਰਕਸ਼ੀਲ ਸੁਸਾਇਟੀ ਦੀ ਹੱਲਾਸ਼ੇਰੀ ਨੇ ਮੈਨੂੰ ਅਜਿਹੀ ਚੁਆਤੀ ਲਾ ਦਿੱਤੀ ਕਿ ਹਰੇਕ ਸਾਲ ਨਵਾਂ ਨਾਟਕ ਲਿਖਣ ਦੀ

ਉਤੇਜਨਾ ਲਗਾਤਾਰ ਚਲ ਰਹੀ ਹੈ। ਇਸ ਤੋਂ ਇਲਾਵਾ ਮੈਂ ਹੋਰ ਸੰਸਥਾਵਾਂ ਈਸਟ ਇੰਡੀਅਨ ਡਿਫੈਂਸ ਕਮੇਟੀ, ਪ੍ਰੋਗਰੈਸਿਵ ਨਾਰੀ ਕਲਚਰਲ ਐਸੋਸੀਏਸ਼ਨ ਤੇ ਸੰਗਮ ਸਿਸਟਰਜ਼ ਦੀ ਵੀ ਬਹੁਤ ਧੰਨਵਾਦੀ ਹਾਂ ਕਿ ਉਹਨਾਂ ਨੇ ਵੀ ਆਪਣੇ ਪ੍ਰੋਗਰਾਮਾਂ ਤੇ ਨਾਟਕਾਂ ਦੀ ਜ਼ਿੰਮੇਵਾਰੀ ਮੈਨੂੰ ਦੇ ਕੇ ਨਾਟਕ ਲਿਖਣ ਦਾ ਮਾਣ ਦਿੱਤਾ। ਜਿਸ ਨਾਲ ਮੈਂ ਆਪਣੇ ਅੰਦਰ ਪਈਆਂ ਰੀਝਾਂ ਨੂੰ ਇਕ ਸਾਹਿਤ ਦਾ ਰੂਪ ਦੇ ਕੇ ਦਰਸ਼ਕਾਂ ਤੇ ਪਾਠਕਾਂ ਦੇ ਰੂਬਰੂ ਕਰਨ ਦੀ ਖ਼ੁਸ਼ੀ ਲੈ ਸਕੀ ਹਾਂ।

'ਬਲ਼ਦੇ ਬਿਰਖ' ਨਾਟ-ਸੰਗ੍ਰਹਿ ਵਿਚ ਲਘੂ ਨਾਟਕ ਤੇ ਸਕਿੱਟਾਂ ਸ਼ਾਮਿਲ ਕੀਤੀਆਂ ਹਨ। ਜ਼ਿਆਦਾਤਰ ਨਾਟਕ ਕੈਨੇਡਾ ਦੀ ਜ਼ਿੰਦਗੀ ਨਾਲ ਜੁੜੇ ਹੋਏ ਹਨ। ਇਨ੍ਹਾਂ ਦੀਆਂ ਇਕਾਂਗੀਆਂ ਜਾਂ ਸਕਿੱਟਾਂ ਦੇ ਰੂਪ ਵਿਚ ਪੇਸ਼ ਹੋਣਾ ਕੈਨੇਡਾ ਦੀ ਭੱਜ ਦੌੜ ਦੀ ਜ਼ਿੰਦਗੀ ਦਾ ਹੀ ਕਾਰਣ ਹੈ ਕਿ ਲੋਕਾਂ ਕੋਲ ਵੱਡੇ ਵੱਡੇ ਲੰਬੇ ਨਾਟਕ ਦੇਖਣ ਦਾ ਸਮਾਂ ਹੀ ਨਹੀਂ ਹੁੰਦਾ ਉਹ ਤਾਂ ਮੁਸ਼ਕਲ ਨਾਲ ਸਮਾਂ ਕੱਢਦੇ ਹਨ। ਉਨ੍ਹਾਂ ਦੀ ਲੋੜ ਨੂੰ ਮੁੱਖ ਰੱਖਕੇ ਹੀ ਇਹ ਲਿਖਣ ਦਾ ਯਤਨ ਹੋਇਆ ਹੈ। ਇਨ੍ਹਾਂ ਨਾਟਕਾਂ ਦੇ ਪਾਤਰ ਆਮ ਜਿਹੀ ਜ਼ਿੰਦਗੀ ਜਿਉਂ ਰਹੇ ਹਨ, ਉਨ੍ਹਾਂ ਦੀਆਂ ਵੱਡੀਆਂ ਖ਼ਾਹਿਸ਼ਾਂ ਵੀ ਨਹੀਂ ਪਰ ਫਿਰ ਵੀ ਉਹ ਕਿਵੇਂ ਇਨ੍ਹਾਂ ਬੁਰਾਈਆਂ ਦੀ ਜਕੜ ਵਿਚ ਮਾਨਸਿਕ ਤੌਰ ਤੇ ਟੁੱਟੇ ਜ਼ਿੰਦਗੀ ਨੂੰ ਢੋਅ ਰਹੇ ਹਨ।

'ਬਲ਼ਦੇ ਬਿਰਖ' ਨਾਟਕ ਵਿਚ ਨਵੀਂ ਪੀੜ੍ਹੀ ਨੂੰ ਤਬਾਹ ਕਰਨ ਦੀਆਂ ਕੋਸ਼ਿਸ਼ਾਂ ਵਿਚ ਲੱਗੀਆਂ ਲੁਟੇਰੀਆਂ ਜਮਾਤਾਂ ਵੱਲ ਉਂਗਲ ਹੈ। 'ਬਲ਼ ਰਹੇ ਬਿਰਖਾਂ ਨੂੰ ਨਵੀਂ ਪਿਉਂਦੇ ਦੇ ਕੇ ਵਧੀਆ ਜੀਵਨ ਵੱਲ ਧੱਕਣਾ ਹੀ ਇਕ ਨਿਮਾਣੀ ਜਿਹੀ ਕੋਸ਼ਿਸ਼ ਹੈ। "ਭਲਾ ਮੈਂ ਕੌਣ" ਇਕ ਬੱਚੀ ਦੀ ਵੇਦਨਾ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਹੈ ਕਿ ਉਹ ਲੋਕਾਂ ਦੇ ਮਨਾਂ 'ਚ ਖੁੱਭੀ ਮਾਨਸਿਕ ਬੁਰਾਈ ਤੋਂ ਨਿਯਾਤ ਪਾ ਸਕੇ।

'ਬਾਬਿਆਂ ਦੀ ਫੁੱਲ ਕ੍ਰਿਪਾ', 'ਲਾਲਸਾ', 'ਨਾ ਤੁਰਿਓ ਇਸ ਰਾਹ' ਤਰਕਸ਼ੀਲ ਵਿਸ਼ਿਆਂ ਨਾਲ ਜੁੜੇ ਹੋਏ ਨਾਟਕ ਹਨ। ਇਨ੍ਹਾਂ ਵਿਚ ਇਨ੍ਹਾਂ ਦੇ ਬਹਿਰੂਪੀਏ ਰੂਪ ਨੂੰ ਅੱਗੇ ਲਿਆ ਕੇ ਇਕ ਰੌਸ਼ਨੀ ਪੈਦਾ ਕਰਨਾ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੇ ਲੁੱਟ ਚੌਂਘ ਦੇ ਵਿਉਪਾਰੀਆਂ ਦਾ ਪਰਦਾਫ਼ਾਸ਼ ਜ਼ਰੂਰ ਹੋਵੇ। 'ਕਾਗਜ਼ ਦੇ ਫ਼ੁੱਲ', 'ਬਿੱਖੜੇ ਰਾਹੀਂ ਰੁਲ ਗਈਆਂ 'ਆਰਥਿਕ ਤੰਗੀਆਂ ਦੇ ਤਹਿਤ, ਰਿਸ਼ਤਿਆਂ ਦੀ ਭੰਨ ਤੋੜ 'ਚ ਕੁਚਲੀ ਜਾਂਦੀ ਔਰਤ ਦੀਆਂ ਸਮੱਸਿਆਵਾਂ, ਆਪਸੀ ਕੁੜੱਤਣ ਦੇ ਅਸਲੀ ਕਾਰਨਾਂ ਤੱਕ ਪਹੁੰਚਣ ਦੀ ਕੋਸ਼ਿਸ਼ ਹੈ ਤੇ ਰਿਸ਼ਤਿਆਂ ਦੀ ਕਦਰ ਕਰਨ ਦੀ ਅਪੀਲ ਵੀ ਹੈ। ਅੱਜ ਦੇ ਯੁੱਗ ਵਿਚ ਮਨੁੱਖ ਐਨਾ ਪ੍ਰੈਕਟੀਕਲ ਹੋ ਗਿਆ ਹੈ ਕਿ ਉਸ ਵਿਚੋਂ ਮੋਹ, ਪਿਆਰ ਹਮਦਰਦੀ ਤੇ ਭਰੱਪਣ ਜਿਸਨੇ ਮਨੁੱਖਤਾ ਨੂੰ ਜੋੜਨਾ ਹੈ, ਉਹ ਭਾਵਨਾਵਾਂ ਖ਼ਤਮ ਹੋ ਰਹੀਆਂ ਹਨ। ਇਨ੍ਹਾਂ ਸਾਰੇ ਨਾਟਕਾਂ ਵਿਚ ਲਾਲਚ, ਝੂਠੀ



ਸ਼ੋਹਰਤ, ਅਣਜੋੜ ਅਤੇ ਮਤਲਬ ਦੇ ਰਿਸ਼ਤਿਆਂ ਨਾਲ ਮਨੁੱਖਤਾ ਖੇਰੂੰ ਖੇਰੂੰ ਹੋ ਰਹੀ ਹੈ। ਨਾਟਕ 'ਉਪਾਅ' ਵਿਚ ਨਸ਼ਿਆਂ ਵਿਚ ਗ੍ਰਸੀ ਅੱਜ ਦੀ ਜਵਾਨੀ ਦਾ ਫਾਇਦਾ ਲੈਣ ਵਾਲੇ ਕਿਵੇਂ ਲੁੱਟ ਚੌਂਘ ਕਰਕੇ ਆਪਣੀਆਂ ਝੋਲੀਆਂ ਭਰ ਰਹੇ ਹਨ। 'ਆਖ਼ਰੀ ਖਾਹਸ਼' ਇਕ ਇਤਿਹਾਸਕ ਨਾਟਕ ਹੈ ਜੋ ਸਾਨੂੰ ਸਾਡੇ ਵਿਰਸੇ ਤੇ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ, ਜੀਵਨ ਸੰਘਰਸ਼ ਦੀ ਯਾਦ ਨੂੰ ਤਾਜ਼ਾ ਕਰਦਾ ਹੈ। 'ਸਿਆਸਤ ਵੋਟਾਂ ਦੀ' ਵਿਚ ਵੋਟ ਸਿਸਟਮ ਦੀਆਂ ਤੰਦਾਂ ਨੂੰ ਇਕੋ ਇਕ ਕਰਕੇ ਖੋਲ੍ਹਣ ਦਾ ਯਤਨ ਹੈ ਤੇ ਇਨ੍ਹਾਂ ਪ੍ਰਤੀ ਲੋਕਾਂ ਦਾ ਮਾਨਸਿਕ ਰਵੱਈਆ ਬਿਆਨ ਕੀਤਾ ਹੈ। 'ਇਕ ਜੰਗ ਹੋਰ' ਇਕ ਛੋਟੀ ਜਿਹੀ ਸਕਿੱਟ ਹੈ ਜੋ ਵੱਡੇ ਵੱਡੇ ਸਵਾਲ ਪੈਦਾ ਕਰਦੀ ਹੈ। 'ਲਕੀਰਾਂ ਦੇ ਪਾਰ' ਘਸੇ ਪਿਟੇ ਰੀਤੀ ਰਿਵਾਜ਼ਾਂ ਤੇ ਸਭਿਆਚਾਰ ਤੋਂ ਛੁਟਕਾਰਾ ਪਾਉਣ ਦਾ ਸੁਨੇਹਾ ਹੈ।

ਬਾਕੀ ਨਾਟਕਾਂ ਵਿਚ ਕੀ ਹੈ? ਕੀ ਨਹੀਂ? ਇਸਦੇ ਪਾਠਕਾਂ ਨੇ ਫ਼ੈਸਲਾ ਕਰਨਾ ਹੈ। ਮੇਰੀ ਤਾਂ ਨਿਮਾਣੀ ਜਿਹੀ ਕੋਸ਼ਿਸ਼ ਹੈ ਪਰ ਤੁਹਾਡਾ ਹਰ ਤਰ੍ਹਾਂ ਦਾ ਫ਼ੈਸਲਾ ਸਿਰ ਮੱਥੇ ਹੋਵੇਗਾ।

**-ਪਰਮਿੰਦਰ ਕੌਰ ਸਵੈਚ**

# ਸਿਆਸਤ ਵੋਟਾਂ ਦੀ



## ਪਾਤਰ

| | | |
|---|---|---|
| ਨਛੱਤਰ ਸਿੰਘ | – | ਉਮਰ 40 ਸਾਲ |
| ਗੁਰਮੀਤ ਕੌਰ | – | ਨਛੱਤਰ ਸਿੰਘ ਦੀ ਪਤਨੀ |
| ਹਰਨਾਮ ਕੌਰ | – | ਨਛੱਤਰ ਸਿੰਘ ਦੀ ਮਾਂ |
| ਜਸਮੇਲ ਕੌਰ | – | ਗੁਰਮੀਤ ਕੌਰ ਦੀ ਮਾਂ |
| ਅਨਮੋਲ | – | ਗੁਰਮੀਤ ਕੌਰ ਦੀ ਬੇਟੀ |
| ਸ਼ਿੰਦਰ ਸਿੰਘ | – | ਨਛੱਤਰ ਦਾ ਦੋਸਤ (40 ਸਾਲ) |
| ਮਨਜੀਤ ਸਿੰਘ | – | ਨਛੱਤਰ ਦਾ ਦੋਸਤ (40 ਸਾਲ) |
| ਬਲਵੰਤ ਸਿੰਘ | – | ਨਛੱਤਰ ਦਾ ਦੋਸਤ (50 ਸਾਲ) |
| ਬਲਦੇਵ ਸਿੰਘ | – | ਨਛੱਤਰ ਦਾ ਦੋਸਤ (50 ਸਾਲ) |
| ਅਵਾਜ਼ | – | ਉਮਰ 40 ਸਾਲ |
| ਅਵਾਜ਼ | – | ਉਮਰ 40 ਸਾਲ |
| ਅਵਾਜ਼ | – | ਉਮਰ 40 ਸਾਲ |

## ਦ੍ਰਿਸ਼ ਪਹਿਲਾ

*(ਸਟੇਜ ਤੇ ਲਾਈਟਾਂ ਜਗਦੀਆਂ ਹਨ ਤਾਂ ਸਟੇਜ 'ਤੇ ਮਨਜੀਤ ਤੇ ਸ਼ਿੰਦਰ ਗੱਲਾਂ ਕਰਦੇ ਤੁਰੇ ਜਾਂਦੇ ਹਨ। ਸ਼ਿੰਦਰ ਲੀਡਰ ਦਾ ਪੂਰਾ ਸਪੋਰਟਰ ਹੈ ਪਰ ਮਨਜੀਤ ਸ਼ਰਾਬ ਦਾ ਪਿਆਕੜ ਹੈ ਇਸ ਲਈ ਨਾਲ ਵਰਿਆ ਹੋਇਆ ਹੈ। ਉਹਨਾਂ ਦੇ ਹੱਥਾਂ ਵਿਚ ਵੋਟਰਾਂ ਦੇ ਨਾਵਾਂ ਦੀਆਂ ਫਾਈਲਾਂ ਹਨ।)*

ਸ਼ਿੰਦਰ : ਮਨਜੀਤ ਕੱਲ੍ਹ ਫਿਰ ਕੀਹਨੂੰ ਕੀਹਨੂੰ ਕੀਤੇ ਫ਼ੋਨ ਵੋਟਾਂ ਲਈ। ਤੈਨੂੰ ਦੱਸਿਆ ਸੀ ਬਈ ਆਪਣੇ ਕੈਂਡੀਡੇਟ ਨੇ ਆਉਣਾ। ਉਹਦੇ ਲਈ ਵੀ ਆਪਣੇ ਭਾਈਬੰਦਾਂ ਨੂੰ ਕਹਿਣਾ ਸੀ।

ਮਨਜੀਤ : ਕਿਹਾ ਤਾਂ ਸੀ ਕਈਆਂ ਨੂੰ ਵੋਟਾਂ ਲਈ ਤੇ ਹਾਲ ਤੇ ਪਹੁੰਚਣ ਲਈ ਵੀ।

ਸ਼ਿੰਦਰ : ਉਹਨਾਂ ਦਾ response ਕਿਹੋ ਜਿਹਾ ਸੀ।

ਮਨਜੀਤ : ਕਹਿੰਦੇ ਤਾਂ ਸਭ ਇਹੀ ਸੀ ਕਿ ਜਿਥੇ ਤੁਸੀਂ ਕਹੋਗੇ, ਉਥੇ ਹੀ ਪਾ ਦਿਆਂਗੇ।

ਸ਼ਿੰਦਰ : ਫਿਰ ਤਾਂ ਮੈਨੂੰ ਆਪਣੀ ਪਾਰਟੀ ਦੀ ਜਿੱਤਣ ਦੀ ਪੂਰੀ ਆਸ ਐ।

ਮਨਜੀਤ : ਜਿੱਤੂ ਕਿਵੇਂ ਨਾ, ਆਪਾਂ ਦਿਨ ਰਾਤ ਵੀ ਤਾਂ ਇਕ ਕੀਤਾ ਹੋਇਆ।

ਸ਼ਿੰਦਰ : ਜ਼ੋਰ ਤਾਂ ਦੂਜੀਆਂ ਪਾਰਟੀਆਂ ਨੇ ਵੀ ਬਥੇਰਾ ਲਾਇਆ ਹੋਇਆ। ਕਹਿੰਦੇ ਨੇ ਗਰਾਫ ਤਾਂ ਉਹਨਾਂ ਦਾ ਉੱਪਰ ਨੂੰ ਜਾ ਰਿਹੈ।

ਮਨਜੀਤ : ਵੋਟਾਂ ਵੇਲੇ ਐਹੋ ਜਿਹੀਆਂ ਅਫ਼ਵਾਹਾਂ ਤਾਂ ਉੱਡਦੀਆਂ ਹੀ ਰਹਿੰਦੀਆਂ ਨੇ। ਕਦੇ ਕੋਈ ਪਾਰਟੀ ਉੱਪਰ, ਕਦੇ ਕੋਈ।

ਸ਼ਿੰਦਰ : ਪਰ ਮੀਡੀਏ ਨੇ ਤਾਂ ਉਹਨਾਂ ਦੀ ਹੀ ਰਟ ਲਾਈ ਹੋਈ ਹੈ।

ਮਨਜੀਤ : ਉਹ ਤਾਂ ਕੋਈ ਨੀ, ਜਿੱਧਣ ਆਪਾਂ ਨੇ ਕੋਈ ਪੱਤਾ ਫੈਂਕਤਾ, ਉੱਧਣ ਮੀਡੀਆ ਆਪਣਾ ਹੋਜੂ, ਆਪਣੀਓ ਗੱਲ ਕਰੂ, ਫੇਰ ਤਾਂ।



ਸ਼ਿੰਦਰ : ਮਨਜੀਤ ਅਫ਼ਵਾਹਾਂ ਦੀ ਤਾਂ ਆਪਾਂ ਨੂੰ ਪ੍ਰਵਾਹ ਵੀ ਨਹੀਂ ਕਰਨੀ ਚਾਹੀਦੀ।

ਮਨਜੀਤ : ਪ੍ਰਵਾਹ ਤਾਂ ਕਾਹਦੀ, ਇਹ ਤਾਂ ਦੋ ਸਾਨ੍ਹਾਂ ਦਾ ਭੇੜ ਆ ਇਕ ਨੇ ਤਾਂ ਜਿੱਤਣਾ ਈ ਆ।

ਸ਼ਿੰਦਰ : ਆਪਾਂ ਅੱਜ ਦਫ਼ਤਰ 'ਚ ਬੈਠ ਕੇ ਲੋਕਾਂ ਨੂੰ ਜਦੋਂ ਫ਼ੋਨ ਕਰਾਂਗੇ ਉਦੋਂ ਲੋਕਾਂ ਦੀ ਉੱਘ ਸੁੱਘ ਨਿਕਲੂ ਕਿ ਹੁਣ ਹਵਾ ਦਾ ਰੁੱਖ ਕਿਹੜਾ ਆ।

ਮਨਜੀਤ : ਚੱਲ ਆ, ਜਾਂਦੇ ਜਾਂਦੇ ਨਛੱਤਰ ਨੂੰ ਵੀ ਲੈ ਚੱਲੀਏ।

ਸ਼ਿੰਦਰ : ਕਰ ਫਿਰ ਨਛੱਤਰ ਨੂੰ ਫੋਨ।

ਮਨਜੀਤ : (ਮਨਜੀਤ ਫ਼ੋਨ ਕਰਦਾ ਹੈ) ਹੋ ਗਿਆ ਬਈ ਤਿਆਰ ਫਿਰ, ਚੱਲੀਏ। ਲਾ ਆਈਏ ਫਿਰ ਦੋ ਘੰਟੇ।

ਨਛੱਤਰ : *(ਬਾਹਾਂ ਦੇ ਕੱਫ ਠੀਕ ਕਰਦਾ ਆਉਂਦਾ ਹੈ)* ਆ ਗਿਆ, ਆ ਗਿਆ। ਕੰਮ ਤੋਂ ਆ ਕੇ ਬੱਸ ਪਿੰਡੇ ਪਾਣੀਓਂ ਪਾਇਆ ਕੰਮ ਤੇ ਵੀ ਬੱਸ ਹੋ ਜਾਂਦੀਆ।

ਸ਼ਿੰਦਰ : ਉਹ ਤਾਂ ਠੀਕ ਐ ਪਰ ਭੈਣ ਭਾਈ ਦੇ ਮੂੰਹ ਨੂੰ ਐਹੋ ਜਿਹਾ ਟਾਈਮ ਕੱਢਣਾ ਵੀ ਪੈਂਦੈ।

ਮਨਜੀਤ : ਤੇਰੇ ਕੰਮ ਤੇ ਕਿਵੇਂ ਆ। ਕਹਿੰਦੇ ਹੋਣੇ ਨੇ ਵਈ ਵੋਟ ਕਿੱਧਰ ਪਾਉਣੀ ਆ।

ਨਛੱਤਰ : ਕੰਮ ਤੇ ਤਾਂ ਆਹ ਵੋਟਾਂ ਕਰਕੇ ਦੋ ਬੰਦੇ ਆਪਸ ਵਿਚ ਹੀ ਫਸਗੇ। ਇਕ ਕਹੇ ਉਹ ਪਾਰਟੀ ਵਧੀਆ, ਦੂਜਾ ਕਹੇ ਦੂਜੀ ਵਧੀਆ। ਦੋਨੋਂ ਆਪਸ ਵਿਚ ਵੱਧੋ ਘੱਟ।

ਸ਼ਿੰਦਰ : ਫੇਰ ਕੀ ਹੋਇਆ?

ਨਛੱਤਰ : ਹੋਣਾ ਕੀ ਸੀ। ਉਦੋਂ ਤਾਂ ਬੰਦਿਆਂ ਨੇ ਵਿਚ ਪੈ ਕੇ ਹਟਾਏ। ਬਾਅਦ ਵਿਚ ਬੌਸ ਨੇ ਵਾਰਨਿੰਗ ਦਿੱਤੀ ਬਈ ਤੁਸੀਂ ਕੰਮ ਤੇ ਵੋਟਾਂ ਦੀਆਂ ਗੱਲਾਂ ਹੀ ਨਹੀਂ ਕਰ ਸਕਦੇ।

ਮਨਜੀਤ : ਬਈ ਲੋਕ ਵੀ ਬੱਸ ਭੋਂਦੂ ਏ ਨੇ।

ਸ਼ਿੰਦਰ : ਉਹ ਕਿਵੇਂ?

ਨਛੱਤਰ : ਜਿੱਤਣ ਵਾਲਿਆਂ ਨੇ ਜਿੱਤ ਜਾਣੈ, ਅਗਲਿਆਂ ਨੇ ਤਾਂ ਆਪਣੀਆਂ ਤਨਖਾਹਾਂ, ਆਵਦੇ ਕੋਟੇ ਲੈ ਕੇ ਔਹ ਗਏ, ਔਹ ਗਏ ਮੁੜ ਕੇ ਚਾਰ ਸਾਲ ਇਹਨਾਂ ਦੀ ਕਿਸੇ ਨੇ ਬਾਤ ਨੀਂ ਪੁੱਛਣੀ। ਇਹ ਐਵੇ ਲੜ ਲੜ ਮਰੀ ਜਾਂਦੇ ਨੇ।

ਮਨਜੀਤ : ਗੱਲ ਤਾਂ ਤੇਰੀ ਠੀਕ ਐ। (ਗੁੱਝੀ ਜਿਹੀ ਹਾਸੀ ਨਾਲ) ਨਾ ਸ਼ਿੰਦਰਾ ਥੋਂਨੂੰ ਕਾਹਦਾ ਕੌਂਟਰੈਕਟ ਮਿਲਣ ਦੀ ਆਸ ਆ ਐਂਤਕੀ।

ਸ਼ਿੰਦਰ : *(ਅੱਖ ਜਿਹੀ ਬਚਾ ਕੇ)* ਕੁਛ ਨੀਂ, ਕੁਛ ਨੀਂ ਆਪਣਾ ਤਾਂ ਸ਼ੁਗਲ ਮੇਲਾ ਈ ਆ। ਆਹ ਚਾਰ ਦਿਨ ਭੈਣ ਭਾਈ ਦੀ ਹੈਲਪ ਕਰ ਦੇਈਦੀ ਐ।

ਨਛੱਤਰ : ਪਿਛਲੀ ਵਾਰੀ ਤਾਂ ਆਪਣੇ ਉਮੀਦਵਾਰ ਨੇ ਬੜੇ ਮਸ਼ਹੂਰ ਜੋਤਸ਼ੀ ਤੋਂ ਨਗ ਪਵਾਇਆ ਸੀ, ਜਿੱਤਿਆ ਫੇਰ ਵੀ ਨੀ ਯਾਰ!

ਮਨਜੀਤ : ਉਹਨੂੰ ਕੱਲਾ ਨਗ ਜਿਤਾ ਦੂ। ਜਿੱਤਣਾ ਕਿੱਥੋਂ ਸੀ, ਉਦੋਂ ਆਪਾਂ ਨੀ ਸੀ ਤੁਰੇ ਨਾਲ— ਐਤਕੀਂ ਦੇਖੀ ਤੂੰ।

ਸ਼ਿੰਦਰ : ਠੀਕ ਐ, ਆ ਜਾ ਹੁਣ ਲਾ ਆਈਏ ਚਾਰ ਘੰਟੇ ਕਰ ਲਈਏ ਕੰਮ।

*(ਇੰਨੇ ਨੂੰ ਦਫਤਰ ਵਿਚ ਪਹੁੰਚਦੇ ਹਨ।)*

## ਦ੍ਰਿਸ਼ ਦੂਜਾ

ਸਥਾਨ : ਕੈਨੇਡਾ ਵਿਚ ਇਕ ਪੰਜਾਬੀ ਪਰਿਵਾਰ ਦਾ ਬੈਠਣ ਵਾਲਾ ਕਮਰਾ

(ਗੁਰਮੀਤ ਦੇ ਹੱਥ ਵਿਚ ਪਰਸ ਤੇ ਲੰਚ ਕਿਟ ਹੈ ਤੇ ਕੰਮ ਵਾਲੇ ਕੱਪੜੇ ਪਾਏ ਹੋਏ ਹਨ। ਉਸਦੀ ਬੇਟੀ ਖੜਕਾ ਸੁਣਕੇ ਅੰਦਰੋਂ ਬਾਹਰ ਆਉਂਦੀ ਹੈ।)

ਅਨਮੋਲ : ਹਾਏ ਮਾਮ।

ਗੁਰਮੀਤ : ਹਾਏ, ਅਨਮੋਲ ਤੇਰੇ ਡੈਡ ਅੱਜ ਅਜੇ ਕੰਮ ਤੋਂ ਨੀਂ ਆਏ?

ਅਨਮੋਲ : ਆਏ ਸੀ ਨਹਾ ਕੇ ਚਲੇ ਗਏ।

ਗੁਰਮੀਤ : ਦੱਸ ਕੇ ਨਹੀਂ ਗਏ, ਕਿੱਥੇ ਗਏ ਨੇ?

ਅਨਮੋਲ : ਮਨਜੀਤ ਅੰਕਲ ਆਏ ਸੀ, ਗੱਲਾਂ ਕਰਦੇ ਸੀ ਵੋਟਾਂ ਵਾਲਿਆਂ ਨਾਲ ਜਾਣਾ।

ਗੁਰਮੀਤ : ਮੈਂ ਨਾਲੇ ਸਵੇਰੇ ਕਹਿ ਕੇ ਗਈ ਆਂ ਬਈ ਘਾਹ ਕੱਟਿਓ, ਗੋਡੇ ਗੋਡੇ ਹੋਇਆ ਪਿਐ। ਮੇਰਾ ਹੁਣ ਆਹ ਚਾਰ ਦਿਨਾਂ ਦਾ ਓਵਰ ਟਾਈਮ ਲੱਗਣ ਲੱਗਿਐ, ਪਹਿਲਾਂ ਉਹ ਵੀ ਛੁੱਟੀਆਂ ਈ ਕਰਾ ਕੇ ਰੱਖਦੇ ਸੀ। ਕੰਮ ਦਾ ਵੀ ਲਾਲਚ ਹੋ ਜਾਂਦੇ, ਬਈ ਪੈਸਿਆਂ ਨਾਲ ਕੋਈ ਖੱਲ ਖੂੰਜਾ ਹੀ ਭਰ ਹੋਊਗਾ।



ਅਨਮੋਲ : ਮਾਮ, ਮੈਂ ਤੁਹਾਡੇ ਲਈ ਚਾਹ ਬਣਾ ਦਿੱਤੀ ਹੈ। ਲੈ ਕੇ ਆਵਾਂ।

ਗੁਰਮੀਤ : ਲਿਆ ਪੁੱਤ, ਮੈਂ ਤਾਂ ਅੱਜ ਥੱਕੀ ਪਈ ਆਂ। ਅੱਜ ਕਿਸੇ ਦਾ ਫ਼ੋਨ ਨੀ ਆਇਆ?

ਅਨਮੋਲ : ਮਾਮ ਤੁਸੀਂ ਫ਼ੋਨ ਆਏ ਦੀ ਗੱਲ ਕਰਦੇ ਓਂ, ਫ਼ੋਨ ਤਾਂ ਅੱਜ ਬੰਦ ਈ ਨੀ ਹੋਏ।

ਗੁਰਮੀਤ : ਕਿਉਂ, ਕੀਹਦੇ ਕੀਹਦੇ ਫ਼ੋਨ ਆਏ?

ਅਨਮੋਲ : ਨਾਨੀ ਦਾ ਫ਼ੋਨ ਵੀ ਆਇਆ ਸੀ ਪਰ ਬਾਕੀ ਤਾਂ ਸਭ ਵੋਟਾਂ ਵਾਲਿਆਂ ਦੇ ਈ ਸੀ। ਪੁੱਛੀ ਜਾਂਦੇ ਸੀ ਕਿ ਤੁਸੀਂ ਕਿਹੜੀ ਪਾਰਟੀ ਨੂੰ ਪਸੰਦ ਕਰਦੇ ਉਂ। ਕੀਹਨੂੰ ਵੋਟ ਪਾਉਣੀ ਹੈ?

ਗੁਰਮੀਤ : ਤੂੰ ਕੀ ਕਿਹਾ?

ਅਨਮੋਲ : ਮੈਂ ਤਾਂ ਆਈ ਡੌਂਟ ਨੋ ਕਹਿ ਦਿੱਤਾ।

ਗੁਰਮੀਤ : ਆਈ ਡੌਂਟ ਨੋ ਕਾਹਨੂੰ ਕਹਿਣਾ ਸੀ, ਕਹਿਣਾ ਸੀ, ਜਿਹੜਾ ਥੋਡੇ ਨਾਲ ਤੁਰਿਆ ਫਿਰਦੈ, ਉਸੇ ਨੂੰ ਲੀਡਰੀ ਦੇ ਕੇ ਤੋਰ ਦਿਓ। ਬਾਕੀਆਂ ਨੂੰ ਤਾਂ ਕੋਈ ਘਰ ਦਾ ਕੰਮ ਕਰ ਲੈਣ ਦਿਓ।

ਅਨਮੋਲ : ਮਾਮ ਇਹ ਬੌਂਦਰ ਬਹੁਤ ਕਰਦੇ ਆ।

ਗੁਰਮੀਤ : ਤੂੰ ਫ਼ੋਨ ਨਾ ਚੱਕਦੀ, ਬੀਬੀ ਅੱਜ ਘਰ ਨਹੀਂ ਹੋਣੀ?

ਅਨਮੋਲ : ਨਹੀਂ, ਮੇਰਾ ਤਾਂ ਅੱਜ ਸੌਕਰ ਟਰਾਈ ਆਊਟ ਵਾਲਿਆਂ ਦਾ ਫ਼ੋਨ ਆਉਣਾ ਸੀ। ਮੈਂ ਤਾਂ, ਤਾਂ ਚੱਕਦੀ ਸੀ ਕਿ ਸ਼ਾਇਦ ਉਹਨਾਂ ਦਾ ਨਾ ਹੋਵੇ। ਨਹੀਂ ਤਾਂ ਆਈ ਡੌਂਟ ਕੇਅਰ ਅਬਾਊਟ ਦੀਜ਼ ਸਟੂਪਿਡ ਵੋਟਸ।

ਗੁਰਮੀਤ : ਚੰਗਾ ਪੁੱਤ ਲਿਆ ਮੈਨੂੰ ਫ਼ੋਨ ਦੇ। ਮੈਂ ਤੇਰੀ ਨਾਨੀ ਨੂੰ ਫ਼ੋਨ ਕਰਾਂ। *(ਅਨਮੋਲ ਫ਼ੋਨ ਲਿਆ ਕੇ ਦਿੰਦੀ ਹੈ ਤੇ ਉਹ ਫ਼ੋਨ ਕਰਨ ਲੱਗਦੀ ਹੈ, ਦੋ ਕੁ ਰਿੰਗਾਂ ਹੋ ਕੇ ਨਾਨੀ ਚੱਕਦੀ ਹੈ।* ਪਿੱਛਿਓਂ)

ਜਸਮੇਲ : ਹੈਲੋ!

ਗੁਰਮੀਤ : ਮਾਂ ਮੈਂ ਬੋਲਦੀ ਆਂ। ਗੁਰਮੀਤ

(ਇੰਨੇ ਨੂੰ ਅਨਮੋਲ ਆਪਦੀ ਮੰਮੀ ਨੂੰ ਤੈਹਾਂ ਮਾਰਨ ਲਈ ਕੱਪੜੇ ਲਿਆ ਕੇ ਦਿੰਦੀ ਹੈ। ਉਹ ਫ਼ੋਨ ਤੇ ਨਾਲੇ ਗੱਲਾਂ ਕਰੀ ਜਾਂਦੀ ਹੈ ਤੇ ਨਾਲੇ ਕੱਪੜਿਆਂ ਦੀਆਂ ਤੈਹਾਂ ਮਾਰੀ ਜਾਂਦੀ ਹੈ।)

ਜਸਮੇਲ : ਅੱਛਿਆ, ਧੀਏ ਕੀ ਹਾਲ ਹੈ?

ਗੁਰਮੀਤ : ਮਾਂ ਤੁਸੀਂ ਤੇ ਪਾਪਾ ਜੀ ਡਾਕਟਰ ਦੇ ਗਏ ਸੀ ਉਹ ਕੀ ਕਹਿੰਦਾ? ਮਾਂ ਵਿਚ ਫ਼ੋਨ ਆ ਇਕ ਮਿੰਟ ਹੋਲਡ ਕਰੀਂ। *(ਬਟਨ ਦਬਾ ਕੇ*

*ਦੂਸਰੇ ਪਾਸੇ)* ਹੈਲੋ!

ਅਵਾਜ਼ : ਅਸੀਂ ਜੀ ਪੀਪਲਜ਼ ਪਾਰਟੀ ਤੋਂ ਫ਼ੋਨ ਕਰਦੇ ਸੀ। ਤੁਸੀਂ ਜੀ ਸਾਡੀ ਪਾਰਟੀ ਨੂੰ ਵੋਟ ਪਾਉਣੀ।

ਗੁਰਮੀਤ : ਹਾਂ ਜੀ ਪਾ ਦਿਆਂਗੇ।

ਅਵਾਜ਼ : ਜਰੂਰ ਪਾਇਓ ਜੀ, ਕੋਈ ਹੋਰ ਸੇਵਾ ਹੋਵੇ ਤਾਂ ਦੱਸਿਓ।

ਗੁਰਮੀਤ : ਓ.ਕੇ *(ਕਹਿ ਕੇ ਕੱਟ ਦਿੰਦੀ ਹੈ ਤੇ ਦੂਸਰੇ ਪਾਸੇ ਫ਼ੋਨ ਕਰਦੀ ਹੈ।) ਹੈਲੋ!*

ਜਸਮੇਲ : ਧੀਏ ਜੇ ਉੱਧਰ ਜਰੂਰੀ ਸੀ ਤਾਂ ਕਰ ਲੈਂਦੀ ਉੱਧਰ ਗੱਲ।

ਗੁਰਮੀਤ : ਕਾਹਨੂੰ ਮਾਂ ਆਹ ਵੋਟਾਂ ਵਾਲਿਆਂ ਨੇ ਵਾਧੂ ਤੰਗ ਕੀਤਾ ਹੋਇਐ। ਅਨਮੋਲ ਦਾ ਡੈਡੀ ਤਾਂ ਨਹਾ ਧੋ ਕੇ ਉਹਨਾਂ ਦੇ ਧੱਕੇ ਚੜ੍ਹਿਆ ਹੀ ਹੋਇਐ। ਇਕ ਜਣਾ ਘਰ ਇਹਨਾਂ ਦੇ ਫੋਨਾਂ ਤੇ ਬੈਠੇ। ਚੰਗਾ ਮਾਂ ਤੁਸੀਂ ਦੱਸੋ ਡਾਕਟਰ ਨੇ ਕੀ ਕਿਹਾ?

ਜਸਮੇਲ : ਪੁੱਤ, ਅਜੇ ਤਾਂ ਉਹਨੇ ਟੈਸਟ ਲਿਖ ਕੇ ਦਿੱਤੇ ਨੇ। ਫਿਰ ਉਹ ਤੋਂ ਬਾਅਦ ਪਤਾ ਲੱਗੂਗਾ। ਪਰ ਟੈਸਟ ਦੀ ਪੈਂਅਟਮੈਂਟ ਸਾਢੇ ਤਿੰਨ ਮਹੀਨੇ ਦੀ ਮਿਲੀ ਆ।

ਗੁਰਮੀਤ : ਐਨਾ ਚਿਰ ਦੀ। ਜੇ ਪਰੋਬਲਮ ਉਦੋਂ ਤੱਕ ਨਾ ਵੀ ਹੋਈ, ਉਦੋਂ ਨੂੰ ਤਾਂ ਫ਼ਿਕਰ ਨਾਲ ਈ ਵੱਧ ਜੂ। ਮਾਂ ਜੀਤ ਵੀਰੇ ਨੂੰ ਕਹਿਣਾ ਸੀ, ਡਾਕਟਰ ਨਾਲ ਦੁਬਾਰਾ ਗੱਲ ਕਰੇ।

ਜਸਮੇਲ : ਡਾਕਟਰ ਕਹਿੰਦਾ ਸਾਡੇ ਤਾਂ ਵਸ ਦੀ ਗੱਲ ਨਹੀਂ ਹਰ ਪਾਸੇ ਰਸ਼ ਹੀ ਬਹੁਤ ਹੈ ਪੈਂਅਟਮੈਂਟ ਮਿਲਦੀ ਹੀ ਨਹੀਂ।

ਗੁਰਮੀਤ : ਮਾਂ ਪਾਪਾ ਜੀ ਨੂੰ ਕੋਈ ਹੋਰ ਦਵਾਈ ਦਿੱਤੀ ਆ ਡਾਕਟਰ ਨੇ।

ਜਸਮੇਲ : ਆਹੋ ਲਿਖ ਕੇ ਦਿੱਤੀ ਆ। ਦਵਾਈਆਂ ਕਿਹੜਾ ਸਸਤੀਆਂ ਆਉਂਦੀਆਂ ਨੇ। ਤੇਰੇ ਪਾਪਾ ਜੀ ਨੇ ਆਉਂਦੇ ਆਉਂਦੇ ਆਪਣਿਆਂ ਦੀ ਫਾਰਮੇਸੀ ਤੇ ਪੁੱਛਿਆ ਸੀ ਕਹਿੰਦੇ 375 ਡਾਲਰ ਦੀ ਆਊ। ਤੇਰਾ ਪਾਪਾ ਤਾਂ ਚੁੱਪ ਕਰਕੇ ਮੁੜਿਆ ਆਇਆ।

ਗੁਰਮੀਤ : ਕਿਉਂ?

ਜਸਮੇਲ : ਜੀਤ ਦਾ ਕੰਮ ਵੀ ਹੁਣ ਘੱਟ ਹੀ ਚੱਲਦੈ। ਬਹੂ ਨੂੰ ਤਾਂ ਲੇਅਔਫ ਹੋਈ ਹੋਈ ਆ, ਉਹ ਵੀ ਘਰ ਬੈਠੀ ਆ। ਕਿਵੇਂ ਕਹੀਏ ਉਹਨਾਂ ਨੂੰ। ਜੁਆਕ ਉਹਨਾਂ ਦੇ ਕਾਲਜ਼ਾਂ 'ਚ ਜਾਂਦੇ ਨੇ, ਐਨੀਆਂ ਉਹਨਾਂ ਦੀਆਂ ਫੀਸਾਂ ਨੇ। ਅਸੀਂ ਤਾਂ ਚੁੱਪ ਈ ਕਰਨਾ।

ਗੁਰਮੀਤ : ਮਾਂ ਹੋਲਡ ਕਰੀਂ। ਹੈਲੋ——



ਅਵਾਜ਼ : ਅਸੀਂ ਥੋਨੂੰ ਵੋਟ ਬਾਰੇ ਕਹਿਣਾ ਸੀ ਜੀ, ਤੁਸੀਂ ਕੌਮਨ ਪਾਰਟੀ ਨੂੰ ਵੋਟ ਪਾਇਓ।

ਗੁਰਮੀਤ : *(ਖਿੱਝ ਕੇ)* ਕਿਉਂ ਪਾਈਏ ਅਸੀਂ ਥੋਨੂੰ ਵੋਟਾਂ, ਤੁਸੀਂ ਦੱਸ ਸਕਦੇ ਓਂ?

ਅਵਾਜ਼ : ਅਸੀਂ ਤਾਂ ਕਹਿੰਦੇ ਆ ਜੀਂ ਕਿ ਵੋਟ ਤੁਹਾਡਾ ਹੱਕ ਹੈ। ਇਸ ਨੂੰ ਜ਼ਰੂਰ ਵਰਤੋ। ਸਾਡੇ ਬਜੁਰਗਾਂ ਨੇ ਇਹ ਹੱਕ ਬਹੁਤ ਔਖਾ ਹੋ ਕੇ ਲਿਐ। ਕੌਮਨ ਪਾਰਟੀ ਤੁਹਾਡੇ ਹੱਕਾਂ ਦੀ ਗੱਲ ਕਰਦੀ ਐ। ਇਸ ਕਰਕੇ ਇਹਨੂੰ ਵੋਟ ਜ਼ਰੂਰ ਪਾਇਓ।

ਗੁਰਮੀਤ : ਕਿਵੇਂ ਕਹੀਏ ਵਧੀਆ, ਇਸ ਕਰਕੇ ਬਈ ਹੈਲਥ ਤੇ ਐਜੂਕੇਸ਼ਨ ਤੇ ਕੱਟ ਲਾਇਆ ਜਾਂ ਗੈਸ ਦੀਆਂ ਕੀਮਤਾਂ ਅਸਮਾਨੀਂ ਚੜ੍ਹਾਤੀਆਂ।

ਅਵਾਜ਼ : ਨਹੀਂ ਜੀ, ਅਗਲੇ ਚਾਰ ਸਾਲ ਇਹਨਾਂ ਮਸਲਿਆਂ ਵੱਲ ਹੀ ਧਿਆਨ ਦੇਣੈ। ਇਸ ਕਰਕੇ ਵੋਟ ਜ਼ਰੂਰ ਪਾਉਣਾ।

ਗੁਰਮੀਤ : ਓ. ਕੇ. ਬਾਏ। ਵਾਧੂ ਦਾ ਸਿਰ ਖਾਧਾ ਹੋਇਆ। *(ਕੱਟ ਕੇ ਦੂਸਰੇ ਪਾਸੇ ਗੱਲ ਕਰਦੀ ਹੈ।)* ਹਾਂ ਮਾਂ।

ਜਸਮੇਲ : ਕੀਹਦਾ ਸੀ ਧੀਏ?

ਗੁਰਮੀਤ : ਇੱਕੋ ਈ ਨੇ, ਆਹ ਵੋਟਾਂ ਵਾਲੇ।

ਜਸਮੇਲ : ਮੇਰੇ ਫ਼ੋਨ ਵਿਚ ਵੀ ਟੂੰ ਟੂੰ ਤਾਂ ਕਦੋਂ ਦੀ ਹੋਈ ਜਾਂਦੀ ਆ। ਮੈਨੂੰ ਤਾਂ ਪੁੱਤ ਪਤਾ ਨੀ ਲੱਗਦਾ ਕਿਹੜਾ ਬਟਨ ਦੱਬਣਾ ਦੂਜੇ ਪਾਸੇ ਜਾਣ ਲਈ ਇਹਦੇ ਤੇ। ਮੈਂ ਤਾਂ ਚੱਕ ਦੀਓ ਨੀਂ।

ਗੁਰਮੀਤ : ਚੰਗਾ ਮਾਂ ਹੈਡਿੱਕ ਤੋਂ ਬਚੀ ਹੋਈ ਐਂ। ਨਹੀਂ ਤਾਂ ਫ਼ੋਨ ਈ ਬਿਮਾਰ ਕਰ ਰੱਖਦੇ ਨੇ ਬੰਦੇ ਨੂੰ।

ਜਸਮੇਲ : ਧੀਏ, ਇੱਧਰ ਗੇੜਾ ਮਾਰ ਲੈਣਾ ਸੀ।

ਗੁਰਮੀਤ : ਮਾਂ ਮੈਂ ਤਾਂ ਕੰਮ ਤੋਂ ਆ ਕੇ ਘਰ ਦਾ ਕੰਮ ਵੀ ਕਰਨਾ ਹੁੰਦੈ। ਆਹ ਕੱਪੜਿਆਂ ਦਾ ਲੋਡ੍ਹ ਸਵੇਰੇ ਪਾ ਕੇ ਗਈ ਸੀ। ਤੁਰਨ ਤੋਂ ਪਹਿਲਾਂ ਅਨਮੋਲ ਨੂੰ ਫ਼ੋਨ ਕੀਤਾ ਕਿ ਡਰਾਇਰ 'ਚ ਪਾ ਦੇ। ਹੁਣ ਤੈਹਾਂ ਮਾਰਨ ਲੱਗੀਆਂ। ਅਜੇ ਸ਼ਾਮ ਦੀ ਦਾਲ ਸਬਜ਼ੀ ਬਾਰੇ ਸੋਚਣੈ। ਸਵੇਰੇ ਕੰਮ ਤੇ ਲੱਗਣਾ ਵੀ ਸਾਜਰੇ ਪੈਂਦੈ।

ਜਸਮੇਲ : ਤੇਰੀ ਬੀਬੀ ਘਰ ਈ ਹੁੰਦੀ ਆ ਉਹ ਨੀ ਕਰਦੀ ਕੁੱਛ?

ਗੁਰਮੀਤ : ਉਹ ਵੀ ਕਰੀ ਓ ਜਾਂਦੀਆਂ ਵਿਚਾਰੀ ਜਿੰਨਾ ਕੁ ਕਰ ਸਕਦੀ ਆ। ਆਹ ਜੁਆਕ ਵੀ ਤਾਂ ਸਾਰੀ ਦਿਹਾੜੀ ਭਾਂਡਿਆਂ ਦਾ

ਸੈਂਕ ਹੀ ਭਰੀ ਰੱਖਦੇ ਨੇ। ਉਹਦੀ ਸਿਹਤ ਵੀ ਹੁਣ ਬਹੁਤੀ ਠੀਕ ਨਹੀਂ ਰਹਿੰਦੀ।

ਜਸਮੇਲ : ਚੰਗਾ ਧੀਏ, ਜਦੋਂ ਤੇਰਾ ਟਾਈਮ ਹੋਇਆ ਉਦੋਂ ਮਿਲਜੀਂ।

ਗੁਰਮੀਤ : ਚੰਗਾ ਮਾਂ। *(ਕੱਪੜੇ ਚੁੱਕ ਕੇ ਅੰਦਰ ਚਲੀ ਜਾਂਦੀ ਹੈ।)*

## ਦ੍ਰਿਸ਼ ਤੀਜਾ

(ਸ਼ਿੰਦਰ, ਨਛੱਤਰ ਤੇ ਮਨਜੀਤ ਕੰਮਪੇਨ ਤੋਂ ਵਾਪਸ ਆ ਰਹੇ ਹਨ ਤਾਂ ਆਪਸ ਵਿਚ ਗੱਲਾਂ ਕਰਦੇ ਜਾਂਦੇ ਹਨ।)

ਸ਼ਿੰਦਰ : ਯਾਰ ਅੱਜ ਤਾਂ ਬਹੁਤ ਥੱਕ ਗਏ। ਲੋਕਾਂ ਨਾਲ ਮਗ਼ਜ਼ ਮਾਰਨਾ ਵੀ ਕਿਹੜਾ ਸੌਖਾ ਪਿਐ।

ਮਨਜੀਤ : ਕਰੀਏ ਇਲਾਜ ਥਕੇਵਾਂ ਲਾਹੁਣ ਦਾ।

ਨਛੱਤਰ : ਨਹੀਂ ਬਾਈ, ਮੈਂ ਤਾਂ ਚਲਦਾ ਘਰ ਨੂੰ। ਜੁਆਕ ਉਡੀਕਦੇ ਹੋਣਗੇ।

ਸ਼ਿੰਦਰ : ਉਏ ਜੁਆਕਾਂ ਨੂੰ ਹੋਰ ਕੋਈ ਕੰਮ ਆ। ਛੱਡ ਯਾਰ, ਅੱਜ ਬਹਾਨੇ ਨਾਲ ਇਕੱਠੇ ਹੋਏ ਆਂ।

ਮਨਜੀਤ : ਨਾ ਫਿਰ, ਬੈਠੀਏ ਕਿੱਥੇ ?

ਸ਼ਿੰਦਰ : ਉਹ ਆਪਣੇ ਬਾਈ ਬਲਵੰਤ ਸਿਉਂ ਦੀ ਬੇਸਮੈਂਟ 'ਚ ਚਲਦੇ ਆਂ। ਨਾਲੇ ਉਹਦੇ ਨਾਲ ਸ਼ੁਗਲ ਮੇਲਾ ਕਰ ਆਉਨੇਂ ਆ।

ਨਛੱਤਰ : ਬਲਵੰਤ ਤਾਂ ਸ਼ਰਾਬ ਪੀਂਦਾ ਈ ਨਹੀਂ, ਫਿਰ ਉੱਥੇ ?

ਸ਼ਿੰਦਰ : ਆਪਾਂ ਕਿਹੜਾ ਸ਼ਰਾਬੀ ਆਂ, ਬਾਈ ਦੀਆਂ ਗੱਲਾਂ ਈ ਸੁਣਨ ਨੂੰ ਦਿਲ ਕਰਦਾ ਰਹਿੰਦੈ। ਨਾਲੇ ਇਕ ਅੱਧੀ ਸ਼ੋਸ਼ਲ ਡਰਿੰਕ ਤਾਂ ਉਹ ਵੀ ਲੈ ਈ ਲੈਂਦੈ। ਤੈਨੂੰ ਨੀ ਪਤਾ ?

ਮਨਜੀਤ : ਚਲੋ ਚੱਲੀਏ।

(ਬਲਵੰਤ ਦੀ ਬੇਸਮੈਂਟ ਕੋਲ ਜਾ ਕੇ ਬੈੱਲ ਕਰਦੇ ਹਨ।)

**ਸਥਾਨ : ਬੇਸਮੈਂਟ ਦਾ ਕਮਰਾ**

(ਇਸ ਵਿਚ ਇਕ ਸੋਫਾ, ਦੋ ਕੁਰਸੀਆਂ, ਇਕ ਟੇਬਲ ਰੱਖਿਆ ਹੋਇਆ ਹੈ। ਕਾਰਪਟ ਵਿਛਿਆ ਹੋਇਆ ਹੈ ਬਲਵੰਤ ਸਿੰਘ ਬੈਠਾ ਅਖ਼ਬਾਰ ਪੜ੍ਹ ਰਿਹਾ ਹੈ।)

ਬਲਵੰਤ : (ਦੇਖ ਕੇ) ਆਓ ਜੀ, ਆਓ ਜੀ, ਜੀ ਆਇਆਂ ਨੂੰ। ਅੱਜ



ਕੀੜੀ ਦੇ ਘਰ ਨਰੈਣ ਕਿੱਥੋਂ ਆ ਗਏ।

ਮਨਜੀਤ : ਉਹ ਵਾਈ ਮਜ਼ਾਕ ਕਿਉਂ ਕਰਦੈਂ। ਅਸੀਂ ਤਾਂ ਤੇਰੇ ਛੋਟੇ ਭਾਈ ਆਂ। ਅਸੀਂ ਕਿਹਾ ਅੱਜ ਵੱਡੇ ਵੀਰ ਕੋਲ ਮਹਿਫ਼ਲ ਲਾਉਂਨੇ ਆ।

ਬਲਵੰਤ : ਕਿਉਂ ਕੀ ਗੱਲ, ਘਰੋਂ ਛਿੱਤਰ ਪੈਂਦੇ ਨੇ।

ਸ਼ਿੰਦਰ : ਕੁਸ਼ ਸਮਝ ਲੋ, ਉਹ ਥੋਡੀ ਮਰਜ਼ੀ ਆ ਪਰ ਅਸੀਂ ਤਾਂ ਤੈਨੂੰ ਮਿਲਣ ਆਏ ਹਾਂ।

ਬਲਵੰਤ : ਆਜੋ ਆਜੋ ਬੈਠੋ, *(ਸਾਰੇ ਬੈਠਦੇ ਹਨ।)* ਮੈਂ ਤਾਂ ਐਂਵੇ ਥੋਡੇ ਨਾਲ ਠੱਠਾ ਮਜ਼ਾਕ ਕਰਦੈਂ।

ਮਨਜੀਤ : ਲਿਆ ਬਈ ਬਾਈ ਕਰੀਏ ਮਹੂਰਤ ਫਿਰ। ਲਿਆ ਫਿਰ ਚਾਰ ਗਿਲਾਸ ਕੱਚ ਦੇ।

ਬਲਵੰਤ : *(ਉੱਠ ਕੇ ਜਾਂਦਾ ਹੈ)* ਲੈ ਗਿਲਾਸਾਂ ਦਾ ਕੀ ਘਾਟਾ। ਬੋਤਲ ਦੇਖਣੀ ਪਊ, ਹੈਗੀਆ ਕਿ ਨਹੀਂ।

ਸ਼ਿੰਦਰ : *(ਬੋਤਲ ਬੈਗ 'ਚੋਂ ਕੱਢ ਕੇ ਕੱਢ ਕੇ ਟੇਬਲ ਤੇ ਰੱਖਦਾ ਹੋਇਆ)* ਵਾਈ ਬੋਤਲ ਦੀ ਫ਼ਿਕਰ ਨਾ ਕਰ, ਉਹ ਜੁਗਾੜ ਤਾਂ ਅਸੀਂ ਬਣਾ ਕੇ ਈ ਲਿਆਏ ਆਂ।

ਬਲਵੰਤ : ਮੈਂ ਤਾਂ ਕਿਹਾ, ਪਤਾ ਨਹੀਂ ਮੈਨੂੰ ਈ ਟਾਂਕਾ ਲਾਉਣ ਆ ਗਏ।

ਸ਼ਿੰਦਰ : ਉਹ ਨਹੀਂ,— ਨਹੀਂ। ਲੈ ਮਨਜੀਤ ਤੂੰ ਪਾ ਫਿਰ——

ਬਲਵੰਤ : *(ਬੈਠਦਾ ਹੋਇਆ ਹੈ)* ਹੋਰ ਸੁਣਾਓ ਬਈ, ਕਿਵੇਂ ਚਲਦੀ ਆ ਥੋਡੀ ਕੰਮਪੇਨ।

ਮਨਜੀਤ : ਬਹੁਤ ਵਧੀਆ, ਲੱਗਦਾ ਤਾਂ ਐਂ ਈਆਂ ਬਈ, ਜਿੱਤ ਵੱਟ ਤੇ ਪਈ ਆ।

ਨਛੱਤਰ : ਹਰੇਕ ਏ ਜਿੱਤਣ ਲਈ ਆਪਣੀ ਪੂਰੀ ਵਾਹ ਲਾਉਂਦੈ।

ਬਲਵੰਤ : ਹੂੰ--ਹੂੰ ਇਹਨਾਂ ਪਾਰਟੀਆਂ ਨੇ ਕਰਨਾ ਕੁਰਨਾ ਤਾਂ ਕੁਸ਼ ਨੀਂ।

ਸ਼ਿੰਦਰ : ਕੁਸ਼ ਕਿਉਂ ਨੀਂ ਕਰਨਾ, ਆਪਾਂ ਕਰਵਾਵਾਂਗੇ।

ਬਲਵੰਤ : ਰਹਿਣ ਦੇ ਉਏ ਰਹਿਣ ਦੇ ਸ਼ਿੰਦਰਾ, ਬਾਅਦ 'ਚ ਥੋਨੂੰ ਕੀਹਨੇ ਪੁੱਛਣੈ।

ਸ਼ਿੰਦਰ : ਪੁੱਛਣਾ ਕਿਉਂ ਨੀਂ ?

ਬਲਵੰਤ : ਉਹ ਆਹੋ, ਇਹ ਦਾ ਲੀਡਰ ਤਾਂ ਜਹਾਜ਼ 'ਚ ਚੜ੍ਹ ਕੇ ਆਟਵਾ ਬੈਠਿਆ ਹੋਇਆ ਕਰੂਗਾ, ਫਿਰ ਪਿੱਛੇ ਤੂੰ ਕੀ ਕਰਨਾ।

ਨਛੱਤਰ : ਉਹ ਬਾਈ ਏਹੇ, ਇਹ ਜਹਾਜ਼ ਦੀ ਪੂੰਛ ਨਾਲ ਲਟਕ ਕੇ ਜਾਇਆ

ਕਰੂਗਾ, ਤੁਸੀਂ ਬੇਫ਼ਿਕਰ ਰਹੋ। *(ਹੱਥਾਂ ਨਾਲ ਜਹਾਜ਼ ਦੀ ਪੂੰਛ ਬਣਾ ਕੇ ਐਕਸ਼ਨ ਕਰਦਾ ਹੈ।)*

ਸ਼ਿੰਦਰ : ਨਛੱਤਰ ਤੂੰ ਵੀ ਯਾਰ, ਬਾਈ ਦੇ ਨਾਲ ਹੀ ਮਜ਼ਾਕ ਕਰਨ ਲੱਗ ਗਿਆ।

ਬਲਵੰਤ : ਆਹ ਪਿੱਛੇ ਜਿਹੇ ਸੁਣਦੇ ਨੀਂ ਸੀ ਕਿ ਇਹ ਤਾਂ ਆਪਣੀਆਂ ਫੈਮਿਲੀਆਂ ਦੇ ਖਰਚ ਵੀ ਗੌਰਮਿੰਟ ਦੇ ਖਾਤੇ ਵਿਚ ਹੀ ਪਾਈ ਜਾਂਦੇ ਨੇ, ਫਿਰ ਇਹਦੀ ਟਿਕਟ ਰੱਖਣ ਨੂੰ ਕੀਹ ਆ।

ਨਛੱਤਰ : ਲੈ ਟਿਕਟ ਰੱਖੂ, ਰੱ—ਖੂ ਕਿਉਂ ਨੀ, ਰੱਖੂ ਬਈ ?

ਮਨਜੀਤ : ਆਹੋ ਬਈ ਇਹਨਾਂ ਲੀਡਰਾਂ ਦੀ ਚਮਚਿਆਂ ਬਿਨ੍ਹਾਂ ਗੱਤ ਕਿਵੇਂ ਹੋਊ, ਇਹਨਾਂ ਦਾ ਤਾਂ ਖਾਸ ਖਿਆਲ ਰੱਖਣਾ ਪੈਂਦੈ। ਆ ਪੈੱਗ ਤਾਂ ਪਾਓ, ਇਹ ਤਾਂ ਨੀ ਲੀਡਰਾਂ ਨੇ ਆ ਕੇ ਪਾਉਣਾ।

ਬਲਵੰਤ : ਨਛੱਤਰ ਸਿੰਹਾਂ ਲੋਕਾਂ ਦੀ ਪੁੱਛ ਹੁਣ ਕੋਈ ਨਹੀਂ ਰਹੀ। ਆਹ ਐਚ. ਐਸ. ਟੀ ਦੇ ਰੇੜ੍ਹਕੇ ਨੂੰ ਦੇਖ ਲੋ ਕਿਵੇਂ ਰਿੜਕੀ ਤੁਰੇ ਜਾਂਦੇ ਨੇ, ਨਾਲੇ ਪਤੈ ਬਈ ਲੋਕ ਇਹਨੂੰ ਨਹੀਂ ਚਾਹੁੰਦੇ ਪਰ ਆਨੀ ਬਹਾਨੀ ਐਡਾਂ ਪਾ ਪਾ ਕੇ ਜਿਵੇਂ ਕਿਵੇਂ ਕਨਵਿੰਨਸ ਕਰਾ ਕੇ, ਲੋਕਾਂ ਦੇ ਟੈਕਸਾਂ ਦੇ ਪੈਸੇ ਮਿਲੀਅਨ ਡਾਲਰ ਖਰਚ ਕੇ ਇਹ ਲੋਕਾਂ ਤੇ ਮੱਲੋਜ਼ੋਰੀ ਥੋਪਣਾ ਚਾਹੁੰਦੇ ਨੇ।

ਨਛੱਤਰ : ਬਾਈ ਲੋਕਾਂ ਨੇ ਤਾਂ ਸੁਆਦ ਈ ਲਿਆ ਤਾ। ਜੇ ਲੋਕ ਕੁਝ ਚਾਹੁਣ ਤਾਂ ਕੀ ਨੀ ਕਰ ਸਕਦੇ।

ਸ਼ਿੰਦਰ : ਬਾਈ ਆਪਾਂ ਤਦੇ ਤਾਂ ਜ਼ੋਰ ਲਾ ਰਹੇ ਆਂ, ਆਪਾਂ ਸੱਚੀਂ ਤਬਦੀਲੀ ਕਰਨੀ ਚਾਹੁੰਦੇ ਆਂ, ਆਪਾਂ ਕਰਾਂਗੇ ਵੀ, ਤੁਸੀਂ ਫ਼ਿਕਰ ਨਾ ਕਰੋ।

ਨਛੱਤਰ : ਫ਼ਿਕਰ ਨਾ ਕਰੋ ਸ਼ਿੰਦਰਾ ਐਂ ਕਹਿੰਨੈ, ਜਿਵੇਂ ਓਬਾਮਾ ਦਾ ਪੀ. ਏ. ਲੱਗਿਆ ਹੁੰਨੈ, ਬਈ ਦੋ ਝਰੀਟਾਂ ਈ ਮਾਰਨੀਆਂ ਨੇ, ਉਦੋਂ ਈ ਬਿੱਲ ਪਾਸ।

ਬਲਵੰਤ : ਬਈ ਗੱਲ ਉਬਾਮਾ ਦੀ ਕਰਦੇ ਉਂ ਕਿ ਉਸਾਮਾ ਦੀ, ਮੀਡੀਆ ਤਾਂ ਉਸਾਮੇ ਨੂੰ ਈ ਉਬਾਮਾ ਦੱਸੀ ਗਿਆ 20 ਦਿਨ।

ਮਨਜੀਤ : ਹੈ ਤਾਂ ਦੋਨੋਂ ਇੱਕੋ ਥਾਲੀ ਦੇ ਚਿੱਟੇ ਵੱਟੇ, ਕੀ ਫ਼ਰਕ ਆ। ਬਾਈ ਪੈੱਗ ਤਾਂ ਚੱਕੋ ਇਹ ਤਾਂ ਉੱਡੀ ਜਾਂਦੀ ਐ।

ਨਛੱਤਰ : ਕਹਿਣ ਬਈ, ਹੁਣ ਤਾਂ ਕਾਲਾ ਬਣ ਗਿਆ ਪ੍ਰੈਜ਼ੀਡੈਂਟ ਅਮਰੀਕਾ 'ਚ, ਹੁਣ ਪਤਾ ਨਹੀਂ ਕੀ ਹੋ ਜੂ।



ਬਲਵੰਤ : ਉਹ ਹੋਣਾ ਕੀ ਸੀ ਸਵਾਹ। ਬਈ ਜੇ ਢਾਂਚਾ ਪੁਰਾਣੈ, ਉਹਦੇ 'ਚੋਂ ਉਹ ਨੇ ਵਿਚ ਰਹਿ ਕੇ ਕੀ ਸੱਪ ਕੱਢ ਲੈਣਾ ਸੀ ਜਿਹੜਾ ਪਹਿਲਿਆਂ ਤੋਂ ਨਹੀਂ ਨਿਕਲਿਆ।

ਸ਼ਿੰਦਰ : ਊਂ ਤਾਂ ਉਸਾਮਾ ਬੰਦਾ ਬੜਾ ਖਰਾ ਨਿਕਲਿਆ। ਪਦੀੜਾਂ ਪੁਵਾ ਤੀਆਂ ਬਈ ਕੰਜਰ ਨੇ ਇਹਨਾਂ ਦੀਆਂ ਨੰਗੇ ਪੈਂਰੀ।

ਨਛੱਤਰ : ਬਈ ਪਤੰਦਰ ਨੇ, ਦੁਨੀਆਂ ਨੂੰ ਪੁੱਠਾ ਗੇੜ੍ਹ ਚਾੜ੍ਹਤਾ, ਨਹੀਂ ਤਾਂ ਇਹ ਸਭ ਨੂੰ ਟਿੱਚ ਏ ਸਮਝਣ ਲੱਗ ਗਏ ਸੀ।

ਬਲਵੰਤ : ਸ਼ਿੰਦਰਾ, ਅਸੀਂ ਤਾਂ ਦੁਨੀਆਂ ਦੇਖੀ ਆ। ਜੀਹਦੀ ਜ਼ਮੀਰ ਜਾਗ ਜਾਂਦੀ ਐ ਨਾ। ਫਿਰ ਨੀ ਉਹ ਪ੍ਰਵਾਹ ਕਰਦਾ ਵੱਡੇ ਤੋਂ ਵੱਡੇ ਲਾਟੀ ਖਾਂ ਦੀ ਵੀ।

ਮਨਜੀਤ : ਐਥੇ ਲੋਕਾਂ ਨੂੰ ਜਾਗ ਕਦੋਂ ਆਊ, ਯਾਰ ਇਹ ਤਾਂ ਦੱਸ।

ਬਲਵੰਤ : ਜਦ ਤੱਕ ਤੁਸੀਂ ਲੋਕਤੰਤਰ ਦੇ ਨਾਂ ਤੇ ਕੰਮਪੇਨਾਂ ਚਲਾ ਚਲਾ ਕੇ ਵੋਟਾਂ ਦਾ ਲੌਲੀਪੌਪ ਚੂਸਣ ਨੂੰ ਦੇਈ ਜਾਊਂਗੇ, ਉਨਾਂ ਚਿਰ ਇਹ ਸੁੱਤੇ ਪਏ ਨੇ। ਜਿੱਦਣ ਇਹਨਾਂ ਪਾਰਟੀਆਂ ਦੇ ਮਖੌਟੇ ਉਤਰੇ ਕਿ ਇਹ ਤਾਂ ਸਿਰਫ਼ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਨੇ ਤੇ ਆਪਣਾ ਮਤਲਬ ਕੱਢ ਕੇ ਲੋਕਾਂ ਨੂੰ *(ਅੰਗੂਠਾ ਦਿਖਾ ਕੇ)* ਦਿੰਦੇ ਨੇ ਠੈਂਗਾ, ਫਿਰ ਉਹ ਜ਼ਰੂਰ ਸੋਚਣਗੇ।

ਸ਼ਿੰਦਰ : ਬਾਈ ਗੱਲਾਂ ਤਾਂ ਤੇਰੀਆਂ ਖਰੀਆਂ ਨੇ।

ਨਛੱਤਰ : ਆਹੋ ਸੱਚ ਈ ਤਾਂ ਹੈ। ਆਹ 10 ਸਾਲਾਂ 'ਚ ਤਨਖਾਹ ਤਾਂ 75 ਸੈਂਟ ਹੁਣ ਵਧੀ ਆ। ਪਰ ਮਹਿੰਗਾਈ ਕੀ ਘਰਾਂ ਦੀਆਂ ਕੀਮਤਾਂ, ਕੀ ਗਰੋਸਰੀ, ਕੀ ਗੈਸ ਅਸਮਾਨਾਂ ਨੂੰ ਛੂਹਣ ਲੱਗੀਆਂ ਨੇ। ਬੈਂਕਾਂ ਦੇ ਵਿਆਜ ਨੇ ਅਜੇ ਪਤਾ ਨਹੀਂ ਕਿੱਧਰ ਨੂੰ ਜਾਣਾ। ਲੱਗਦੈ ਮਾੜਾ ਧੀੜਾ ਬੰਦਾ, ਬਈ ਘਰ ਲੈ ਲਊ ?

ਬਲਵੰਤ : ਓ ਬਈ ਜਿਹੜਾ ਲੈ ਵੀ ਲੈਂਦੈ ਔਖਾ ਸੌਖਾ ਹੋ ਕੇ। ਉਹ ਵੀ ਤਾਂ 30-35 ਸਾਲ ਉਸੇ ਘਰ ਦੀਆਂ ਕਿਸ਼ਤਾਂ ਈ ਲਾਹੀ ਜਾਂਦੈ। ਕੋਹਲੂ ਦੇ ਬੈਲ ਵਾਂਗ ਸਿਰ ਸਿੱਟ ਕੇ ਕੰਮ ਕਰੀ ਜਾਂਦੈ ਉਸੇ ਨੂੰ ਫਰੀ ਕਰਾਉਣ ਲਈ। ਘਰ ਫਰੀ ਨੀਂ ਹੁੰਦਾ। ਬੰਦੇ ਦੀ ਰਾਮ ਨਾਮ ਸੱਤ ਪਹਿਲਾਂ ਹੋ ਜਾਂਦੀਐ।

ਮਨਜੀਤ : ਗੱਲ ਵੀਰਿਆ ਤੇਰੀ ਸੋਲਾਂ ਆਨੇ ਸੱਚੀ ਆ। ਸਾਲਾ ਮੀਨ੍ਹਾਂ ਤਾਂ ਐਂ ਅਉਂਦੈ ਬਈ *(ਹੱਥ ਨਾਲ ਚੁਟਕੀ ਵਜਾ ਕੇ)* ਚੁਟਕੀ ਵਜਾਓ ਆ ਗਿਆ। ਪੇਮੈਂਟ ਸਿਰ ਤੇ।

ਨਛੱਤਰ : ਹੁਣ ਤਾਂ ਇਹ ਸਿਸਟਮ ਨੇ ਸਾਨੂੰ ਚਾਟ ਤੇ ਲਾ ਲਿਆ, ਅਸੀਂ ਆਪਣਾ ਭਵਿੱਖ ਈ ਸਮਾਰੀ ਜਾਨੇ ਆ। ਵਰਤਮਾਨ ਦੀ ਤਾਂ ਕੋਈ ਕੀਮਤ ਈ ਨੀ।

ਸ਼ਿੰਦਰ : ਆ ਤੇਰੀ ਭਵਿੱਖ ਵਾਲੀ ਗੱਲ ਤੋਂ ਯਾਦ ਆਇਆ। ਆਹ ਬਾਬੇ ਅਗਲਾ ਜਨਮ ਸੰਵਾਰਨ ਦੀਆਂ ਗੱਲਾਂ ਕਰੀ ਜਾਂਦੇ ਨੇ।

ਬਲਵੰਤ : ਆਹੋ ਜਿਹੜਾ ਕਿਸੇ ਨੇ ਅੱਜ ਤੱਕ ਦੇਖਿਆ ਈ ਨਹੀਂ। ਨਾਲੇ ਸਾਇੰਸ ਦੀਆਂ ਖੋਜਾਂ ਨੇ ਤਾਂ ਸਿੱਧ ਕਰ ਦਿੱਤਾ ਹੈ ਕਿ ਹੁਣ ਕੋਈ ਅਗਲਾ ਪਿਛਲਾ ਜਨਮ ਹੀ ਨਹੀਂ। ਆਪਣੇ ਕੋਲ ਇਹੀ ਇੱਕੋ ਇਕ ਜਨਮ ਹੈ। ਇਸ ਨੂੰ ਚਾਹੇ ਸੰਵਾਰ ਲੋ ਚਾਹੇ ਵਿਗਾੜ ਲਓ।

ਮਨਜੀਤ : ਨਹੀਂ ਬਾਈ ਉਹ ਤਾਂ ਐਂ ਕਹਿੰਦੇ ਆ ਜੋ ਕੁਸ਼ ਥੋਡੇ ਕੋਲ ਆ ਉਹ ਸਾਨੂੰ ਦਾਨ ਕਰ ਦਿਓ ਤਾਂ ਥੋਡਾ ਅਗਲਾ ਜਨਮ ਸੰਵਰ ਜੂ। ਅਸਲ 'ਚ ਉਹ ਲੋਕਾਂ ਨੂੰ ਭੌਂਦੂ ਬਣਾ ਕੇ ਆਪਣਾ ਜਨਮ ਸੰਵਾਰੀ ਜਾਂਦੇ ਆ।

ਨਛੱਤਰ : ਕੁਸ਼ ਤਾਂ ਲੋਕਾਂ ਨੂੰ ਇਹ ਸਰਕਾਰਾਂ ਪੁੱਠੇ ਵਾਹਣੀ ਪਾਈ ਜਾਂਦੀਆਂ ਨੇ ਦੂਜੇ ਇਹ ਸਾਧ।

ਸ਼ਿੰਦਰ : ਖ਼ਬਰਾਂ 'ਚ ਨੀਂ ਸੁਣਦੇ ਬਈ ਆਹ ਮੰਦਰਾਂ 'ਚੋਂ ਕਿੰਨੇ ਕਵਿੰਟਲ ਹੀਰੇ ਜਵਾਹਰਾਤ ਮਿਲੇ ਆ।

ਬਲਵੰਤ : ਇਹ ਸਾਰੇ ਦੇ ਸਾਰੇ ਗਏ ਤਾਂ ਲੋਕਾਂ ਦੀਆਂ ਜੇਬਾਂ'ਚੋਂ ਨੇ, ਹੜੱਪ ਜਾਣੈ ਨੇ ਹੁਣ ਉੱਪਰਲਿਆਂ ਨੇ।

ਨਛੱਤਰ : ਬਾਈ ਹੜੱਪਣ ਨੂੰ ਤਾਂ ਉਹਨਾਂ ਨੇ ਹੜੱਪੀ ਓ ਜਾਣਾ ਸਭ ਕੁਸ਼। ਜਿੰਨਾ ਚਿਰ ਆਹ ਸਾਡੇ ਲੋਕ ਸਮਝੀ ਜਾਣਗੇ ਕਿ ਸਾਡੀ ਕਿਸਮਤ 'ਚ ਤਾਂ ਇਵੇਂ ਹੀ ਲਿਖਿਐ।

ਸ਼ਿੰਦਰ : ਪੁੱਛਣ ਨੂੰ ਇਹਨਾਂ ਨੂੰ ਪੁੱਛੇ ਬਈ ਲਿਖਿਐ ਕੀਹਨੇ ਐ?

ਬਲਵੰਤ : ਲੈ ਲਿਖਿਆ ਤਾਂ ਰੱਬ ਨੇ ਈ ਆ। *(ਹੱਸ ਕੇ)* ਕਹਿੰਦੇ ਨੇ ਪਰ ਉਹਦੇ ਕੋਲ ਵੀ ਗਰੀਬਾਂ ਲਈ ਸਿਆਹੀ ਮੁੱਕਗੀ ਹੋਣੀ ਆ। ਉਹ ਵੀ ਸਭ ਕੁਸ਼ ਅਮੀਰਾਂ ਲਈ ਕਰਕੇ ਖੁਸ਼ ਰਹਿੰਦੈ। ਉਏ ਉਹ ਵੀ ਕਹਿੰਦਾ ਹੋਣੈ ਗਰੀਬਾਂ ਕੋਲ ਜਾ ਕੇ ਕੀ ਭੁੱਖੇ ਮਰਨੈ। (ਬਲਵੰਤ ਉੱਠ ਕੇ ਨਮਕੀਨ ਲੈਣ ਜਾਂਦਾ ਹੈ।)

ਨਛੱਤਰ : ਬਾਈ ਰੱਬ ਵਾਲੀ ਤਾਂ ਪਾਣੀ 'ਚ ਮਧਾਣੀ ਐ। ਭੋਲ਼ੇ ਲੋਕ ਰਿੜਕੀ ਜਾਂਦੇ ਆ, ਰਿੜਕੀ ਜਾਂਦੇ ਆ। ਬਈ ਹੁਣ ਮੱਖਣ ਨਿਕਲੂ, ਹੁਣ ਨਿਕਲੂ। ਨਿਕਲੂ ਅਸਲ 'ਚ ਪਤਾ ਕੀ? ਅਮੀਰੀ



ਗਰੀਬੀ ਦਾ ਪਾੜਾ।

ਮਨਜੀਤ : ਉਹ ਕਿਵੇਂ?

ਬਲਵੰਤ : ਮੈਂ ਦੱਸਦਾਂ, ਤੂੰ ਐਸ ਗੱਲ ਤੋਂ ਈ ਅੰਦਾਜ਼ਾ ਲਾ ਲੈ ਬਈ ਆਪਣੇ ਗੁਆਂਢੀ ਦੇਸ਼ ਅਮਰੀਕਾ 'ਚ ਕਹਿ ਦਿੰਦੇ ਨੇ। ਇਹ ਬਹੁਤ ਖ਼ੁਸ਼ਹਾਲ ਐ। ਪਿੱਛੇ ਜਿਹੇ ਪੜ੍ਹਿਆ ਸੀ ਬਈ ਇਹਦੇ ਚਾਰ ਸੌ ਬੰਦਿਆਂ ਕੋਲ ਜਿੰਨਾ ਧੰਨ ਐ, ਉਨਾਂ ਹੇਠਲੇ ਸੋਲ੍ਹਾਂ ਕਰੋੜ ਲੋਕਾਂ ਕੋਲ ਐ। ਇਹੀ ਪਾੜਾ ਦੇਖ ਲਓ ਕਿੱਥੇ ਚਾਰ ਸੌ ਤੇ ਕਿੱਥੇ ਸੋਲ੍ਹਾਂ ਕਰੋੜ। ਇਹ ਨੂੰ ਕਹਿੰਦੇ ਨੇ ਅਮੀਰੀ ਗ਼ਰੀਬੀ ਦਾ ਪਾੜਾ।

ਸ਼ਿੰਦਰ : ਇਹਨਾਂ ਦਾ ਕੀ ਐ। ਇਹ ਤਾਂ ਦੁਨੀਆਂ 'ਚ ਸ਼ਾਂਤੀ ਰਹਿਣ ਨੀ ਦੇਣੀ ਚਾਹੁੰਦੇ। ਕਿਧਰੇ ਨਾ ਕਿਧਰੇ ਲਾਂਬੂ ਲਾਈ ਓ ਰੱਖਦੇ ਨੇ।

ਨਛੱਤਰ : ਉਹ ਤਾਂ, ਤਾਂ ਕਰਦੈ ਬਈ ਆਪਦਾ ਦੁਨੀਆਂ ਤੇ ਦਬ ਦਬਾ ਰੱਖਣ ਲਈ, ਰਾਜ ਕਰਨ ਲਈ। ਪਰ ਆਪਣੇ ਲੀਡਰ, ਪਤਾ ਨਹੀਂ ਕਿਉਂ, ਉਹਨਾਂ ਦੇ ਝੋਲੀ ਚੁੱਕ ਬਣੇ ਫਿਰਦੇ ਨੇ।

ਮਨਜੀਤ : ਉਹ ਕਿਵੇਂ?

ਨਛੱਤਰ : ਊਂ ਤਾਂ ਕਹਿਣਗੇ ਬਈ ਸਾਡਾ ਦੇਸ਼ ਸ਼ਾਂਤੀ ਦਾ ਪੁੰਜ ਐਂ, ਪਰ ਇਹਨਾਂ ਦੇ ਮਗਰ ਲੱਗ ਕੇ ਫੌਜਾਂ ਅਫ਼ਗਾਨਿਸਤਾਨ ਭੇਜ ਤੀਆਂ, ਲੜਾਈ ਲੜਨ।

ਬਲਵੰਤ : *(ਖਿੱਝ ਕੇ)* ਤਾਂ ਹੀ ਤਾਂ ਮੈਨੂੰ ਇਹਨਾਂ ਲੀਡਰਾਂ ਤੇ ਖਿੱਝ ਆਉਂਦੀ ਐ। ਉਥੇ ਖਾਹ ਮਖਾਹ ਲੋਕਾਂ ਦੇ ਮੁੰਡੇ ਮਰਵਾ ਤੇ। ਕਿਸੇ ਦੀ ਅੰਡ ਕਿਸੇ ਦੀ ਪੰਡ, ਤੁਸੀਂ ਕੀ ਲੈਣੈ। ਨੁਕਸਾਨ ਤੁਸੀਂ ਆਪਣੇ ਮੁਲਕ ਦਾ ਕਰਵਾਈ ਜਾਂਦੇ ਓਂ, ਬਹੁਤੇ ਆਏ ਨੇ ਸ਼ਾਂਤੀ ਦੇ ਪੁੰਜ।

ਮਨਜੀਤ : ਆਹੋ ਮਰ ਤਾਂ ਗਏ ਮਾਂਵਾਂ ਦੇ ਪੁੱਤ, ਇਹਨਾਂ ਦਾ ਕੀ ਆ। *(ਅਰਥੀ ਤੇ ਕੱਪੜਾ ਪਾਉਣ ਦਾ ਐਕਸ਼ਨ ਕਰਦਾ ਹੈ।)* ਇਹਨਾਂ ਨੇ ਤਾਂ ਇਕ ਦਿਨ ਡੈੱਡ ਬਾਡੀਆਂ ਉੱਤੇ ਕੈਨੇਡਾ ਦਾ ਝੰਡਾ ਪਾ ਕੇ ਬੀਨ ਵਜਾਤੀ ਤੇ ਫਿਰ ਬੱਸ।

ਬਲਵੰਤ : ਉਹ ਥੋਨੂੰ ਤਾਂ ਹੀ ਤਾਂ ਕਹੀਦੈ ਬਈ ਇਹ ਵੋਟਾਂ ਵੂਟਾਂ ਨੇ ਕੁਸ਼ ਨੀਂ ਕਰਨਾ ਜਿੰਨਾ ਚਿਰ ਢਾਂਚਾ ਸਰਮਾਏਦਾਰੀ ਦਾ ਚਲਦੈ, ਉਨਾ ਚਿਰ ਕੋਈ ਫਰਕ ਨੀਂ ਪੈਣਾ।

ਸ਼ਿੰਦਰ : ਫ਼ਰਕ ਕਦੋਂ ਪਊ?

ਨਛੱਤਰ : ਬਾਈ ਤਾਂ ਆਪਾਂ ਨੂੰ ਵਥੇਰਾ ਦੱਸੀ ਜਾਂਦੈ ਬਈ ਜਦੋਂ ਆਪਾਂ ਨੂੰ

ਸਮਝ ਆਗੀ। ਫਿਰ ਆਪਾਂ ਸੁੱਖ ਦਾ ਸਾਹ ਲੈ ਸਕਾਂਗੇ।

ਮਨਜੀਤ : ਸੱਚੀ ਗੱਲ ਆ। ਆਪਣਾ ਤਾਂ ਬਰੇਨ ਏ ਵਾਸ਼ ਕੀਤਾ ਪਿਐ ਇਹਨਾਂ ਨੇ। ਹੁਣ ਤਾਂ ਬਾਈ ਕੋਲ ਜ਼ਰੂਰ ਆਇਆ ਕਰੀਏ, ਨਾਲੇ ਆਪਣੀ ਅਪਡੇਟ ਹੋ ਜਾਇਆ ਕਰੂ।

ਨਛੱਤਰ : ਚੰਗਾ ਸ਼ਿੰਦਰਾ, ਚੱਲ ਚੱਲੀਏ ਵਥੇਰਾ ਟਾਈਮ ਹੋ ਗਿਆ। ਹੁਣ ਤਾਂ ਘਰ ਦਿਆਂ ਦੀਆਂ ਵੀ ਸੁਣਨੀਆਂ ਪੈਣਗੀਆਂ।

ਸ਼ਿੰਦਰ : ਆਹੋ ਬਾਈ ਕੈਨੇਡਾ 'ਚ ਤਾਂ ਦਬਕਾ ਵੀ ਨੀ ਚੱਲਣਾ, ਇੰਡੀਆ 'ਚ ਤਾਂ ਇਹ ਵੀ ਚੱਲ ਜਾਂਦਾ ਸੀ।

ਨਛੱਤਰ : ਚਲੋ ਚਲੋ ਹੁਣ ਬਾਈ ਨੇ ਵੀ ਤਾਂ ਸੌਣਾ ਹੋਊ।

ਬਲਵੰਤ : ਕੋਈ ਨੀ ਕੋਈ ਨੀ ਆਉਂਦੇ ਜਾਂਦੇ ਰਿਹਾ ਕਰੋ, ਮੇਰਾ ਵੀ ਵਧੀਆ ਟਾਈਮ ਪਾਸ ਹੋ ਜਾਂਦੈ।

ਮਨਜੀਤ : ਓ. ਕੇ. ਬਾਈ ਥੈਂਕ ਯੂ। ਫਿਰ ਮਿਲਦੇ ਆਂ।

ਬਲਵੰਤ : ਕੋਈ ਨੀਂ, ਕੋਈ ਨੀਂ------।
(ਕਹਿ ਕੇ ਉੱਠ ਕੇ ਚਲੇ ਜਾਂਦੇ ਹਨ।)

## ਦ੍ਰਿਸ਼ ਚੌਥਾ

*(ਘਰ ਦਾ ਦ੍ਰਿਸ਼ ਹੈ ਕਿ ਫ਼ੋਨ ਵੱਜ ਰਿਹਾ ਹੈ। ਹਰਨਾਮ ਕੌਰ ਭੱਜ ਕੇ ਆ ਕੇ ਫ਼ੋਨ ਚੱਕਦੀ ਹੈ।)*

ਹਰਨਾਮ : ਹੈਲੋ—ਓ

ਅਵਾਜ਼ : ਹਾਂ ਜੀ ਮਿਸਿਜ਼ ਮਾਂਗਟ ਬੋਲਦੇ ਨੇ।

ਹਰਨਾਮ : *(ਸਾਹ ਚੜ੍ਹਿਆ ਹੋਇਆ ਹੈ)* ਹਾਂ ਭਾਈ ਠਹਿਰ ਜਾਹ, ਭੱਜ ਕੇ ਫ਼ੋਨ ਚੱਕਣ ਆਈ ਆਂ। ਸਾਹ ਨਾਲ ਸਾਹ ਨੀ ਰਲਦਾ। ਨਾ ਥੋਨੂੰ ਮੇਰੇ ਤੱਕ ਕੋਈ ਕੰਮ ਸੀ।

ਅਵਾਜ਼ : ਹਾਂ ਜੀ

ਹਰਨਾਮ : ਕੀ?

ਅਵਾਜ਼ : ਹਾਂ ਜੀ ਅਸੀਂ ਪੀਪਲ ਪਾਰਟੀ ਤੋਂ ਬੋਲਦੇ ਆਂ। ਤੁਸੀਂ ਵੋਟ ਕੀਹਨੂੰ ਪਾਉਣੀ ਆ?

ਹਰਨਾਮ : ਤੁਸੀਂ ਦੱਸੋ ਕੀਹਨੂੰ ਪਾਉਣੀ ਆ। ਅਸੀਂ ਉਹਨੂੰ ਪਾ ਦਿਆਂਗੇ।

ਅਵਾਜ਼ : ਇਹ ਪੀਪਲ ਪਾਰਟੀ ਬਹੁਤ ਚੰਗੀ ਆ, ਤੁਸੀਂ ਇਸ ਨੂੰ ਪਾਇਓ।

ਹਰਨਾਮ : ਚੰਗਾ ਇਹਨੂੰ ਪਾ ਦਿਆਗੇ। *(ਕਹਿਕੇ ਫ਼ੋਨ ਗੁੱਸੇ ਵਿਚ ਫ਼ੋਨ ਰੱਖਦੀ ਹੈ ਤੇ ਬੁੜ ਬੁੜ ਕਰਦੀ ਹੈ।)* ਅੱਜ ਸਵੇਰ ਦੀ ਵੀਹ ਵਾਰੀ



ਫ਼ੋਨ ਸੁਣ ਚੁੱਕੀ ਆਂ। ਅਖੇ ਸਾਨੂੰ ਪਾਇਓ, ਸਾਨੂੰ ਪਾਇਓ। ਹੁਣ ਅਸੀਂ ਸਭ ਨੂੰ ਚੰਗੇ ਲੱਗਾਂਗੇ। ਫਿਰ ਕਿਸੇ ਨੇ ਬੱਤੀ ਨੀ ਵਾਹੁਣੀ। ਚੱਕਣਾ ਤਾਂ ਪੈਂਦੈ ਵਈ ਕੋਈ ਜਰੂਰੀ ਫ਼ੋਨ ਨਾ ਹੋਵੇ। (ਇੰਨੇ *ਨੂੰ ਫਿਰ ਫ਼ੋਨ ਦੀ ਘੰਟੀ ਵੱਜਦੀ ਹੈ।)* ਹਾ ਹਾ ਦੱਸ ਫੇਰ ਆ ਗਿਆ।

ਹਰਨਾਮ : ਹੈਲੋ *(ਗੁੱਸੇ ਵਿਚ)* ਵੇ ਭਾਈ ਥੋਨੂੰ ਏ ਪਾਉਣੀਆ।

ਅਵਾਜ਼ : ਕੀ ਪਾਉਣੀ ਆਂ?

ਹਰਨਾਮ : ਵੇ ਵੋਟ, ਥੋਨੂੰ ਏ ਪਾਵਾਂਗੇ, ਚੰਗਾ ਓ.ਕੇ.।

ਅਵਾਜ਼ : ਮੈਨੂੰ ਲੱਗਦੈ, ਤੁਸੀਂ ਮੈਨੂੰ ਪਛਾਣਿਆ ਨੀਂ।

ਹਰਨਾਮ : ਕਿਉਂ ਪਛਾਣਿਆ ਕਿਉਂ ਨੀਂ, ਦਿਹਾੜੀ 'ਚ ਵੀਹ-ਵੀਹ ਵਾਰੀ ਤਾਂ ਫ਼ੋਨ ਚੱਕਦੀ ਆਂ, ਅਖੇ ਪਛਾਣਿਆਂ ਨੀਂ।

ਅਵਾਜ਼ : ਮਾਂ ਮੈਨੂੰ ਲੱਗਦੈ ਅਜੇ ਵੀ ਤੁਸੀਂ ਮੈਨੂੰ ਪਛਾਣਿਆ ਨੀਂ।

ਹਰਨਾਮ : ਵੇ ਕੋਈ ਨਾ ਵੋਟ ਤਾਂ ਤੈਨੂੰ ਏ ਪਾਉਣੀ ਆ। ਮਾਂ ਕਹਿ ਲਾ, ਚਾਹੇ ਮਿਸਿਜ਼ ਮਾਂਗਟ। ਕਹਿੰਦੇ ਹੁੰਦੇ ਨੇ ਗਰਜ਼ ਵੇਲੇ ਤਾਂ ਅਗਲਾ ਗਧੇ ਨੂੰ ਵੀ ਬਾਪ ਕਹਿੰਦੈ।

ਅਵਾਜ਼ : ਤੁਸੀਂ ਮੇਰੀ ਗੱਲ ਧਿਆਨ ਨਾਲ ਤਾਂ ਸੁਣੋ?

ਹਰਨਾਮ : ਕੀ ਸੁਣਾ, ਗੋਡੇ ਮੇਰੇ ਨੀ ਹਿੱਲਦੇ, ਹਸਪਤਾਲਾਂ 'ਚ ਥੋਡੇ ਪੌਂਟਮੈਂਟ ਨੀਂ ਮਿਲਦੀ। ਦਵਾਈਆਂ ਐਨੀਆਂ ਮਹਿੰਗੀਆਂ ਹੋਈਆਂ ਪਈਆਂ ਨੇ। ਅਖੇ ਕਹਿ ਦਿੰਦੇ ਨੇ ਮੱਤ ਦਾਨ ਜ਼ਰੂਰ ਕਰੋ। ਮੱਤ ਤਾਂ ਸਾਡੀ ਆਹ ਤੀਏ ਦਿਨ ਵੋਟਾਂ ਨੇ ਈ ਮਾਰਤੀ— ਕਦੇ ਕੋਈ, ਕਦੇ ਕੋਈ। ਵੋਟਾਂ ਲਈ ਖਰਚਾ ਕਰਨ ਲਈ ਇਹਨਾਂ ਕੋਲ ਪੈਸੇ ਵੀ ਬਥੇਰੇ ਆ ਜਾਂਦੇ ਨੇ।

ਅਵਾਜ਼ : ਮਾਂ—ਮਾਂ

ਹਰਨਾਮ : (ਅਣਸੁਣੀ ਕਰਦੀ ਹੋਈ) ਲੋਕਾਂ ਦੀਆਂ ਸੁੱਖ ਸਹੂਲਤਾਂ ਲਈ ਕੁਸ਼ ਨੀ। ਕੰਮ ਇਥੇ ਨੀਂ ਮਿਲਦੇ। ਆਹ ਮੇਰਾ ਪੋਤਾ ਫੀਸ ਖੁਣੋਂ ਘਰ ਬੈਠਾ ਇਸ ਸਾਲ। ਹੁਣ ਕੰਮ ਕਰੂਗਾ ਤਾਂ ਅਗਲੇ ਸਾਲ ਸਕੂਲ ਜਾਊ। ਜੇ ਕੱਲਾ ਕੱਲਾ ਬੰਦਾ ਥੋਡੇ ਸਾਹਮਣੇ ਢਿੱਡ ਫੋਲਣ ਲੱਗਿਆ ਨਾ, ਤੁਸੀਂ ਤਾਂ ਗੱਲ ਕਰਨ ਜੋਗੇ ਨੀਂ ਰਹਿਣਾ। ਥੋਨੂੰ ਕੀ ਚਾਹੀਦਾ ਕੁਰਸੀਆਂ, ਤਨਖਾਹਾਂ। ਹੋਰ ਦੱਸ ਮੈਨੂੰ ਕੀ ਸੁਣਾਉਣਾ।

ਅਵਾਜ਼ : ਮੈਂ ਨਛੱਤਰ ਸਿਉਂ ਨੂੰ ਮਿਲਣੈ?

ਹਰਨਾਮ : ਜੇ ਨਛੱਤਰ ਸਿਉਂ ਘਰ ਹੋਊ ਉਹ ਵੀ ਤਾਂ ਤੈਨੂੰ ਇਹੀ ਪੁੱਛੂ, ਬਈ 13 ਸਾਲਾਂ ਵਾਲਾ ਜਿਹੜਾ ਲਾਅ ਕੀਤਾ ਉਹਦੇ ਵਿਚ ਤਾਂ ਅਗਲਾ ਬੁੜ੍ਹਾ ਹੋਜੂ, ਥੋਡੇ ਟੈਕਸ ਭਰਦਾ ਭਰਦਾ। ਸੱਦਣ ਦੇ ਨਾਂ ਤੇ ਕਚੂੰਬਰ ਕੱਢ ਦਿਉਂਗੇ ਅਗਲਿਆਂ ਦਾ। ਭੋਰਾ ਭਰ ਜੁਆਕ ਉੱਥੇ ਐਨੀਆਂ ਕਿਹੜੀਆਂ ਪੜ੍ਹਾਈਆਂ ਪੜ੍ਹਨਗੇ। ਤੈਨੂੰ ਕਿਹੈ ਤੈਨੂੰ ਵੋਟ ਪਾ ਦਿਆਂਗੇ। ਸਾਨੂੰ ਫਾਇਦਾ ਕੋਈ ਹੋਵੇ ਨਾ ਹੋਵੇ ਥੋਡਾ ਫ਼ਾਇਦਾ ਜ਼ਰੂਰ ਕਰ ਦਿਆਂਗੇ।

ਅਵਾਜ਼ : ਮਾਂ ਮੈਂ ਤਾਂ ਉੱਚੀ ਵੀਹੀ ਵਾਲਿਆਂ ਦਾ ਮੀਤਾ ਆਂ, ਨਛੱਤਰ ਦਾ ਦੋਸਤ।

ਹਰਨਾਮ : ਵੇ ਅੱਛਿਆ, ਵੇ ਪੁੱਤ ਤੂੰ ਵੇ ਪੁੱਤ ਜਿਉਂਦਾ ਵਸਦਾ ਰਹਿ। ਮੈਂ ਸਵੇਰ ਦੀ ਅੱਕੀ ਪਈ ਸੀ, ਵੋਟਾਂ ਵਾਲਿਆਂ ਦੇ ਫੋਨਾਂ ਤੋਂ। ਵੇ ਪੁੱਤ ਗੁੱਸਾ ਨਾ ਕਰੀਂ। ਮੈਂ ਤਾਂ ਭੁਲੇਖੇ 'ਚ ਅਵਾ ਤਵਾ ਬੋਲਗੀ।

ਅਵਾਜ਼ : *(ਹੱਸਦਾ ਹੋਇਆ)* ਕੋਈ ਨਾ ਮਾਂ ਕੋਈ ਨਾ, ਮੈਂ ਤਾਂ ਸੋਚਦਾ ਸੀ ਕਿ ਪੰਜਾਬ 'ਚ ਏ ਲੋਕ ਕਾਂਗਰਸ, ਅਕਾਲੀਆਂ ਤੋਂ ਅੱਕੇ ਹੋਏ ਨੇ। ਤੈਨੂੰ ਸੁਣ ਕੇ ਕੈਨੇਡਾ ਦਾ ਵੀ ਜਲਦੀ ਪਤਾ ਲੱਗ ਗਿਆ।

ਹਰਨਾਮ : ਕੋਈ ਨੀਂ ਪੁੱਤ ਕੈਨੇਡਾ ਦਾ ਪਤਾ ਤਾਂ ਥੋੜ੍ਹੇ ਦਿਨਾਂ 'ਚ ਈ ਲੱਗ ਜਾਣੈ, ਜਦੋਂ ਕੰਮ ਤੇ ਜਾਣ ਲੱਗਿਆ। ਪੁੱਤ ਮੇਰਾ ਬਾਹਲਾ ਈ ਚਿੱਤ ਕਰਦਾ ਸੀ ਤੈਨੂੰ ਮਿਲਣ ਨੂੰ। ਤੇਰਾ ਤਾਂ ਮਸਾਂ ਈ ਬਣਿਆ ਕੈਨੇਡਾ ਦਾ। ਚੱਲ ਉਹ ਜਾਣੇ ਪੁੱਤ ਬਣ ਤਾਂ ਗਿਆ। ਹੋਰ ਸੁਣਾ ਪਿੰਡ ਦਾ ਕੀ ਹਾਲ ਐ ?

ਅਵਾਜ਼ : ਸਭ ਠੀਕ ਠਾਕ ਐ।

ਹਰਨਾਮ : ਕਿਸੇ ਦਿਨ ਘਰ ਆ ਜਾਈਂ, ਨਛੱਤਰ ਤੈਨੂੰ ਫ਼ੋਨ ਕਰ ਲਉਗਾ। ਤੇਰਾ ਨੰਬਰ ਆ ਗਿਆ ਹੋਣਾ ਫ਼ੋਨ ਤੇ। ਚੰਗਾ ਪੁੱਤ ਰੱਖਦੀ ਆਂ ਫੋਨ।

ਅਵਾਜ਼ : ਚੰਗਾ ਮਾਂ ਸਤਿ ਸ੍ਰੀ ਅਕਾਲ।

ਹਰਨਾਮ : *(ਫੋਨ ਰੱਖ ਕੇ)* ਬੂ ਮੈਂ ਮਰਜਾਂ। ਮੈਂ ਤਾਂ ਵਿਚਾਰੇ ਨੂੰ ਇੰਡੀਆ ਤੋਂ ਨਵੇਂ ਆਏ ਨੂੰ ਪੁੱਠੇ ਵਾਹਣੀਂ ਪਾ ਲਿਆ। ਕੀ ਸੋਚਦਾ ਹੋਊ ਬਈ ਬੀਬੀ ਤਾਂ ਕੈਨੇਡਾ ਆ ਕੇ ਹੋਰ ਏ ਗੱਲਾਂ ਕਰਨ ਲੱਗ ਪਈ। *(ਨਛੱਤਰ, ਗੁਰਮੀਤ ਤੇ ਅਨਮੋਲ ਬਾਹਰੋਂ ਆਉਂਦੇ ਹਨ।)*

ਨਛੱਤਰ : ਬੀਬੀ ਕੱਲੀਓ ਕੀਹਦੇ ਨਾਲ ਗੱਲਾਂ ਕਰੀ ਜਾਂਦੀ ਏ।

ਹਰਨਾਮ : ਵੇ ਪੁੱਤ, *(ਪਛਤਾਵੇ ਨਾਲ)* ਅੱਜ ਤਾਂ ਮੇਰੇ ਨਾਲ ਬਹੁ——ਤ



ਬੁਰੀ ਹੋਈ।

ਨਛੱਤਰ : *(ਉਤਸੁਕਤਾ ਨਾਲ)* ਕਿਉਂ ਕੀ ਹੋਇਆ ?

ਹਰਨਾਮ : ਆਪਣੇ ਉਹ ਉੱਚੀ ਬੀਹੀ ਵਾਲਿਆਂ ਦਾ ਮੀਤਾ ਤੇਰਾ ਫਰੈਂਡ, ਉਹ ਵੀ ਇੰਡੀਆ ਤੋਂ ਆ ਗਿਆ।

ਨਛੱਤਰ : *(ਖੁਸ਼ ਹੋ ਕੇ)* ਅੱਛਿਆ ਉਹਦਾ ਫ਼ੋਨ ਆਇਆ ਸੀ, ਕਦੋਂ ਆਇਐ ?

ਹਰਨਾਮ : ਵੇ ਆਹ ਤਾਂ ਮੈਂ ਪੁੱਛਿਆ ਈ ਨੀ, ਮੈਂ ਤਾਂ ਵੋਟਾਂ ਵਾਲਿਆਂ ਤੋਂ ਅੱਕੀ ਉਹਦੇ ਵਿਚਾਰੇ ਤੇ ਗਲ਼ ਈ ਪੈ ਗਈ।

ਨਛੱਤਰ : ਬੀਬੀ ਪਹਿਲਾਂ ਪੁੱਛ ਲਈਦੈ, ਬਈ ਕੌਣ ਐ।

ਹਰਨਾਮ : *(ਖਿੱਝ ਕੇ)* ਇਥੇ ਇਹਨਾਂ ਦਾ ਫ਼ੋਨ ਕਿਹੜਾ ਇਕ ਆਉਂਦੈ, ਪਹਿਲਾਂ ਪੰਜ ਛੇ ਵਾਰੀ ਇਹੀ ਕਿਹਾ ਬਈ ਥੋਨੂੰ ਵੋਟ ਪਾ ਦਾਂ ਗੇ।

ਗੁਰਮੀਤ : ਬੀਬੀ ਵਿਚਾਰੀ ਵੀ ਕੀ ਕਰੇ। ਸਾਰੀ ਦਿਹਾੜੀ ਫੋਨਾਂ ਨੂੰ। ਤੁਸੀਂ ਆਪ ਉਹਨਾਂ ਨਾਲ ਚਲੇ ਜਾਂਦੇ ਓ। ਘਾਹ ਕਿੱਡਾ ਕਿੱਡਾ ਹੋਇਆ ਪਿਐ, ਉਹਦੀ ਪ੍ਰਵਾਹ ਨੀ ਕਰਦੇ।

ਨਛੱਤਰ : ਜਦੋਂ ਮਨਜੀਤ ਲੈਣ ਹੀ ਆ ਗਿਆ ਤਾਂ ਜਾਣਾ ਹੀ ਪੈਣਾ ਸੀ।

ਗੁਰਮੀਤ : ਨਾ ਜੇ ਦੂਜੀ ਪਾਰਟੀ ਵਾਲਿਆਂ ਦਾ ਰਘਬੀਰ ਆ ਗਿਆ, ਤਾਂ ਉਹਨੂੰ ਕੀ ਕਹੋਗੇ।

ਨਛੱਤਰ : ਕਹਿਣਾ ਕੀ ਆ, ਉਹਦੇ ਨਾਲ ਵੀ ਚਲਿਆ ਜਾਉਂ।

ਹਰਨਾਮ : ਵੇ ਪੁੱਤ ਆਹ ਤਾਂ ਕੋਈ ਦੀਨ ਇਮਾਨ ਨਾ ਹੋਇਆ। ਦੇਖਣ ਵਾਲਾ ਕੀ ਕਹੂ। ਬਈ ਇਹ ਇੱਧਰ ਵੀ ਫਿਰਦੇ ਨੇ ਤੇ ਉੱਧਰ ਵੀ।

ਨਛੱਤਰ : ਫੇਰ ਕੀ ਹੋਇਆ ਬੀਬੀ, ਲੀਡਰ ਵੀ ਤਾਂ ਪਾਰਟੀ ਬਦਲਣ ਨੂੰ ਮਿੰਟ ਲਾਉਂਦੇ ਆ।

ਗੁਰਮੀਤ : ਬੀਬੀ ਉਹ ਵੀ ਤਾਂ ਦੂਏ ਤੀਏ ਸਾਲ ਵਥੇਰੇ ਵਾਅਦੇ ਕਰਕੇ ਜਾਂਦੇ ਨੇ। ਜਾ ਕੇ ਪਿੱਛੇ ਘੁੱਗੂ ਬਣ ਕੇ ਬੈਠੇ ਰਹਿੰਦੇ ਨੇ। ਇਹਨਾਂ ਨੂੰ ਕਿਹੜਾ ਦਿਸਦਾ ਨੀਂ ਬਈ ਲੋਕਾਂ ਦੇ ਕਿਹੜੇ ਮਸਲੇ ਨੇ। ਉਹਨਾਂ ਤੇ ਗੱਲ ਕਰਨੀ ਚਾਹੀਦੀ ਆ। ਆਹ ਗੈਸ ਸਾਡੇ ਦੇਖਦੇ ਦੇਖਦੇ 30 ਸੈਂਟ ਦਾ ਹੁੰਦਾ ਸੀ। ਹੁਣ ਅੱਗ ਲੱਗਦਾ ਇਕ ਡਾਲਰ ਚਾਲੀ ਸੈਂਟ ਨੂੰ ਪਹੁੰਚਿਆ ਪਿਐ।

ਨਛੱਤਰ : ਬੀਬੀ ਹੁਣ ਲੋਕਾਂ ਨੂੰ ਵੀ ਵਥੇਰੀ ਸਮਝ ਆਈ ਹੋਈ ਆ। ਉਹ

ਵੀ ਕਹਿ ਦਿੰਦੇ ਨੇ, ਥੋਨੂੰ ਏ ਪਾਉਣੀਆ, ਥੋਨੂੰ ਏ ਪਾਉਣੀਆ, ਗੱਲੀਂ ਗੱਲੀਂ ਹਰੇਕ ਦੇ ਗੋਦੀ ਮੁੰਡੇ ਦੇ ਦਿੰਦੇ ਨੇ। ਕਰਦੇ ਨੇ ਅਗਲੇ ਆਪਦੀ ਮਰਜ਼ੀ।

*(ਨਛੱਤਰ ਦਾ ਦੋਸਤ ਬਲਦੇਵ ਆਉਂਦਾ ਹੈ। ਉਸਨੇ ਨਛੱਤਰ ਦੀ ਪਿਛਲੀ ਗੱਲ ਸੁਣ ਲਈ ਹੈ।)*

ਬਲਦੇਵ : ਕੌਣ ਦਿੰਦਾ ਗੋਦੀ ਮੁੰਡੇ, ਕੀਹਦੀ ਮਰਜ਼ੀ ਦੀਆਂ ਗੱਲਾਂ ਕਰਦੇ ਓਂ।

ਨਛੱਤਰ : ਬਾਈ ਆਹ ਵੋਟਾਂ ਵਾਲਿਆਂ ਦੀਆਂ। ਬੀਬੀ ਤੇ ਗੁਰਮੀਤ ਤਾਂ ਤੰਗ ਆਈਆਂ ਪਈਆਂ ਨੇ ਫੋਨਾਂ ਤੋਂ ਈ।

ਹਰਨਾਮ : ਆਹੋ ਪੁੱਤ ਅੱਗੇ ਆਹ ਰੇਡਿਓ ਵਾਲਿਆਂ ਨੇ ਵੀ ਸੋਹਣੀਆਂ ਗੱਲਾਂ ਦੱਸਣੀਆਂ ਅਕਲ ਦੀਆਂ, ਕੋਈ ਬਿਮਾਰੀ ਠਿਮਾਰੀ ਬਾਰੇ, ਕੋਈ ਚੱਜ ਚਾਰ ਦੀ। ਹੁਣ ਸਾਰੀ ਦਿਹਾੜੀ ਉਥੇ ਵੀ ਇਹਨਾਂ ਵੋਟਾਂ ਦਾ ਈ ਰੰਡੀ ਰੋਣਾ ਲੈ ਕੇ ਬੈਠੇ ਰਹਿੰਦੇ ਨੇ, ਅਖੇ ਕਦੇ ਐਮ. ਪੀ. ਦੀਆਂ ਕਦੇ ਐਮ. ਐਲ. ਏ. ਦੀਆਂ, ਕਦੇ ਸਿਟੀ ਦੀਆਂ, ਕਦੇ ਗੁਰਦਵਾਰੇ ਦੀਆਂ, ਕਦੇ ਮੰਦਰ ਦੀਆਂ। ਨਹੀਂ ਤਾਂ ਰਹਿੰਦੀਆਂ ਖੂੰਹਦੀਆਂ ਇੰਡੀਆ ਦੀਆਂ ਵੋਟਾਂ ਦਾ ਵੀ ਇਥੇ ਹੀ ਗਧੀ ਗਾਹ ਪਿਐ ਰਹਿੰਦੈ। ਕੀ ਕਰੇ ਬੰਦਾ?

ਬਲਦੇਵ : ਆਂਟੀ ਉਹਨਾਂ ਦੇ ਵੀ ਚਾਰ ਪੈਸੇ ਬਣ ਲੈਂਦੇ ਸੀਜ਼ਨ ਵਿਚ, ਵਗਦੀ ਨਦੀ 'ਚ ਹੱਥ ਧੋ ਲੈਣ ਦੇ।

ਗੁਰਮੀਤ : ਰੇਡਿਓ ਵਾਲਿਆਂ ਦਾ ਫ਼ਿਕਰ ਨਾ ਕਰੋ ਵੀਰ ਜੀ, ਉਹ ਤਾਂ ਜਦੋਂ ਅਲੈਕਸ਼ਨਾਂ ਮੁੱਕ ਗਈਆਂ ਫਿਰ ਕਿਸੇ ਜੋਤਸ਼ੀ ਨੂੰ ਬਿਠਾ ਲੈਣਗੇ। ਉਹਨਾਂ ਦੀਆਂ ਤਾਂ ਚੱਤੋ ਪਹਿਰ ਪੌਂ ਬਾਰਾਂ ਨੇ।

ਹਰਨਾਮ : ਵੇ ਭਾਈ ਕੰਨ ਵੀ ਥੱਕਗੇ, ਤੀਏ ਦਿਨ ਇਹੀ ਸੁਣ ਸੁਣ ਕੇ, ਮੈਨੂੰ ਤਾਂ ਵੋਟਾਂ ਦੇ ਨਾਂ ਤੋਂ ਈ ਬੁਖਾਰ ਚੜ੍ਹਨ ਲੱਗ ਜਾਂਦੈ। ਮੈਂ ਤਾਂ ਅੱਜ ਨਛੱਤਰ ਦੇ ਫਰੈਂਡ ਦੇ ਈ ਗਲ਼ ਪੈ ਗਈ।

ਬਲਦੇਵ : ਆਂਟੀ ਐਂਤਕੀ ਦੀਆਂ ਚੋਣਾਂ 'ਚ ਤੈਨੂੰ ਨਾ ਖੜ੍ਹਾ ਦੀਏ?

ਹਰਨਾਮ : ਜਾ ਵੇ ਪਰੇ, ਕਿਉਂ ਟਿੱਚਰਾਂ ਕਰਦੈ ਬੁੱਢੀ ਠੇਰੀ ਨੂੰ, ਮੇਰੀ ਕੋਈ ਵਰੇਸ ਐ ਵੋਟਾਂ 'ਚ ਖੜ੍ਹਨ ਦੀ।

ਗੁਰਮੀਤ : ਗੱਲ ਤਾਂ ਵੀਰ ਜੀ ਠੀਕ ਐ, ਸਾਡੀ ਬੀਬੀ ਜਿੰਨੀਆਂ ਤਾਂ ਲੀਡਰਾਂ ਨੂੰ ਵੀ ਗੱਲਾਂ ਨੀ ਆਉਂਦੀਆਂ ਹੋਣੀਆਂ।

ਨਛੱਤਰ : ਆਹੋ ਬੀਬੀ ਨੇ ਕਿਸੇ ਨੂੰ ਬਾਰੇ ਥੋੜ੍ਹਾ ਆਉਣ ਦੇਣੈ।



ਹਰਨਾਮ : ਜਾ ਵੇ ਪਰੇ ਨਛੱਤਰਾ, ਅਖੇ ਅੰਨ੍ਹਾ ਜੁਲਾਹਾ ਮਾਂ ਨਾਲ ਮਸ਼ਕਰੀਆਂ। ਦੱਸ ਫੋਟ।

ਬਲਦੇਵ : ਆਂਟੀ ਬਣੀ ਹੁੰਦੀ ਨਾ ਤੂੰ ਐਮ. ਪੀ., ਲ਼ਾਏ ਹੁੰਦੇ ਛੇ ਸਾਲ, ਸਾਰੀ ਉਮਰ ਦੀ ਪੈਨਸ਼ਨ ਕੁੱਟਣੀ ਸੀ, ਆਹ ਤੇਰੇ ਜੁਆਕਾਂ ਨੂੰ ਹੁਣ ਕਾਸੇ ਦਾ ਫ਼ਿਕਰ ਨਾ ਹੁੰਦਾ।

ਹਰਨਾਮ : ਵੇ ਪੁੱਤ ਸਿਰਫ਼ ਛੇ ਸਾਲ।

ਬਲਦੇਵ : ਜੇ ਐਂਦੂ ਘੱਟ ਵੀ ਹੁੰਦੀ ਤਾਂ ਵੀ ਸੈਪਰੈਂਸ ਪੇ ਦਾ ਗੱਫਾ ਤਾਂ ਮਿਲ ਹੀ ਜਾਣਾ ਸੀ। ਆਹ ਐਥੇ 35-35 ਸਾਲ ਮਿੱਲਾਂ 'ਚ ਕੰਮ ਕਰਕੇ ਕੱਖ ਨੀ ਮਿਲਦਾ ਮਜ਼ਦੂਰਾਂ ਨੂੰ।

ਗੁਰਮੀਤ : ਫੇਰ ਤਾਂ ਖੜ੍ਹਾਓ ਬਈ ਬੀਬੀ ਨੂੰ, ਅਗਲੀਆਂ ਵੋਟਾਂ'ਚ।

ਹਰਨਾਮ : ਖੜ੍ਹਨ ਨੂੰ ਕੀ ਆ ਮੈਨੂੰ ਕਿਹੜਾ ਕੁਛ ਪਤਾ ਨੀ, ਮੈਨੂੰ ਤਾਂ ਅੰਗਰੇਜ਼ੀ ਜ਼ੀ ਨੇ ਹੀ ਪੁੱਠੇ ਵਾਹਣੀਂ ਪਾ ਲਿਆ। ਸਾਡੇ ਪਿੰਡ ਵਿਚ ਤਾਂ ਮੈਂ ਸਾਰੇ ਪਿੰਡ ਦੇ ਫ਼ੈਸਲੇ ਕਰਾ ਆਉਂਦੀ ਸੀ। ਹੁਣ ਤਾਂ ਮੈਨੂੰ ਇਹ ਚੋਣਾਂ ਵੀ ਫਜ਼ੂਲ ਜਿਹੀਆਂ ਲੱਗਦੀਆਂ ਨੇ।

ਬਲਦੇਵ : ਗੱਲ ਤਾਂ ਆਂਟੀ ਦੀ ਠੀਕ ਆ। ਜਿੱਦਣ ਦੇ ਜੰਮੇ ਆ ਵੋਟਾਂ ਦੇ ਗਧੀ ਗੇੜ 'ਚ ਏ ਪਏ ਹੋਏ ਆਂ।

ਨਛੱਤਰ : ਆਮ ਲੋਕਾਂ ਨੂੰ ਤਾਂ ਵੋਟਾਂ ਦਾ ਖਰਚ ਹੀ ਖੜ੍ਹਾ ਹੁੰਦੈ। ਉਹਨਾਂ ਦੀਆਂ ਸਹੂਲਤਾਂ ਤੇ ਤਾਂ ਕੱਟ ਤੇ ਕੱਟ ਲਾਈ ਜਾਂਦੇ ਨੇ। ਵੋਟਾਂ ਤੇ ਖਰਚ ਕਰਕੇ ਲੋਕਾਂ ਦਾ ਟੈਕਸ ਹੋਰ ਵਧਾਈ ਜਾਂਦੇ ਆ।

ਬਲਦੇਵ : ਨਛੱਤਰ ਉਹਨਾਂ ਨੇ ਆਪਣੇ ਖਰਚੇ ਤਾਂ ਕਦੇ ਘੱਟ ਨਹੀਂ ਕੀਤੇ, ਹੁਣ ਆਹ ਤੇਰੇ ਸਾਹਮਣੇ ਜਦੋਂ ਇਕ ਦੂਜੇ 'ਤੇ ਦੂਸ਼ਣਬਾਜ਼ੀ ਕਰਦੇ ਨੇ ਉਦੋਂ ਆਹ ਸਾਰਿਆਂ ਦੇ ਈ ਪੋਲ ਖੁੱਲ੍ਹਦੇ ਨੇ। ਕਿੰਨਾ ਇਹ ਪਾਰਲੀਮੈਂਟ ਵਿਚ ਜਾ ਕੇ ਹਾਜ਼ਰ ਹੁੰਦੇ ਨੇ ਤੇ ਕਿੰਨੇ ਲੋਕਾਂ ਦੇ ਮਸਲੇ ਹੱਲ ਕਰਦੇ ਨੇ। ਵੋਟਾਂ ਵੇਲੇ ਸਭ ਕਹਿਣਗੇ ਆਹ ਵੀ ਕਰਾਂਗੇ, ਔਹ ਵੀ ਕਰਾਂਗੇ।

ਨਛੱਤਰ : ਬਲਦੇਵ ਮੈਨੂੰ ਲੱਗਦੈ ਇੱਥੇ ਵੀ ਇੰਡੀਆ ਵਾਲਾ ਹਾਲ ਹੀ ਹੋ ਜਾਣੈ।

ਬਲਦੇਵ : ਆਹੋ ਹੈ ਤਾਂ ਇਹੀ। ਲੋਕ ਤਾਂ ਐਥੇ ਵੀ ਵਥੇਰੇ ਕਰਜ਼ਈ ਹੋਏ ਪਏ ਨੇ।

ਨਛੱਤਰ : ਆਹੋ ਕਹਿੰਦੇ ਜਿਹੜੇ ਜਿੱਤਣਗੇ ਜੇ ਚਾਰ ਸਾਲਾਂ,ਚ ਉਹਨਾਂ ਨੇ ਕੁਝ ਨਾ ਕੀਤਾ ਤਾਂ ਲੋਕਤੰਤਰ ਆ, ਲੋਕ ਫੇਰ ਬਦਲ ਦੇਣਗੇ।

ਬਈ ਇਹਨਾਂ ਦੇ ਚਾਰ ਚਾਰ ਸਾਲ ਹੁਣ ਤਾਂ ਦੋ ਢਾਈ ਸਾਲ ਉਡੀਕਦੇ ਉਡੀਕਦੇ ਅਸੀਂ ਤਾਂ ਬੁੱਢੇ ਹੋ ਜਾਣੈ। ਹੈਲਥ ਤੇ ਐਜੂਕੇਸ਼ਨ ਦੇ ਮੁੱਦੇ ਤੇ ਤਾਂ ਕੋਈ ਗੱਲ ਈ ਨੀ ਕਰਦੇ ਚੱਜ ਨਾਲ।

ਗੁਰਮੀਤ : ਇਹਨਾਂ ਗੱਲਾਂ ਬਾਰੇ ਤਾਂ ਅਸੀਂ ਗੌਲ਼ਦੇ ਈ ਨੀ ਬੱਸ ਸਿਰ ਸਿੱਟ ਕੇ ਘਰ ਦੀਆਂ ਕਿਸ਼ਤਾਂ ਲਾਹੁਣ ਦੇ ਚੱਕਰ ਵਿਚ ਹੀ ਦਿਨ ਰਾਤ ਭੱਜੇ ਫਿਰੀ ਜਾਂਦੇ ਹਾਂ।

ਬਲਦੇਵ : ਹੋਰ ਸੁਣੋ, ਆਮ ਆਦਮੀ ਤਾਂ ਸਾਰੀ ਉਮਰ ਇੱਕੋ ਘਰ ਦੀਆਂ ਕਿਸ਼ਤਾਂ ਦੇਈ ਜਾਂਦੈ ਕਿਉਂਕਿ ਦਸ ਹਜ਼ਾਰ ਤੋਂ ਉਸਦੀ ਵੱਧ ਇਨਕਮ ਤੇ ਟੈਕਸ ਦੇਣਾ ਪੈਂਦੈ। ਦੂਜੇ ਪਾਸੇ ਵੱਡੀਆਂ ਵੱਡੀਆਂ ਕੰਪਨੀਆਂ ਬਿਲੀਅਨਜ਼ ਡਾਲਰ ਕਮਾ ਰਹੀਆਂ ਹਨ, ਉਹਨਾਂ ਨੂੰ ਟੈਕਸਾਂ ਦੀਆਂ ਛੋਟਾਂ ਦਿੱਤੀਆਂ ਜਾਂਦੀਆਂ ਨੇ।

ਹਰਨਾਮ : ਉਹ ਕਿਉਂ ? ਉਹਨਾਂ ਤੇ ਟੈਕਸ ਕਿਉਂ ਨੀਂ ਲੱਗਦਾ।

ਬਲਦੇਵ : ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਦੀਆਂ ਉਂਗਲਾਂ ਤੇ ਈ ਨੱਚਦੀਆਂ ਨੇ। ਇੱਥੇ ਡੈਮੋਕਰੇਸੀ ਨੀਂ। ਇਹ ਤਾਂ ਕਾਰਪੋਰੇਸੀ ਆ। ਉਹਨਾਂ ਨੂੰ ਤਾਂ ਬਹੁਤ ਮੁਨਾਫ਼ਾ ਹੁੰਦੈ। ਪਿੱਛੇ ਜਿਹੇ ਖ਼ਬਰ ਨਹੀਂ ਸੀ ਆਈ ਬਈ ਆਹ ਕਈ ਦਵਾਈਆਂ ਬਣਾਉਣ ਤੇ ਘੱਟ ਖ਼ਰਚ ਆਉਂਦੈ ਤੇ ਉਹਨਾਂ ਨੂੰ ਮੁਨਾਫ਼ਾ ਦੋ ਢਾਈ ਸੌ ਪਰਸੈਂਟ ਹੁੰਦੈ। ਉਹਨਾਂ ਮੂਹਰੇ ਨੀਂ ਇਹ ਭੋਰਾ ਵੀ ਕੁਸਕਦੇ।

ਗੁਰਮੀਤ : ਆਮ ਆਦਮੀ ਤਾਂ ਵੀਰ ਜੀ ਬਿਮਾਰ ਹੋਣ ਤੇ ਦਵਾਈ ਵੀ ਨਹੀਂ ਲੈ ਸਕਦਾ। ਮੇਰੇ ਪਾਪਾ ਜੀ ਦੀ ਦਵਾਈ ਡਾਕਟਰ ਨੇ 375 ਡਾਲਰ ਦੀ ਲਿਖ ਦਿੱਤੀ। ਉਹ ਵਿਚਾਰੇ ਚੁੱਪ ਕਰਕੇ ਘਰ ਮੁੜ ਆਏ।

ਹਰਨਾਮ : ਨਾ ਸਾਰੇ ਊਈਂ ਕਹਿ ਦਿੰਦੇ ਨੇ ਕਿ ਇੰਡੀਆ ਵਾਂਗੂੰ ਇੱਥੇ ਕੋਈ ਧੋਖਾਦੇਹੀ ਨੀ।

ਨਛੱਤਰ : ਧੋਖਾਦੇਹੀ ਤਾਂ ਬੀਬੀ ਮੈਥੋਂ ਸੁਣ ਲੈ। ਜੇ ਇਹਨਾਂ ਨੇ ਕੋਈ ਫ਼ੈਸਲਾ ਲੈਣਾ ਹੁੰਦੈ ਨਾ ਜਿਹਦੇ ਤੇ ਲੋਕ ਨਾ ਬੋਲਣ ਉਹਦਾ ਐਲਾਨ ਫਰਾਈਡੇ ਤੇ ਕਰਨਗੇ, ਬਈ ਦੋ ਦਿਨ ਉਹਨਾਂ ਦੀਆਂ ਛੁੱਟੀਆਂ ਨੇ ਸੋਮਵਾਰ ਨੂੰ ਅਗਲਿਆਂ ਨੇ ਕੰਮਾਂ ਤੇ ਚਲੇ ਜਾਣੈ, ਆਪੇ ਭੁੱਲ ਭੁਲਾ ਜਾਣਗੇ।



ਹਰਨਾਮ : ਇਹ ਤਾਂ ਫਿਰ ਸਾਰੇ ਵੋਟਾਂ ਲੈਣ ਲਈ ਝੂਠੇ ਲਾਰੇ ਈ ਹੋਏ ?

ਬਲਦੇਵ : ਲੋਕਾਂ ਨਾਲ ਇਹਨਾਂ ਦੇ ਝੂਠੇ ਲਾਰੇ ਇਵੇਂ ਈ ਰਹਿਣੇ ਨੇ ਪਰ ਜਦੋਂ ਇਹਨਾਂ ਨੇ ਆਵਦੀਆਂ ਤਨਖਾਹਾਂ ਵਧਾਉਣੀਆਂ ਹੁੰਦੀਆਂ ਨੇ ਸਣੇ ਵਿਰੋਧੀ ਪਾਰਟੀ ਚੁੱਪ ਚਪੀਤੇ ਸਭ ਕਰ ਲੈਂਦੇ ਨੇ।

ਨਛੱਤਰ : ਲੋਕ ਤਾਂ ਕੁੰਭਕਰਨ ਦੀ ਨੀਂਦ ਸੁੱਤੇ ਪਏ ਨੇ, ਪਤਾ ਨਹੀਂ ਕਦੋਂ ਜਾਗਣਗੇ।

ਗੁਰਮੀਤ : ਵੀਰ ਜੀ ਪਿੱਛੇ ਜਿਹੇ ਪੋਸਟਲ ਵਰਕਰਾਂ ਨੇ ਸਟਰਾਈਕ ਤਾਂ ਕੀਤੀ ਸੀ, ਉਹਨਾਂ ਦਾ ਵੀ ਨੀ ਕੁਸ਼ ਬਣਿਆ।

ਬਲਦੇਵ : ਉਹਨਾਂ ਨਾਲ ਤਾਂ ਦੇਖ ਲਓ ਗੌਰਮਿੰਟ ਨੇ ਦਿਨ ਦੁਪਹਿਰੇ ਧੱਕਾ ਈ ਕੀਤੈ। ਉਵੇਂ ਬੈਕ ਟੂ ਵਰਕ ਭੇਜਤੇ।

ਹਰਨਾਮ : ਲੋਕ ਕਰਨ ਤਾਂ ਕੀ ਕਰਨ ?

ਬਲਦੇਵ : ਲੋਕਾਂ ਨੂੰ ਚਾਹੀਦਾ ਹੈ ਉਹ ਇਕੱਠੇ ਹੋ ਕੇ ਸੋਚਣ ਤੇ ਵਿਚਾਰਨ ਕਿ ਉਹਨਾਂ ਦੀ ਸਿੱਧੀ ਤੇ ਅਸਿੱਧੀ ਲੁੱਟ ਲਈ ਕੌਣ ਤੇ ਕਿਵੇਂ ਜ਼ਿੰਮੇਵਾਰ ਹੈ ਤੇ ਨਾਲੇ ਉਹ ਸਰਮਾਏਦਾਰਾਂ ਦੀਆਂ ਕਠਪੁਤਲੀਆਂ ਬਣੇ ਆਪਣੇ ਲੀਡਰਾਂ ਦੀਆਂ ਚਾਲਾਂ ਨੂੰ ਪਛਾਣਨ ਤੇ ਆਪਣੇ ਹੱਕਾਂ ਦੀ ਰਾਖੀ ਦਾ ਪ੍ਰਣ ਕਰਨ ਤੇ ਜੇਕਰ ਆਪਾਂ ਹੁਣ ਵੀ ਨਾ ਜਾਗੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਆਰਥਕ ਮੰਦਹਾਲੀ ਦਾ ਉਹ ਦੈਂਤ ਜਿਸਨੇ ਸਾਰੇ ਯੂਰਪ ਅਤੇ ਸਾਡੇ ਕਹਿੰਦੇ ਕਹਾਉਂਦੇ ਗੁਆਂਢੀ ਮੁਲਕ ਨੂੰ ਆਪਣੇ ਖ਼ੂੰਖਾਰ ਪੰਜਿਆਂ ਵਿਚ ਜਕੜ ਲਿਆ ਹੈ। ਉਹ ਸਾਡੇ ਦੇਸ਼ ਦੀ ਧਰਤੀ ਤੇ ਵੀ ਪੈਰ ਧਰ ਸਾਡਾ ਬਚਿਆ ਖੁਚਿਆ ਖ਼ੂਨ ਪੀ ਕੇ ਪਿੰਜਰ ਬਣ ਚੁੱਕੇ ਸਾਡੇ ਸਾਰਿਆਂ ਵੱਲ ਵੇਖ ਵੇਖ ਕਿਲਕਾਰੀਆਂ ਮਾਰਿਆ ਕਰੂਗਾ।

ਨਛੱਤਰ : ਬਲਦੇਵ ਬਾਈ (ਸਾਰੇ) ਇਹ ਗੱਲ ਤੇਰੀ ਬਿਲਕੁੱਲ ਠੀਕ ਹੈ।
*(ਸਾਰੇ ਪਾਤਰ ਸਟੇਜ ਤੇ ਆਉਂਦੇ ਹਨ ਤੇ ਸੰਤ ਰਾਮ ਉਦਾਸੀ ਦਾ ਗਾਣਾ ਵੱਜ ਰਿਹਾ ਹੈ। ਉਹ ਸਾਰੇ ਇਸਤੇ ਐਕਸ਼ਨ ਕਰਦੇ ਹਨ।)*
ਲੋਕੋ ਬਾਜ਼ ਆਓ ਝੂਠੇ ਲੀਡਰਾਂ ਤੋਂ,
ਇਹਨਾਂ ਦੇਸ਼ ਨੂੰ ਵੇਚ ਕੇ ਖਾ ਛੱਡਣੈ।
ਇਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨੀਂ,
ਇਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣੈ।

*(ਪਰਦਾ ਡਿੱਗਦਾ ਹੈ।)*

**ਸਮਾਪਤ**

ਤਰਕਸ਼ੀਲ ਕਲਚਰਲ ਸੁਸਾਇਟੀ ਆਫ ਕੈਨੇਡਾ ਵਲੋਂ 'ਚੋਣਾਂ ਆ ਗਈਆਂ' ਦੇ ਨਾਂ ਹੇਠ ਪਹਿਲੀ ਵਾਰ 9 ਅਕਤੂਬਰ, 2011 ਨੂੰ ਸਰ੍ਹੀ ਦੇ ਬੈੱਲ ਪਰਫਾਰਮਿੰਗ ਆਰਟ ਸੈਂਟਰ ਵਿਚ ਬਹੁਤ ਹੀ ਸਫ਼ਲਤਾ ਪੂਰਵਕ ਖੇਡਿਆ ਗਿਆ। ਉਸ ਤੋਂ ਬਾਅਦ 16 ਅਕਤੂਬਰ, 2011 ਨੂੰ ਕੈਲਗਰੀ ਵਿਚ ਇਸਦੀ ਪੇਸ਼ਕਾਰੀ ਕੀਤੀ ਗਈ।

ਨਾਟਕ ਦੇ ਮੰਚਨ ਸਮੇਂ ਹੇਠ ਲਿਖੇ ਕਲਾਕਾਰਾਂ ਨੇ ਕਿਰਦਾਰ ਨਿਭਾਏ।

ਗੁਰਤੇਜ ਗਿੱਲ
ਅਨਮੋਲ ਸਵੈਚ
ਹਰਪਾਲ ਗਿੱਲ
ਜਸਵੀਰ ਮੰਗੂਵਾਲ
ਸੁਖਜਿੰਦਰ ਗਿੱਲ
ਪਰਮਜੀਤ ਗਿੱਲ
ਗੁਰਮੇਲ ਗਿੱਲ
ਗੁਰਜੰਟ ਢਿੱਲੋਂ
ਨਿਰਮਲ ਕਿੰਗਰਾ
ਪਰਮਿੰਦਰ ਸਵੈਚ

# ਆਖ਼ਰੀ ਖ਼ਾਹਿਸ਼



ਪਾਤਰ
ਸੂਤਰਧਾਰ :- ਬੈਕ ਸਟੇਜ
ਕਰਤਾਰ ਸਿੰਘ ਸਰਾਭਾ
ਸੋਹਣ ਸਿੰਘ ਭਕਨਾ
ਭਾਈ ਸੁਰੈਣ ਸਿੰਘ
ਭਾਈ ਹਰਨਾਮ ਸਿੰਘ
ਭਾਈ ਜਗਤ ਸਿੰਘ
ਭਾਈ ਪੂਰਨ ਸਿੰਘ
ਭਾਈ ਬਖ਼ਸ਼ੀਸ਼ ਸਿੰਘ
ਵਿਸ਼ਨੂੰ ਗਣੇਸ਼ ਪਿੰਗਲੇ
ਦੋ ਗੋਰੇ ਅਫਸਰ
ਆਦਮੀ
ਮੇਨੈਜਰ
ਮਾਤਾ ਜੀ
ਨੌਜਵਾਨ ਕੁੜੀ
ਦਾਦਾ ਜੀ
ਕੁਝ ਹੋਰ ਬੰਦੇ ਤੇ ਇਸਤਰੀਆਂ ਲੋੜ ਅਨੁਸਾਰ ਪਾਏ ਜਾ ਸਕਦੇ ਹਨ।
ਜੱਜ
ਜੇਲ੍ਹਰ
ਵਕੀਲ
ਟਾਈਪ ਰਾਈਟਰ

## ਦ੍ਰਿਸ਼ ਪਹਿਲਾ

*(ਪਰਦਾ ਖੁਲ੍ਹਣ ਤੇ ਰੌਸ਼ਨੀ ਹੁੰਦੀ ਹੈ ਤਾਂ ਸ਼ਹੀਦ ਕਰਤਾਰ ਸਿੰਘ ਸਟੇਜ ਤੇ ਆਉਂਦਾ ਹੈ, ਉਸਦੇ ਹੱਥ ਵਿਚ ਅੰਗਰੇਜ਼ੀ ਦਾ ਅਖ਼ਬਾਰ ਹੈ ਤੇ ਆਪਣੇ ਵਿਚਾਰਾਂ ਵਿਚ ਮਗਨ ਹੈ, ਇਸ ਸਮੇਂ ਸੂਤਰਧਾਰ ਸਟੇਜ ਦੇ ਪਿੱਛੇ ਤੋਂ ਬੋਲ ਰਿਹਾ ਹੈ ਤੇ ਅਖੀਰ ਵਿਚ ਸੂਤਰਧਾਰ ਦੇ ਅਖੀਰਲੇ ਸ਼ਬਦਾਂ ਨਾਲ ਕਰਤਾਰ ਸਿੰਘ ਗੁੱਸੇ ਵਿਚ ਸਟੇਜ ਤੋਂ ਬਾਹਰ ਜਾਂਦਾ ਹੈ।)*

ਸੂਤਰਧਾਰ : ਰਣਚੰਡੀ ਦੇ ਇਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਉਸ ਵੇਲੇ ਬੀਹਾਂ ਸਾਲਾਂ ਦੀ ਵੀ ਨਹੀਂ ਹੋਈ ਸੀ ਜਦ ਉਸਨੇ ਸਵਤੰਤਰਤਾ ਦੇਵੀ ਦੀ ਬਲੀ ਵੇਦੀ ਉੱਤੇ ਆਪਣੀ ਕੁਰਬਾਨੀ ਦੇ ਦਿੱਤੀ। ਹਨੇਰੀ ਵਾਂਗ ਉਹ ਇਕ ਦਮ ਕਿਤਿਉਂ ਆਏ, ਅੱਗ ਭੜਕਾਈ ਤੇ ਸੁਪਨਿਆਂ 'ਚ ਪਈ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਬਗਾਵਤ ਦਾ ਯੱਗ ਰਚਿਆ ਅਤੇ ਆਖ਼ਰਕਾਰ ਉਹ ਖ਼ੁਦ ਆਪ ਇਸ ਵਿਚ ਭਸਮ ਹੋ ਗਏ। ਸੰਨ 1896 ਵਿਚ ਜਨਮੇ ਕਰਤਾਰ ਸਰਾਭਾ, ਦਸਵੀਂ ਦੀ ਪੜ੍ਹਾਈ ਤੋਂ ਬਾਅਦ 1912 ਵਿਚ ਸਾਨਫ੍ਰਾਂਸਿਸਕੋ ਚਲੇ ਗਏ। ਅਜ਼ਾਦ ਦੇਸ਼ ਵਿਚ ਜਾ ਕੇ ਕਦਮ ਕਦਮ ਤੇ ਆਪ ਦੇ ਕੋਮਲ ਦਿਲ ਉੱਤੇ ਚੋਟ ਲੱਗੀ। ਜਦੋਂ ਅੰਗਰੇਜ਼ ਲੋਕ ਭਾਰਤੀਆਂ ਨੂੰ ਇੰਡੀਅਨ ਡੌਗਜ਼ ਤੇ ਡਰਟੀ ਹਿੰਦੂ ਕਹਿ ਕੇ ਬੁਲਾਉਂਦੇ ਸਨ।
*(ਪਿੱਛੇ ਤੋਂ ਬੋਲ ਉਭਰਦੇ ਹਨ)*

ਬਿਨ੍ਹਾਂ ਜੂਝਿਆਂ ਮਿਲਣ ਅਜ਼ਾਦੀਆਂ ਨਾ,
ਆਉਣਾ ਰਾਸ ਬਿਨ ਤੇਗ ਸ਼ੈਤਾਨ ਕੀ ਏ।
ਮਾਲਕ ਆਪਣੇ ਮੁਲਕ ਨਾ ਹੋਣ ਜਿਹੜੇ,
ਜਿਊਣਾ ਉਹਨਾਂ ਦਾ ਏਸ ਜਹਾਨ ਕੀ ਏ।



(ਸੰਗੀਤ ਦੇ ਦੌਰਾਨ ਇਕ ਸਾਥੀ ਸੂਰੈਣ ਸਿੰਘ ਆਉਂਦਾ ਹੈ ਜਿਸਦੇ ਹੱਥ ਵਿਚ ਅਖ਼ਬਾਰ ਹੈ ਜਿਵੇਂ ਉਹ ਕਿਸੇ ਦੀ ਉਡੀਕ ਕਰ ਰਿਹਾ ਹੋਵੇ ਤੇ ਬੈਂਚ ਤੇ ਬੈਠ ਜਾਂਦਾ ਹੈ ਤੇ ਸੋਹਣ ਸਿੰਘ ਭਕਨਾ ਆ ਕੇ ਉਸ ਨੂੰ ਮਿਲਦਾ ਹੈ।)

ਸੁਰੈਣ ਸਿੰਘ : ਭਾਈ ਸਾਹਿਬ ਸਤਿ ਸ੍ਰੀ ਅਕਾਲ।

ਸੋਹਣ ਸਿੰਘ : ਸਤਿ ਸ੍ਰੀ ਅਕਾਲ ਜੀ ਸਤਿ ਸ੍ਰੀ ਅਕਾਲ, ਤੁਹਾਨੂੰ ਜਿਆਦਾ ਉਡੀਕ ਤਾਂ ਨਹੀਂ ਕਰਨੀ ਪਈ।

ਸੁਰੈਣ ਸਿੰਘ : ਨਹੀਂ ਜਿਆਦਾ ਨਹੀਂ, ਮੈਨੂੰ ਵੀ ਥੋੜਾ ਚਿਰ ਹੀ ਹੋਇਆ ਹੈ ਆਏ ਨੂੰ।

ਸੋਹਣ ਸਿੰਘ : ਹੋਰ ਸੁਣਾਓ ਕੀ ਹਾਲ ਚਾਲ ਨੇ।

ਸੁਰੈਣ ਸਿੰਘ : ਹਾਲ ਤਾਂ ਤੁਹਾਨੂੰ ਪਤਾ ਹੀ ਹੈ ਕਿ ਪ੍ਰਦੇਸਾਂ ਵਿਚ ਕਿਹੋ ਜਿਹੇ ਹੋ ਸਕਦੇ ਨੇ, ਆਰ ਪ੍ਰਵਾਰ ਵੀ ਛੱਡਿਆ, ਇੱਥੇ ਕੋਈ ਕੰਮਕਾਰ ਵੀ ਨਹੀਂ ਮਿਲ ਰਿਹਾ।

ਸੋਹਣ ਸਿੰਘ : ਭਾਈ ਸਾਹਿਬ, ਮੈਂ ਤੁਹਾਨੂੰ ਤਾਂ ਹੀ ਕਿਹਾ ਸੀ ਕਿ ਮੈਂ ਇਕ ਕੰਮ ਦਾ ਪਤਾ ਕੀਤਾ ਹੈ, ਜਾ ਕੇ ਦੇਖ ਲੈਂਦੇ ਹਾਂ।

ਸੂਰੈਣ ਸਿੰਘ : ਮੈਂ ਤਾਂ ਸੋਚਦਾਂ ਹਾਂ ਕਿ ਘਰ ਤੋਂ ਬਾਹਰ ਆ ਕੇ ਜਿਹੋ ਜਿਹਾ ਵੀ ਕੰਮ ਮਿਲੇਗਾ, ਕਰ ਹੀ ਲੈਣੇ।

ਸੋਹਣ ਸਿੰਘ : ਆਹੋ ਸਰਨਾ ਹੈ ਤਾਂ ਹੈ ਨਹੀਂ, ਨਹੀਂ ਤਾਂ ਇੱਥੇ ਆ ਕੇ ਵੀ ਭੁੱਖੇ ਹੀ ਮਰਾਂਗੇ।

ਸੁਰੈਣ ਸਿੰਘ : ਚੰਗਾ ਹੀ ਹੋਵੇਗਾ ਅਗਰ ਅੱਜ ਕੰਮ ਮਿਲ ਜਾਵੇ ਤਾਂ।

ਸੋਹਣ ਸਿੰਘ : ਸੁਣਿਆ ਤਾਂ ਇਹ ਹੈ ਕਿ ਇਹ ਮੈਨੇਜਰ ਚੰਗਾ ਹੈ, ਬਾਕੀ ਮਿਲ ਕੇ ਪਤਾ ਲੱਗੇਗਾ। ਚਲੋ ਚਲਦੇ ਹਾਂ।
(ਉਹ ਜਾਂਦੇ ਹਨ, ਸਟੇਜ ਦੇ ਦੂਸਰੇ ਪਾਸੇ ਕੁਰਸੀ ਤੇ ਗੋਰਾ ਮੈਨੇਜਰ ਬੈਠਾ ਹੈ। ਟੇਬਲ ਸਾਹਮਣੇ ਪਿਆ ਹੈ। ਦੋ ਕੁਰਸੀਆਂ ਕੋਲ ਪਈਆਂ ਹਨ। ਸੋਹਣ ਸਿੰਘ ਭਕਨਾ ਤੇ ਸਾਥੀ ਆਉਂਦੇ ਹਨ।)

ਮੈਨੇਜਰ : ਹੈਲੋ, ਬੈਠੋ। *(ਉਹ ਬੈਠ ਜਾਂਦੇ ਹਨ।)*

ਸੋਹਣ ਸਿੰਘ : ਅਸੀਂ ਕੰਮ ਦਾ ਪਤਾ ਕਰਨ ਆਏ ਹਾਂ ਅਗਰ ਆਪਦੇ ਪਾਸ ਕੰਮ ਹੈ, ਤਾਂ ਸਾਨੂੰ ਜ਼ਰੂਰ ਦਿਉ।

ਮੈਨੇਜਰ : ਮੇਰੇ ਪਾਸ ਕੰਮ ਤਾਂ ਬਹੁਤ ਹੈ ਪਰ ਤੁਹਾਡੇ ਲਈ ਨਹੀਂ।

ਸੂਰੈਣ ਸਿੰਘ : ਕਿਉਂ ? ਸਾਡੇ ਲਈ ਕਿਉਂ ਨਹੀਂ।

ਮੈਨੇਜਰ : ਮੇਰਾ ਤਾਂ ਜੀਅ ਕਰਦੈ, ਤੁਹਾਨੂੰ ਗੋਲੀ ਮਾਰ ਦਿਆਂ।

ਸੋਹਣ ਸਿੰਘ : *(ਹੈਰਾਨੀ 'ਚ)* ਅਸੀਂ ਕੀ ਗੁਨਾਹ ਕੀਤਾ ਏ?

ਮੈਨੇਜਰ : ਤੁਹਾਡੀ ਅਬਾਦੀ ਕਿੰਨੀ ਹੈ?

ਸੁਰੈਣ ਸਿੰਘ : ਭਾਰਤੀਆਂ ਦੀ ਅਬਾਦੀ ਤਾਂ 33 ਕਰੋੜ ਹੈ ਪਰ ਕਿਉਂ?

ਮੈਨੇਜਰ : ਤੇ ਅੰਗਰੇਜ਼ਾਂ ਦੀ?

ਸੋਹਣ ਸਿੰਘ : ਉਹਨਾਂ ਦੀ ਤਾਂ ਬੱਸ 4 ਕੁ ਕਰੋੜ ਹੀ ਹੈ, ਪਰ ਤੁਸੀਂ ਸਾਨੂੰ ਇਹ ਕਿਉਂ ਪੁੱਛਦੇ ਹੋ?

ਮੈਨੇਜਰ : ਸ਼ਰਮ ਦੀ ਗੱਲ ਹੈ ਕਿ 33 ਕਰੋੜ ਲੋਕ, 4 ਕਰੋੜ ਦੇ ਗੁਲਾਮ ਹਨ। ਕੰਮ ਭਾਲਣ ਦੀ ਬਜਾਇ ਪਹਿਲਾਂ ਆਪਦਾ ਦੇਸ਼ ਅਜ਼ਾਦ ਕਰਾਓ, ਫਿਰ ਜਦੋਂ ਵਾਪਸ ਅਮਰੀਕਾ ਆਵੋਗੇ ਤਾਂ ਸਭ ਤੋਂ ਪਹਿਲਾਂ ਤੁਹਾਡਾ ਸੁਆਗਤ ਮੈਂ ਕਰਾਂਗਾ।

(ਦੋਨੋਂ ਚੁਪ ਚਾਪ ਨੀਵੀਂ ਪਾ ਕੇ ਤੁਰ ਆਉਂਦੇ ਹਨ, ਤੇ ਗਾਣਾ ਵੱਜ ਰਿਹਾ ਹੈ। ਰੌਸ਼ਨੀ ਚਲੀ ਜਾਂਦੀ ਹੈ।)

*"ਦੇਸ਼ ਪੈਣ ਧੱਕੇ, ਬਾਹਰ ਮਿਲੇ ਢੋਈ ਨਾ।*
*ਸਾਡਾ ਪਰਦੇਸੀਆਂ ਦਾ, ਦੇਸ਼ ਕੋਈ ਨਾ।"*

## ਦ੍ਰਿਸ਼ ਦੂਜਾ

*(ਜਦੋਂ ਰੋਸ਼ਨੀ ਆਉਂਦੀ ਹੈ ਤਾਂ ਮੀਟਿੰਗ ਚਲ ਰਹੀ ਹੈ ਅਤੇ ਹੋਰ ਸਾਥੀ ਆ ਰਹੇ ਹਨ, ਸਾਰੇ ਬਹੁਤ ਖ਼ੁਸ਼ ਦਿਖਾਈ ਦੇ ਰਹੇ ਹਨ। ਸਟੇਜ ਦੇ ਪਿੱਛਿਓਂ ਸੂਤਰਧਾਰ ਬੋਲ ਰਿਹਾ ਹੈ।)*

ਸੂਤਰਧਾਰ : 1913 ਵਿਚ ਲਾਲਾ ਹਰਦਿਆਲ ਤੇ ਉਨ੍ਹਾਂ ਦੇ ਸਾਥੀਆਂ ਦੇ ਯਤਨਾਂ ਨਾਲ ਓਰੀਗਨ ਅਤੇ ਵਸ਼ਿੰਗਟਨ ਦੀਆਂ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਭਾਰਤੀ ਕਾਮਿਆਂ ਵਿਚ ਇੰਨੀ ਚੇਤਨਾ ਪੈਦਾ ਹੋ ਗਈ ਜਿਸਨੇ ਇਕ ਜਥੇਬੰਦੀ ਦੀਆਂ ਨੀਹਾਂ ਰੱਖ ਦਿੱਤੀਆਂ, ਜਿਸਦੇ ਫਲਸਰੂਪ ਆਸਟਰੀਆ ਵਿਖੇ ਅਪਰੈਲ 1913 ਵਿਚ ਗ਼ਦਰ ਪਾਰਟੀ ਹੋਂਦ ਵਿਚ ਆਈ । ਪਾਰਟੀ ਦੀ ਖ਼ਬਰ ਸੁਣ ਕੇ ਕਰਤਾਰ ਸਿੰਘ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਅਤੇ ਉਹ ਫੌਰਨ ਪਾਰਟੀ ਦਾ ਮੈਂਬਰ ਬਣ ਗਿਆ। ਗ਼ਦਰ ਅਖ਼ਬਾਰ ਦਾ ਪ੍ਰਕਾਸ਼ਨ ਭਾਰਤ ਦੀ ਅਜ਼ਾਦੀ ਦੇ ਇਤਿਹਾਸ ਦੀ ਇਕ ਵੱਡੀ ਘਟਨਾ ਹੈ। ਇਹ ਇਨਕਲਾਬ ਦਾ ਬੁਲੰਦ ਹੋਕਾ ਸੀ।

ਸੋਹਣ ਸਿੰਘ : ਸਾਥੀਓ, ਅੱਜ ਦਾ ਦਿਨ 1, ਨਵੰਬਰ 1913, ਭਾਰਤ ਦੇ



ਇਤਿਹਾਸ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਹੈ, ਕਿਉਂਕਿ ਅੱਜ ਭਾਵੇਂ ਵਿਦੇਸ਼ੀ ਜ਼ਮੀਨ ਤੇ ਪਰੰਤੂ ਆਪਣੀ ਜ਼ਬਾਨ ਵਿਚ ਬਰਤਾਨਵੀ ਰਾਜ ਵਿਰੁੱਧ ਜੰਗ ਆਰੰਭ ਹੁੰਦੀ ਹੈ।

ਸਾਰੇ : ਉਹ ਕਿਵੇਂ?

ਸੋਹਣ ਸਿੰਘ : ਇਸ ਅਖ਼ਬਾਰ ਦੇ ਰਾਂਹੀ ਅਸੀਂ ਆਪਣੀ ਅਜ਼ਾਦੀ ਲੈਣ ਦਾ ਸੁਨੇਹਾ ਘਰ ਘਰ ਪਹੁੰਚਾਵਾਂਗੇ ਤੇ ਅੰਗਰੇਜ਼ ਹਕੂਮਤ ਨੂੰ ਆਪਣੀ ਹੋਂਦ ਦਾ ਅਹਿਸਾਸ ਵੀ ਕਰਵਾਵਾਂਗੇ।

ਕਰਤਾਰ ਸਿੰਘ : ਅੱਜ ਤੋਂ ਸਾਡਾ ਨਾਂ ਕੀ ਹੋਵੇਗਾ?

ਸਾਰੇ : ਸਾਡਾ ਨਾਂ ਗ਼ਦਰ ਹੋਵੇਗਾ।

ਜਗਤ ਸਿੰਘ : ਅੱਜ ਤੋਂ ਸਾਡਾ ਕੰਮ ਕੀ ਹੋਵੇਗਾ?

ਸਾਰੇ : ਲੋਕਾਂ ਨੂੰ ਅਜ਼ਾਦੀ ਲਈ ਸੁਚੇਤ ਕਰਨਾ ਤੇ ਬਗਾਵਤ ਕਰਨੀ।

ਹਰਨਾਮ ਸਿੰਘ : ਇਹ ਬਗਾਵਤ ਕਿੱਥੇ ਹੋਵੇਗੀ?

ਸਾਰੇ : ਸਾਡੇ ਦੇਸ਼ ਭਾਰਤ ਵਿਚ।

ਸੁਰੈਣ ਸਿੰਘ : ਇਹ ਫੈਲੇਗੀ ਕਦ?

ਸਾਰੇ : ਕੁਝ ਸਾਲਾਂ ਵਿਚ।

ਕਰਤਾਰ ਸਿੰਘ : ਬਗਾਵਤ ਦੀ ਲੋੜ ਕਿਉਂ ਹੈ?

ਜਗਤ ਸਿੰਘ : ਲੋਕ ਬਰਤਾਨਵੀ ਹਕੂਮਤ ਹੇਠ ਹੋ ਰਹੇ ਜਬਰ ਤੇ ਜ਼ੁਲਮ ਨੂੰ ਹੁਣ ਹੋਰ ਨਹੀਂ ਸਹਿ ਸਕਦੇ ਤੇ ਉਹ ਅਜ਼ਾਦੀ ਲਈ ਮਰ ਮਿਟਣ ਲਈ ਤਿਆਰ ਹਨ।

ਸੁਰੈਣ ਸਿੰਘ : ਆਸ ਕਰਦੇ ਹਾਂ ਕਿ ਛੇਤੀ ਹੀ ਉਹ ਸਮਾਂ ਆਵੇਗਾ, ਜਦੋਂ ਬੰਦੂਕਾਂ ਤੇ ਖ਼ੂਨ, ਕਲਮਾਂ ਤੇ ਸਿਆਹੀ ਦੀ ਥਾਂ ਲੈ ਲੈਣਗੇ ਤੇ ਜਿੱਤ ਅਸਾਡੀ ਹੋਵੇਗੀ।

ਸੋਹਣ ਸਿੰਘ : ਮੈਂ ਚਾਹੁੰਦਾ ਹਾਂ ਕਿ ਆਪਾਂ ਹੁਣ ਛੇਤੀ ਤੋਂ ਛੇਤੀ ਗ਼ਦਰ ਦੇ ਅਸਲੀ ਕੰਮ ਨੂੰ ਅੰਜਾਮ ਦੇਈਏ।

ਹਰਨਾਮ ਸਿੰਘ : ਕਰਤਾਰ ਸਿੰਘ ਤੇ ਰਘਬੀਰ ਲਾਲ ਗੁਪਤਾ ਦੀ ਡਿਊਟੀ ਤਾਂ ਪਰੈਸ ਤੇ ਲੱਗ ਗਈ ਹੈ, ਬਾਕੀ ਸਾਥੀਆਂ ਦੀਆਂ ਡਿਊਟੀਆਂ ਵੀ ਛੇਤੀ ਲਾ ਦਿੱਤੀਆਂ ਜਾਣਗੀਆਂ।

ਜਗਤ ਸਿੰਘ : ਚੰਗਾ ਚਲੋ ਹੁਣ ਆਪਾਂ ਬਾਕੀ ਸਾਰਿਆਂ ਦੀਆਂ ਵੀ ਡਿਊਟੀਆਂ ਲਾ ਦੇਈਏ ਨਾਲੇ ਬਾਕੀ ਮੁੱਦਿਆਂ ਤੇ ਵਿਚਾਰ ਵਟਾਂਦਰਾਂ ਵੀ ਕਰ ਲਈਏ।

*(ਉਹ ਦੁਬਾਰਾ ਮੀਟਿੰਗ ਕਰਨ ਬੈਠ ਜਾਂਦੇ ਹਨ। ਇਸ ਸਮੇਂ*

*ਦੌਰਾਨ ਸੂਤਰਧਾਰ ਬੋਲ ਰਿਹਾ ਹੈ।)*

ਸੂਤਰਧਾਰ : ਸਤੰਬਰ, 1914 ਵਿਚ ਕਾਮਾਗਾਟਾਮਾਰੂ ਜਹਾਜ਼ ਨੂੰ ਜ਼ਾਲਮ ਗੋਰਾਸ਼ਾਹੀ ਦੇ ਹੱਥੋਂ ਨਾ ਵਰਨਣ ਯੋਗ ਤਸੀਹੇ ਝੱਲਣੇ ਪਏ ਤੇ ਉਸੇ ਤਰ੍ਹਾਂ ਹੀ ਵਾਪਸ ਮੁੜਨਾ ਪਿਆ। ਤਦ ਸਾਡੇ ਕਰਤਾਰ ਸਿੰਘ, ਇਨਕਲਾਬ ਪਸੰਦ ਗੁਪਤਾ ਤੇ ਇਕ ਅਮਰੀਕਨ ਅਨਾਰਕਿਸਟ ਜੈਕ ਨੂੰ ਨਾਲ ਲੈ ਕੇ ਹਵਾਈ ਜਹਾਜ਼ ਤੇ ਜਪਾਨ ਆਏ ਅਤੇ ਕਿਉਬੇ ਵਿਚ ਬਾਬਾ ਗੁਰਦਿੱਤ ਸਿੰਘ ਜੀ ਨਾਲ ਮਿਲ ਕੇ ਸਭ ਗੱਲਬਾਤ ਕੀਤੀ। ਯੁਗਾਂਤਰ ਆਸ਼ਰਮ ਸਾਨਫ੍ਰਾਂਸਿਸਕੋ ਦੇ ਗ਼ਦਰ ਪਰੈਸ ਵਿਚ "ਗ਼ਦਰ ਅਤੇ ਗ਼ਦਰ ਦੀ ਗੂੰਜ" ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਛਾਪ ਕੇ ਵੰਡੀਆਂ ਜਾਂਦੀਆਂ ਰਹੀਆਂ ਤੇ ਦਿਨੋਂ ਦਿਨ ਪ੍ਰਚਾਰ ਜੋਰਾਂ ਤੇ ਹੁੰਦਾ ਗਿਆ। ਫਰਬਰੀ 1914 ਵਿਚ ਸਟਾਕਨ ਦੇ ਆਮ ਜਲਸੇ ਵਿਚ ਆਜ਼ਾਦੀ ਦਾ ਝੰਡਾ ਲਹਿਰਾਇਆ ਗਿਆ। ਅਤੇ ਆਜ਼ਾਦੀ ਤੇ ਬਰਾਬਰੀ ਦੇ ਨਾਂ ਤੇ ਕਸਮਾਂ ਖਾਧੀਆਂ ਗਈਆਂ।

*(ਕਰਤਾਰ ਸਿੰਘ ਸਰਾਭੇ ਦੇ ਹੱਥ ਵਿਚ ਅਖ਼ਬਾਰਾਂ ਦਾ ਥੱਬਾ ਹੈ, ਪਹਿਲਾਂ ਗੁਣਗੁਣਾ ਰਿਹਾ ਹੈ ਫਿਰ ਉੱਚੀ ਅਵਾਜ਼ ਵਿਚ ਗਾਉਣ ਲੱਗਦਾ ਹੈ। ਸਾਰੇ ਉਸ ਨੂੰ ਧਿਆਨ ਨਾਲ ਸੁਣਦੇ ਹਨ।)*

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਹਨਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

*(ਇੰਨੇ ਨੂੰ ਇਕ ਸਾਥੀ ਆਉਂਦਾ ਹੈ, ਤੇ ਦੱਸਦਾ ਹੈ।)*

ਗੁਰਨਾਮ ਸਿੰਘ: ਯੂਰਪ ਦੇ ਵਿਚ ਜੰਗ ਲੱਗ ਗਈ ਹੈ।

*(ਸਾਰੇ ਇਕ ਦੂਜੇ ਨੂੰ ਵਧਾਈਆਂ ਦਿੰਦੇ ਹਨ, ਤੇ ਜੱਫੀਆਂ ਪਾਉਂਦੇ ਹਨ, ਤੇ ਭੰਗੜਾ ਪਾਉਣ ਲੱਗਦੇ ਹਨ। ਸਾਰੇ ਗਾਉਣ ਲੱਗਦੇ ਹਨ। ਝੰਡੇ ਚੁੱਕ ਕੇ ਸਟੇਜ ਤੇ ਗੇੜਾ ਦਿੰਦੇ ਹਨ, ਤੇ ਨਾਲ ਦੀ ਨਾਲ ਗਾਉਂਦੇ ਚਲੇ ਜਾਂਦੇ ਹਨ।)*

ਚੱਲੋ ਚੱਲੀਏ ਦੇਸ਼ ਨੂੰ ਯੁੱਧ ਕਰਨ,
ਇਹੋ ਆਖ਼ਰੀ ਵਚਨ, ਫ਼ੁਰਮਾਨ ਹੋ ਗਏ।



## ਦ੍ਰਿਸ਼ ਤੀਜਾ

(ਸੰਗੀਤ ਚੱਲ ਰਿਹਾ ਹੈ, ਮੀਟਿੰਗ ਵਿਚ ਚਾਰ ਪੰਜ ਸਾਥੀ ਬੈਠੇ ਹਨ। ਮਟਿੰਗ ਦੇ ਦੌਰਾਨ ਸੂਤਰਧਾਰ ਬੋਲ ਰਿਹਾ ਹੈ।)

ਸੂਤਰਧਾਰ : ਕੈਨੇਡਾ ਤੇ ਅਮਰੀਕਾ ਵਿਚ ਭਾਰਤੀ ਵਸਨੀਕਾਂ ਦੀ ਨਮੋਸ਼ੀ ਦੀ ਹੱਦ ਹੋ ਜਾਣ ਕਾਰਣ, ਉਨ੍ਹਾਂ ਨੇ ਸਹੁੰਆਂ ਖਾਧੀਆਂ ਕਿ ਬਰਤਾਨਵੀ ਗੁਲਾਮਾਂ ਵਾਲੀ ਜ਼ਿੰਦਗੀ ਜਿਊਣ ਨਾਲੋਂ ਤਾਂ ਮਰ ਜਾਣਾ ਹੀ ਚੰਗਾ ਹੈ । ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗ ਚੁੱਕਾ ਸੀ ਕਿ ਰਾਜ-ਭਾਗ ਦੇ ਅੰਦਰ ਕਿਹੋ ਜਿਹੀ ਸਮਾਨਤਾ ਹੈ। ਉਨ੍ਹਾਂ ਦੇ ਸਾਰੇ ਭਰਮ ਦੂਰ ਹੋ ਚੁੱਕੇ ਸਨ। ਨਵੇਂ ਇਨਕਲਾਬੀ ਵਿਚਾਰਾਂ ਨੇ ਉਨ੍ਹਾਂ ਨੂੰ ਜੋਸ਼ ਨਾਲ ਭਰ ਦਿੱਤਾ ਸੀ। ਉਹ ਹੁਣ ਭਾਰਤ ਜਾ ਕੇ ਆਪਣੀ ਜਨਮ-ਭੂਮੀ ਲਈ ਜੂਝਣਾ ਚਾਹੁੰਦੇ ਸਨ। ਉਨ੍ਹਾਂ ਨੇ ਗ਼ਦਰ ਪਾਰਟੀ ਦੇ ਹੋਕੇ ਤੇ, ਆਪਣਾ ਸਭ ਕੁਝ ਪਾਰਟੀ ਨੂੰ ਸੌਂਪ ਕੇ, ਤੇ ਹਿੰਦੁਸਤਾਨ ਨੂੰ ਜਾਣ ਵਾਲਾ ਜਿਹੜਾ ਵੀ ਜਹਾਜ਼ ਮਿਲਿਆ, ਆਪਣੀ ਮਾਤ-ਭੂਮੀ ਦੀ ਅਜ਼ਾਦੀ ਦੇ ਸੰਗ੍ਰਾਮ ਵਿਚ ਹਿੱਸਾ ਲੈਣ ਲਈ, ਉਸ ਵਿਚ ਹੀ ਚਾਲੇ ਪਾ ਦਿੱਤੇ। ਬਜਬਜ ਘਾਟ ਦੇ ਸਾਕੇ ਨੇ ਹੋਰ ਵੀ ਬਲ਼ਦੀ ਤੇ ਅੱਗ ਪਾ ਦਿੱਤੀ ਤੇ ਦੇਸ਼ ਭਗਤਾਂ ਦੇ ਹੌਂਸਲੇ ਬੁਲੰਦ ਹੋ ਗਏ ਬੇਸ਼ੱਕ ਕਾਫੀ ਦੇਸ਼ ਭਗਤ ਗ੍ਰਿਫਤਾਰ ਕਰ ਲਏ ਗਏ ਸਨ ਪਰ ਬਾਕੀਆਂ ਦੇ ਹੌਂਸਲੇ ਅੰਗਰੇਜ਼ ਸਾਮਰਾਜ ਪਸਤ ਨਾ ਕਰ ਸਕਿਆ ਤੇ ਦੇਸ਼ ਭਗਤ ਪੁਲਾਘਾਂ ਪੁਟਦੇ ਗਏ।

ਸੋਹਣ ਸਿੰਘ : ਸਾਥੀਓ, ਆਪਾਂ ਨੂੰ ਗ਼ਦਰ ਪਾਰਟੀ ਦੇ ਪ੍ਰੋਗਰਾਮ ਤੇ ਮੁੜ ਮੁੜ ਵਿਚਾਰ ਕਰਨੀ ਚਾਹੀਦੀ ਹੈ, ਕਿ ਇਸ ਨੂੰ ਵਧੀਆ ਢੰਗ ਨਾਲ ਤਰਤੀਬ ਦੇ ਸਕੀਏ।

ਪੂਰਨ ਸਿੰਘ : ਹਾਂ ਆਓ, ਆਪਾਂ ਅੱਜ ਸਭ ਤੋਂ ਪਹਿਲਾਂ ਆਪਣੇ ਅਜੰਡਿਆਂ ਬਾਰੇ ਵਿਚਾਰੀਏ।

ਸੂਰੈਣ ਸਿੰਘ : ਪਾਰਟੀ ਦੇ ਅਜੰਡੇ ਭਾਰਤੀ ਫੌਜੀਆਂ ਨੂੰ ਆਪਣੇ ਵੱਲ ਕਰਨਾ, ਸਰਕਾਰੀ ਅਫਸਰਾਂ ਤੇ ਉਨ੍ਹਾਂ ਦੇ ਟਾਊਟਾਂ ਨੂੰ ਖ਼ਤਮ ਕਰਨਾ ਹੈ।

ਕਰਤਾਰ ਸਿੰਘ : ਸਿਆਸੀ ਤੇ ਹੋਰ ਕੈਦੀਆਂ ਦੀ ਰਿਹਾਈ ਲਈ ਜੇਲ੍ਹਾਂ ਤੋੜਨੀਆਂ ਤੇ ਸਰਕਾਰੀ ਖਜ਼ਾਨਿਆ ਤੇ ਥਾਣਿਆਂ ਨੂੰ ਲੁੱਟਣਾ ਹੈ।

ਹਰਨਾਮ ਸਿੰਘ : ਸਾਨੂੰ ਹਥਿਆਰ ਪ੍ਰਾਪਤ ਕਰਨੇ ਤੇ ਬੰਬ ਬਣਾਉਣੇ ਚਾਹੀਦੇ ਹਨ।

ਕਰਤਾਰ ਸਿੰਘ : ਲੋਕਾਂ ਨੂੰ, ਖਾਸ ਕਰ ਨੌਜੁਆਨਾਂ ਨੂੰ ਇਨਕਲਾਬ ਵਿਚ ਭਾਗ

ਲੈਣ ਲਈ ਆਪਣੀ ਧਿਰ ਬਣਾਉਣਾ ਲਾਜ਼ਮੀ ਹੈ।

ਜਗਤ ਸਿੰਘ : ਇਨ੍ਹਾਂ ਸਾਰੇ ਕੰਮਾਂ ਲਈ ਪੈਸੇ ਦੀ ਲੋੜ ਹੈ। ਇਹ ਕਿਥੋਂ ਆਵੇਗਾ ?

ਕਰਤਾਰ ਸਿੰਘ : ਡਾਕੇ ਮਾਰ ਕੇ ਧੰਨ ਇਕੱਠਾ ਕਰਨਾ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਹੈ।

ਪੂਰਨ ਸਿੰਘ : ਡਾਕੇ ਮਾਰਨਾ ਸਾਨੂੰ ਸ਼ੋਭਾ ਨਹੀਂ ਦਿੰਦਾ, ਨਾਲੇ ਭਾਈ ਪਰਮਾਨੰਦ ਇਸ ਤੇ ਕਦੇ ਸਹਿਮਤ ਨਹੀਂ ਹੋਣਗੇ, ਆਪਾਂ ਉਹਨਾਂ ਦੇ ਖ਼ਿਲਾਫ਼ ਵੀ ਨਹੀਂ ਜਾ ਸਕਦੇ।

ਕਰਤਾਰ ਸਿੰਘ : ਇਹ ਆਪਾਂ ਆਪਣੀ ਨਿੱਜੀ ਖ਼ੁਸ਼ੀ ਲਈ ਨਹੀਂ ਕਰ ਰਹੇ ਸਗੋਂ ਦੇਸ਼ ਦੀ ਅਜ਼ਾਦੀ ਲਈ ਆਪਣਾ ਆਪ ਦਾਅ ਤੇ ਲਾ ਰਹੇ ਹਾਂ। ਉਨ੍ਹਾਂ ਨੂੰ ਮਨਾਉਣ ਦੀ ਜ਼ਿੰਮੇਵਾਰੀ ਮੇਰੀ ਹੈ।

(ਉਹ ਸਾਰੇ ਉੱਠ ਕੇ ਜਾਂਦੇ ਹਨ। ਰੋਸ਼ਨੀ ਮੱਧਮ ਹੁੰਦੀ ਹੈ। ਤੇ ਬੋਲ ਉਭਰਦੇ ਹੈ।)

*ਨਾਲ ਮਿੰਨਤਾਂ ਨਹੀਂ ਹੱਕ ਮਿਲਣ ਲੱਗੇ,*
*ਆਓ ਹੱਕ ਲਈਏ ਹੱਕਦਾਰ ਵਾਂਗੂੰ।*
*ਕਰਕੇ ਗ਼ਦਰ ਕੱਢੋ ਦੇਸੋਂ ਗੋਰਿਆਂ ਨੂੰ,*
*ਕਾਹਨੂੰ ਹੱਥ ਜੋੜੇ ਗੁਨਾਹਗਾਰ ਵਾਂਗੂੰ।*

## ਦ੍ਰਿਸ਼ ਚੌਥਾ

*(ਘਰ ਦਾ ਸੀਨ ਹੈ। ਚਾਰ ਸਾਥੀ ਮੂੰਹ ਤੇ ਕਾਲੇ ਕੱਪੜੇ ਬੰਨ੍ਹ ਕੇ ਆਉਂਦੇ ਹਨ ਤੇ ਡਾਕਾ ਮਾਰਨ ਜਾ ਰਹੇ ਹਨ। ਘਰ ਦੇ ਵਿਚ ਇਕ ਔਰਤ ਤੇ ਕੁੜੀ ਡਰੀਆਂ ਹੋਈਆਂ ਹਨ, ਸਾਥੀ ਟਰੰਕ ਵਿਚੋਂ ਕੱਪੜੇ ਫੋਲ ਰਹੇ ਹਨ। ਇਕ ਆਦਮੀ ਕੁੜੀ ਦਾ ਜਬਰਦਸਤੀ ਹੱਥ ਫੜ੍ਹ ਲੈਂਦਾ ਹੈ ਤੇ ਕੁੜੀ ਰੌਲਾ ਪਾਉਂਦੀ ਹੈ। ਭੱਜ ਕੇ ਮਾਂ ਕੋਲ ਜਾਂਦੀ ਹੈ, ਧੀ ਤੇ ਮਾਂ ਬਹੁਤ ਰੋਂਦੀਆਂ ਹਨ। ਕਰਤਾਰ ਸਿੰਘ ਭੱਜ ਕੇ ਰਿਵਾਲਵਰ ਤਾਣ ਕੇ ਉਸਦੇ ਨੇੜੇ ਜਾਂਦਾ ਹੈ। ਉਸ ਆਦਮੀ ਦੇ ਮੱਥੇ ਤੇ ਪਿਸਤੌਲ ਰੱਖ ਕੇ ਉਸ ਨੂੰ ਨਿਹੱਥਾ ਕਰ ਦਿੱਤਾ ਤੇ ਕੜਕ ਕੇ ਬੋਲਿਆ।)*

ਕਰਤਾਰ ਸਿੰਘ : ਪਾਪੀ ! ਤੇਰਾ ਜੁਰਮ ਬਹੁਤ ਸੰਗੀਨ ਹੈ, ਤੈਨੂੰ ਸਜ਼ਾਏ ਮੌਤ ਮਿਲਣੀ ਚਾਹੀਦੀ ਹੈ, ਛੇਤੀ ਇਸ ਲੜਕੀ ਦੇ ਪੈਰੀਂ ਪੈ ਕੇ ਮੁਆਫ਼ੀ ਮੰਗ ਕਿ "ਭੈਣੇ ! ਮੈਨੂੰ ਮਾਫ਼ ਕਰਦੇ।"

ਆਦਮੀ : (ਡਰਦਿਆਂ ਡਰਦਿਆਂ) ਭੈਣੇ ! ਮੈਨੂੰ ਮਾਫ਼ ਕਰਦੇ।

ਕਰਤਾਰ ਸਿੰਘ : ਇਸ ਮਾਤਾ ਜੀ ਦੇ ਪੈਰ ਫੜ੍ਹ ਕੇ ਆਖ ਕਿ ਮਾਤਾ ਜੀ, ਮੈਂ ਇਸ



ਗਿਰਾਵਟ ਲਈ ਮਾਫ਼ੀ ਮੰਗਦਾ ਹਾਂ।

ਆਦਮੀ : ਮਾਤਾ ਜੀ, ਮੈਂ ਇਸ ਗਿਰਾਵਟ ਲਈ ਮਾਫ਼ੀ ਮੰਗਦਾ ਹਾਂ।

ਕਰਤਾਰ ਸਿੰਘ : (ਉਸ ਆਦਮੀ ਨੂੰ ਸੰਬੋਧਤ ਹੋ ਕੇ) ਜੇ ਤੈਨੂੰ ਇਹ ਮੁਆਫ਼ ਕਰ ਦੇਣ ਤਾਂ ਜਿੰਦਾ ਛੱਡਿਆ ਜਾਏਂਗਾ ਵਰਨਾ ਗੋਲੀ ਨਾਲ ਉਡਾ ਦਿੱਤਾ ਜਾਏਂਗਾ।

ਮਾਤਾ ਜੀ : (ਰੋਂਦੀ ਹੋਈ) ਕੋਈ ਨੀਂ ਪੁੱਤ, ਤੂੰ ਜਿਊਂਦਾ ਵਸਦਾ ਰਹਿ, ਤੂੰ ਸਾਡੀ ਇੱਜ਼ਤ ਰੱਖ ਲਈ।

ਕਰਤਾਰ ਸਿੰਘ : ਮਾਤਾ ਜੀ ਇਹ ਤੁਹਾਡੀ ਇੱਜ਼ਤ ਨਹੀਂ, ਇਹ ਸਾਡੀ ਵੀ ਇੱਜ਼ਤ ਹੈ, ਸਾਰੇ ਦੇਸ਼ ਦੀ ਇੱਜ਼ਤ ਹੈ।

ਮਾਤਾ ਜੀ : ਬੇਟਾ ! ਇਹੋ ਜਿਹੇ ਧਰਮਾਤਮਾ ਤੇ ਸ਼ੁਸ਼ੀਲ ਨੌਜਵਾਨ ਹੋ ਕੇ ਤੁਸੀਂ ਇਸ ਕੰਮ ਵਿਚ ਕਿਵੇਂ ਸ਼ਾਮਲ ਹੋ ਗਏ ?

ਕਰਤਾਰ ਸਿੰਘ : ਮਾਤਾ ਜੀ, ਅਸੀਂ ਰੁਪਏ ਦੇ ਲੋਭ ਵਿਚ ਆਕੇ ਇਹ ਕੰਮ ਸ਼ੁਰੂ ਨਹੀਂ ਕੀਤਾ। ਸਗੋਂ ਆਪਣਾ ਸਭ ਕੁਝ ਦਾਅ ਤੇ ਲਾ ਕੇ ਡਾਕਾ ਮਾਰਨ ਆਏ ਹਾਂ। ਹਥਿਆਰ ਖ਼੍ਰੀਦਣ ਲਈ ਰੁਪਏ ਦੀ ਜਰੂਰਤ ਹੈ, ਕਿੱਥੋਂ ਲਿਆਈਏ ? ਮਾਤਾ ਜੀ , ਦੇਸ਼ ਦੀ ਅਜ਼ਾਦੀ ਦੇ ਕੰਮ ਲਈ ਇਹ ਘਟੀਆ ਕੰਮ ਕਰਨ ਲਈ ਮਜ਼ਬੂਰ ਹੋਏ ਹਾਂ।

ਮਾਤਾ ਜੀ : ਬੇਟਾ, ਇਸ ਲੜਕੀ ਦੀ ਸ਼ਾਦੀ ਕਰਨੀ ਹੈ, ਜੇ ਕੁਝ ਦੇ ਜਾਂਦੇ ਤਾਂ ਚੰਗਾ ਹੈ। ਨਹੀਂ ਤਾਂ ਤੁਹਾਡੀ ਮਰਜ਼ੀ ਹੈ।

ਕਰਤਾਰ ਸਿੰਘ : *(ਸਾਰਾ ਕੁਝ ਅੱਗੇ ਰੱਖ ਕੇ)* ਲਓ ਮਾਤਾ ਜੀ ਜਿੰਨਾ ਚਾਹੋ ਲੈ ਲਓ।

ਮਾਤਾ ਜੀ : *(ਥੋੜਾ ਜਿਹਾ ਲੈਕੇ ਬਾਕੀ ਉਹਦੀ ਝੋਲੀ ਵਿਚ ਪਾ ਕੇ ਅਸ਼ੀਰਵਾਦ ਦਿੰਦੀ ਹੈ।)* ਜਾਓ ਬੇਟਾ, ਤੁਹਾਨੂੰ ਕਾਮਯਾਬੀ ਨਸੀਬ ਹੋਵੇ। ਜਿਹੜੇ ਕੰਮ ਲਈ ਤੁਰੇ ਹੋ ਸਫ਼ਲ ਹੋ ਕੇ ਆਵੋਂ।

ਕਰਤਾਰ ਸਿੰਘ : ਚੰਗਾ ਮਾਤਾ ਜੀ ਤੁਹਾਡਾ ਬਹੁਤ ਬਹੁਤ ਧੰਨਵਾਦ। (ਉਹ ਸਾਰਿਆਂ ਨੂੰ ਇਸ਼ਾਰਾ ਕਰਦਾ ਹੈ ਤੇ ਉਹ ਭੱਜ ਕੇ ਬਾਹਰ ਨਿਕਲਦੇ ਹਨ ਤੇ ਚਲੇ ਜਾਂਦੇ ਹਨ। ਰੌਸ਼ਨੀ ਚਲੀ ਜਾਂਦੀ ਹੈ।

*(ਪਿੱਛਿਓਂ ਬੋਲ ਸੁਣਾਈ ਦਿੰਦੇ ਹਨ।)*

ਸਾਰੀ ਖਲਕ ਖੁਦਾਇ ਬੇਦਾਰ ਬੈਠੀ,
ਸੁੱਤਾ ਜਾਗਦਾ ਤੂੰ ਹਿੰਦੋਸਤਾਨ ਕਿਉਂ ਨੀ।
ਕਾਲਾ ਚੋਰ ਆਖੇ ਸਾਰਾ ਜੱਗ ਸਾਨੂੰ,
ਸੁਖੀ ਵਸਦੀ ਤੇਰੀ ਸੰਤਾਨ ਕਿਉਂ ਨੀ।
ਕੁਲੀ ਕੁਲੀ ਪੁਕਾਰਦਾ ਜੱਗ ਸਾਨੂੰ,

ਸਾਡਾ ਝੂਲਦਾ ਕਿਤੇ ਨਿਸ਼ਾਨ ਕਿਉਂ ਨਹੀਂ।
ਲੱਗੀ ਅੱਗ ਤੇ ਜਲ਼ੇ ਘਰ ਬਾਰ ਸਾਡਾ,
ਉੱਠਦੇ ਉਸਨੂੰ ਅਸੀਂ ਬੁਝਾਨ ਕਿਉਂ ਨਹੀਂ।

## ਦ੍ਰਿਸ਼ ਪੰਜਵਾਂ

*(ਜੇਲ੍ਹ ਦਾ ਸੀਨ ਹੈ, ਕਰਤਾਰ ਸਿੰਘ ਸਰਾਭਾ ਇਕ ਕਿਤਾਬ ਪੜ੍ਹ ਰਿਹਾ ਹੈ ਤੇ ਮੁਸਕਰਾ ਰਿਹਾ ਹੈ। ਇਸ ਦੌਰਾਨ ਸੂਤਰਧਾਰ ਬੋਲ ਰਿਹਾ ਹੈ।)*

ਸੂਤਰਧਾਰ : ਫਰਵਰੀ 1915 ਵਿਚ ਬਗਾਵਤ ਦੀ ਤਿਆਰੀ ਹੋ ਰਹੀ ਸੀ ਪਹਿਲੇ ਹਫਤੇ ਆਪ, ਪਿੰਗਲੇ ਤੇ ਹੋਰ ਦੋ ਤਿੰਨ ਸਾਥੀਆਂ ਨਾਲ ਆਗਰਾ, ਅਲਾਹਾਬਾਦ, ਲਖਨਊ, ਮੇਰਠ ਅਤੇ ਹੋਰ ਕਈ ਥਾਂ ਤੇ ਗਏ ਅਤੇ ਬਗਾਵਤ ਲਈ ਉਹਨਾਂ ਨਾਲ ਮੇਲ ਮਿਲਾਪ ਕਰ ਆਏ। ਅਖ਼ੀਰ ਉਹ ਦਿਨ ਨੇੜੇ ਆਉਣ ਲੱਗਾ, ਜਿਸਦਾ ਬੜੇ ਚਿਰ ਤੋਂ ਇੰਤਜ਼ਾਰ ਹੋ ਰਿਹਾ ਸੀ। 21 ਫਰਵਰੀ 1915 ਨੂੰ ਬਗ਼ਾਵਤ ਦਾ ਦਿਨ ਮੁਕੱਰਰ ਹੋਇਆ ਸੀ। ਤਿਆਰੀ ਜ਼ੋਰਾਂ ਤੇ ਸੀ, ਪਰ ਕਿਰਪਾਲ ਸਿੰਘ ਦੀ ਗਦਾਰੀ ਨੇ ਜਥੇਬੰਦੀ ਦੀਆਂ ਸਰਗਰਮੀਆਂ ਨੂੰ ਖੇਰੂੰ ਖੇਰੂੰ ਕਰ ਦਿੱਤਾ। ਕਰਤਾਰ ਸਿੰਘ ਸਰਗੋਧਾ ਦੇ ਚੱਕ ਨੰਬਰ ਪੰਜ ਵਿਚ ਪਹੁੰਚ ਗਿਆ, ਜਿੱਥੇ ਫੌਜੀਆਂ ਦਾ ਘੋੜਿਆਂ ਦਾ ਫਾਰਮ ਸੀ ਅਤੇ ਉਸਨੇ ਫੌਜੀਆਂ ਵਿਚ ਬਗਾਵਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇੱਥੇ ਹੀ ਇਕ ਰਸਾਲਦਾਰ ਨੇ ਉਸਨੂੰ ਪਛਾਣ ਲਿਆ ਅਤੇ ਉਸਦੇ ਮਿੱਤਰਾਂ ਸਮੇਤ ਉਸਨੂੰ ਗ੍ਰਿਫਤਾਰ ਕਰਵਾ ਦਿੱਤਾ।

*(ਕਰਤਾਰ ਸਿੰਘ ਜੇਲ੍ਹ ਕੋਠੜੀ ਵਿਚ ਬੰਦ ਹਨ ਤੇ ਉਹਨਾਂ ਦੇ ਦਾਦਾ ਜੀ ਉਹਨਾਂ ਨੂੰ ਮਿਲਣ ਜਾਂਦੇ ਹਨ। ਜੇਲ੍ਹਰ ਦਾਦਾ ਜੀ ਨਾਲ ਗੱਲ ਕਰਦਾ ਹੈ ਤੇ ਅੰਦਰ ਲਿਜਾਂਦਾ ਹੈ, ਇਹ ਸਾਰਾ ਕੁਝ ਸੰਗੀਤ ਦੇ ਦੌਰਾਨ ਹੋ ਰਿਹਾ ਹੈ।)*

ਕਰਤਾਰ ਸਿੰਘ : ਦਾਦਾ ਜੀ ਸਤਿ ਸ੍ਰੀ ਅਕਾਲ।

ਦਾਦਾ ਜੀ : ਸਤਿ ਸ੍ਰੀ ਅਕਾਲ ਬੇਟਾ,

ਕਰਤਾਰ ਸਿੰਘ : ਦਾਦਾ ਜੀ, ਕੀ ਹਾਲ ਐ ਤੁਹਾਡਾ?

ਦਾਦਾ ਜੀ : ਮੇਰੇ ਹਾਲ ਦਾ ਕਿਹੜਾ ਤੈਨੂੰ ਪਤਾ ਨਹੀਂ। *(ਰੋਣ ਲੱਗ ਜਾਂਦਾ ਹੈ।)*

ਕਰਤਾਰ ਸਿੰਘ : ਦਾਦਾ ਜੀ , ਤੁਸੀਂ ਰੋ ਕਿਉਂ ਰਹੇ ਹੋ। ਤੁਹਾਨੂੰ ਤਾਂ ਇਸ ਸ਼ਾਨਦਾਰ



ਮੌਤ ਤੇ ਖੁਸ਼ ਹੋਣਾ ਚਾਹੀਦਾ ਹੈ।

ਦਾਦਾ ਜੀ : ਕਰਤਾਰ ਸਿੰਘ, ਤੂੰ ਕਿਨ੍ਹਾਂ ਲਈ ਮਰ ਰਿਹਾ ਏਂ? ਜਿਹੜੇ ਤੈਨੂੰ ਗਾਲ੍ਹਾਂ ਦਿੰਦੇ ਹਨ। ਤੂੰ ਕੀ ਸੋਚਦੈਂ ਕਿ ਤੇਰੇ 'ਕੱਲੇ ਦੇ ਮਰਨ ਨਾਲ ਦੇਸ਼ ਨੂੰ ਕੋਈ ਫਾਇਦਾ ਹੋਵੇਗਾ?

ਕਰਤਾਰ ਸਿੰਘ : ਫਾਇਦਾ ਜ਼ਰੂਰ ਹੋਵੇਗਾ। ਦਾਦਾ ਜੀ ਸਾਨੂੰ ਕੋਈ ਅਜਿਹਾ ਸ਼ੱਕ ਨਹੀਂ ਹੈ, ਕਿ ਸਾਡੀਆਂ ਕੁਰਬਾਨੀਆਂ ਅਜਾਂਈ ਜਾਣਗੀਆਂ।

ਦਾਦਾ ਜੀ : (ਰੋਂਦਾ ਹੋਇਆ) ਨਹੀਂ ਪੁੱਤਰਾ ਨਹੀਂ। ਕਿਉਂ ਮੇਰਾ ਬੁਢਾਪਾ ਰੋਲ਼ਦੈਂ।

ਕਰਤਾਰ ਸਿੰਘ : (ਕਰਤਾਰ ਸਿੰਘ ਨੇ ਬੜੀ ਹਲੀਮੀ ਜਿਹੀ ਪੁੱਛਿਆ।) ਠੀਕ ਐ ਦਾਦਾ ਜੀ, ਪਰ ਮੈਨੂੰ ਦੱਸੋ, ਚਾਚਾ ਜੀ ਨਿਧਾਨ ਸਿਉਂ ਕਿੱਥੇ ਹੈ?

ਦਾਦਾ ਜੀ : ਉਹ ਤਾਂ ਪਲੇਗ ਨਾਲ ਮਰ ਗਿਆ।

ਕਰਤਾਰ ਸਿੰਘ : ਤੇ ਅਮਰ ਸਿਉਂ ਕਿੱਥੇ ਹੈ?

ਦਾਦਾ ਜੀ : ਉਹ ਹੈਜੇ ਨਾਲ ਮਰ ਗਿਆ ।

ਕਰਤਾਰ ਸਿੰਘ : ਤਾਂ ਕੀ ਤੁਸੀਂ ਚਾਹੁੰਦੇ ਹੋ ਕਰਤਾਰ ਸਿੰਘ ਬਿਸਤਰੇ ਉੱਤੇ ਮਹੀਨਿਆਂ ਬੱਧੀ ਪਿਆ ਰਹੇ ਤੇ ਦਰਦ ਨਾਲ ਦੁਖੀ ਕਿਸੇ ਰੋਗ ਨਾਲ ਮਰੇ? ਕੀ ਉਸ ਮੌਤ ਨਾਲੋਂ ਇਹ ਮੌਤ ਹਜ਼ਾਰਾਂ ਦਰਜੇ ਚੰਗੀ ਨਹੀਂ?

ਦਾਦਾ ਜੀ : ਚੰਗਾ ਬੇਟਾ, ਤੇਰੀ ਇਸ ਗੱਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ।

ਕਰਤਾਰ ਸਿੰਘ : ਦਾਦਾ ਜੀ, ਮੈਨੂੰ ਹੌਂਸਲਾ ਦਿਉ, ਤਾਂ ਕਿ ਮੈਂ ਦੇਸ਼ ਤੋਂ ਆਪਣੀ ਜਾਨ ਹੱਸ ਕੇ ਕੁਰਬਾਨ ਕਰਾਂ।

ਦਾਦਾ ਜੀ : ਪੁੱਤਰਾ—— ।

ਕਰਤਾਰ ਸਿੰਘ : ਦਾਦਾ ਜੀ ਅਸੀਂ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰ ਹਾਂ ਜੋ ਸਿਰ ਦੇਣਾ ਜਾਣਦੇ ਹਨ ਸਿਰ ਝੁਕਾਉਣਾ ਨਹੀਂ। ਤੁਸੀਂ ਮੈਨੂੰ ਅਸ਼ੀਰਵਾਦ ਦਿਓ ਕਿ ਮੈਂ ਆਪਣੀ ਅਣਖ, ਇੱਜ਼ਤ ਤੇ ਅਜ਼ਾਦੀ ਲਈ ਸੌ ਸੌ ਵਾਰ ਜਾਨ ਕੁਰਬਾਨ ਕਰ ਸਕਾਂ।

ਦਾਦਾ ਜੀ : ਚੰਗਾ ਪੁੱਤਰਾ, ਜਿਵੇਂ ਤੇਰੀ ਮਰਜ਼ੀ।

(ਜੇਲ੍ਹਰ ਕਰਤਾਰ ਸਿੰਘ ਨੂੰ ਫੜ੍ਹ ਕੇ ਅੰਦਰ ਲਿਜਾਂਦਾ ਹੈ, ਦਾਦਾ ਜੀ ਦੇਖਦੇ ਦੇਖਦੇ ਵਾਪਸ ਜਾਂਦੇ ਹਨ)

*(ਬੋਲ ਉਭਰਦੇ ਹਨ।)*

ਨਾਲ ਮਿੰਨਤਾਂ ਨਹੀਂ ਹੱਕ ਮਿਲਨ ਲੱਗੇ,
ਆਓ ਹੱਕ ਲਈਏ ਹੱਕਦਾਰ ਵਾਗੂੰ।
ਕਰਕੇ ਗ਼ਦਰ ਕੱਢੋ ਦੇਸੋਂ ਗੋਰਿਆਂ ਨੂੰ,
ਕਾਹਨੂੰ ਹੱਥ ਜੋੜੇ ਗੁਨਾਹਗਾਰ ਵਾਗੂੰ।
*(ਰੌਸ਼ਨੀ ਜਾਂਦੀ ਹੈ ਤੇ ਦੁਬਾਰਾ ਹੌਲੀ ਹੌਲੀ ਰੌਸ਼ਨੀ ਆਉਂਦੀ ਹੈ।)*

## ਦ੍ਰਿਸ਼ ਛੇਵਾਂ

(ਕੋਰਟ ਰੂਮ ਹੈ, ਜੱਜ ਵਕੀਲ ਤੇ ਟਾਈਪ ਰਾਈਟਰ ਬੈਠੇ ਹਨ। ਗਵਾਹੀਆਂ ਭੁਗਤੀਆਂ ਜਾ ਚੁਕੀਆਂ ਹਨ।)

ਜੱਜ : ਕਰਤਾਰ ਸਿੰਘ ਮੈਂ ਸਾਰੀਆਂ ਗਵਾਹੀਆਂ ਸੁਣ ਲਈਆਂ ਹਨ। ਹੁਣ ਤੂੰ ਆਪਣੇ ਬਾਰੇ ਕੀ ਕਹਿਣਾ ਚਾਹੁੰਦਾ ਹੈਂ ?

ਕਰਤਾਰ ਸਿੰਘ : ਜੱਜ ਸਾਹਿਬ ਮੈਂ ਜੋ ਕੁਝ ਵੀ ਕੀਤਾ ਹੈ ਠੀਕ ਕੀਤਾ ਹੈ, ਮੈਂ ਇਕ ਕ੍ਰਾਂਤੀਕਾਰੀ ਹਾਂ। ਅੰਗਰੇਜਾਂ ਦੀ ਗੁਲਾਮੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ ਤੇ ਦੇਸ਼ ਨੂੰ ਅਜ਼ਾਦ ਕਰਾਉਣਾ ਮੈਂ ਆਪਣਾ ਫਰਜ਼ ਸਮਝਦਾ ਹਾਂ।

ਜੱਜ : ਕਰਤਾਰ ਸਿੰਘ, ਅਜੇ ਤੁਹਾਡਾ ਬਿਆਨ ਨਹੀਂ ਲਿਖਿਆ ਗਿਆ, ਤੁਸੀਂ ਸੋਚ ਸਮਝ ਕੇ ਬਿਆਨ ਦਿਓ। ਤੁਸੀਂ ਜਾਣਦੇ ਹੋ ਕਿ ਤੁਹਾਡੇ ਬਿਆਨ ਦਾ ਨਤੀਜਾ ਕੀ ਨਿਕਲ ਸਕਦਾ ਹੈ।

ਕਰਤਾਰ ਸਿੰਘ : (ਮਸਤਾਨੀ ਅਦਾ ਵਿਚ) ਫਾਂਸੀ ਹੀ ਲਾ ਦਿਉਂਗੇ ਹੋਰ ਕੀ ਕਰੋਗੇ ? ਅਸੀਂ ਇਸ ਤੋਂ ਨਹੀਂ ਡਰਦੇ।

ਜੱਜ : ਕਰਤਾਰ ਸਿੰਘ , ਤੁਸੀਂ ਸਭ ਨਾਲੋਂ ਘੱਟ ਉਮਰ ਦੇ ਅਪਰਾਧੀ ਹੋ। ਤੁਹਾਨੂੰ ਮਾਫ਼ ਕੀਤਾ ਜਾ ਸਕਦਾ ਹੈ ਅਗਰ ਤੁਸੀਂ ਕਿਸੇ ਦੇ ਕਹੇ ਤੇ ਇਹ ਸਭ ਕੁਝ ਕਬੂਲ ਕਰ ਰਹੇ ਹੋ।

ਕਰਤਾਰ ਸਿੰਘ : ਜੋ ਮੈਂ ਕੀਤਾ ਹੈ ਜੇ ਤੁਹਾਡੀਆਂ ਨਜ਼ਰਾਂ ਵਿਚ ਜੁਰਮ ਹੈ ਤਾਂ ਇਸ ਜੁਰਮ ਦੇ ਲਈ ਮੈਨੂੰ ਉਮਰ ਕੈਦ ਮਿਲ ਜਾਏਗੀ ਜਾਂ ਫਾਂਸੀ, ਪ੍ਰੰਤੂ ਮੈਂ ਫਾਂਸੀ ਨੂੰ ਪਹਿਲ ਦੇਵਾਂਗਾ ਤਾਂ ਕਿ ਫਿਰ ਜਨਮ ਲੈ ਕੇ ਜਦ ਤੱਕ ਹਿੰਦੋਸਤਾਨ ਅਜ਼ਾਦ ਨਹੀਂ ਹੋਵੇਗਾ, ਤਦ ਤੱਕ ਮੈਂ ਵਾਰ ਵਾਰ ਜਨਮ ਲੈ ਕੇ ਫਾਂਸੀ ਤੇ ਲਟਕਦਾ ਰਹਾਂਗਾ, ਇਹ ਮੇਰੀ ਆਖ਼ਰੀ ਖਾਹਿਸ਼ ਹੈ।

ਜੱਜ : ਕਰਤਾਰ ਸਿੰਘ ਤੁਹਾਡੇ ਬਿਆਨਾਂ ਤੇ ਗਵਾਹੀਆਂ ਦੇ ਮੁਤਾਬਕ ਤੁਹਾਨੂੰ ਧਾਰਾ 121 ਦੇ ਤਹਿਤ ਸਜ਼ਾਏ ਮੌਤ ਦਾ ਹੁਕਮ ਦਿੱਤਾ



ਜਾਂਦਾ ਹੈ।

ਕਰਤਾਰ ਸਿੰਘ : ਜੱਜ ਸਾਹਿਬ ਤੁਹਾਡਾ ਬਹੁਤ ਬਹੁਤ ਧੰਨਵਾਦ। *(ਕਰਤਾਰ ਸਿੰਘ ਦੇ ਚਿਹਰੇ ਤੇ ਖ਼ੁਸ਼ੀ ਦਾ ਪ੍ਰਭਾਵ ਦਿਖਾਈ ਦਿੰਦਾ ਹੈ।)*
(ਰੌਸ਼ਨੀ ਜਾਂਦੀ ਹੈ।)

## ਦ੍ਰਿਸ਼ ਸੱਤਵਾਂ

*(ਰੌਸ਼ਨੀ ਜਾਂਦੀ ਹੈ। ਤੇ ਰੌਸ਼ਨੀ ਹੌਲ਼ੀ ਹੌਲ਼ੀ ਦੁਬਾਰਾ ਆਉਂਦੀ ਹੈ।) 16 ਨਵੰਬਰ, 1915 ਦਾ ਦਿਨ ਹੈ। ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ, ਜਗਤ ਸਿੰਘ, ਹਰਨਾਮ ਸਿੰਘ, ਬਖ਼ਸ਼ੀਸ਼ ਸਿੰਘ ਤੇ ਸੁਰੈਣ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਕੈਦੀਆਂ ਦੇ ਕੱਪੜਿਆਂ ਵਿਚ ਫਾਂਸੀ ਦੇ ਫੰਦੇ ਕੋਲ਼ ਲਿਜਾਇਆ ਜਾ ਰਿਹਾ ਹੈ। ਦੋ ਅੰਗਰੇਜ਼ ਅਫਸਰ ਕੋਲ ਖੜ੍ਹੇ ਹਨ। ਉਹਨਾਂ ਨੂੰ ਪੁੱਛਿਆ ਜਾ ਰਿਹਾ ਹੈ।)*

ਅਫਸਰ : ਤੁਹਾਡੀ ਆਖ਼ਰੀ ਖਾਹਸ਼ ਕੀ ਹੈ ?

ਕਰਤਾਰ ਸਿੰਘ : (ਹੱਸ ਕੇ) ਕੀ ਤੁਸੀਂ ਸਾਡੀ ਆਖ਼ਰੀ ਇੱਛਾ ਪੂਰੀ ਕਰ ਸਕਦੇ ਹੋ ? ਸਾਡੀ ਆਖ਼ਰੀ ਇੱਛਾ ਮੁਕੰਮਲ ਰੂਪ ਵਿਚ ਅਜ਼ਾਦੀ ਹੈ।

ਸੂਰੈਣ ਸਿੰਘ 1 : ਅਸੀਂ ਭਾਰਤੀ ਸਿਰ ਦੇ ਕੇ ਵੀ ਜੀਣ, ਮਰਨ, ਜੂਝਣ ਤੇ ਜਿੱਤਣ ਲਈ ਅਜ਼ਾਦੀ ਲਈ ਲੜਦੇ ਰਹਾਂਗੇ।

ਵਿਸ਼ਨੂੰ ਗਣੇਸ਼ ਪਿੰਗਲੇ : ਅਸੀਂ ਜਾਤ ਪਾਤ ਤੋਂ ਰਹਿਤ, ਧਰਮ ਨਿਰਪੱਖ, ਬਰਾਬਰੀ ਦਾ ਤੇ ਲੁੱਟ ਰਹਿਤ ਸਮਾਜ ਚਾਹੁੰਦੇ ਹਾਂ।

ਜਗਤ ਸਿੰਘ : ਅਸੀਂ ਚਾਹੁੰਦੇ ਹਾਂ ਸਾਡੇ ਗੁਰੂ ਦਾ ਸੰਦੇਸ਼– ਭੈ ਕਾਹੂੰ ਕੋ ਦੇਤ ਹੈ, ਨਾ ਭੈ ਮਾਨਤ ਆਨ।

ਹਰਨਾਮ ਸਿੰਘ : ਅਸੀਂ ਚਾਹੁੰਦੇ ਹਾਂ ਕਿ ਹੱਕ, ਸੱਚ, ਇਨਸਾਫ਼, ਅਜ਼ਾਦੀ, ਬਰਾਬਰੀ ਤੇ ਭਰੱਪਣ ਦੀ ਲੜਾਈ ਸਾਰਾ ਆਲਮ ਲੜੇ।

ਸੁਰੈਣ ਸਿੰਘ 2 : ਹਿੰਦੂ, ਸਿੱਖ, ਪਠਾਣ ਤੇ ਮੁਸਲਮਾਨੋ.
ਫੌਜਾਂ ਵਾਲਿਓ ਜਰਾ ਖਿਆਲ ਕਰਨਾ।
ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ,
ਤੁਸੀਂ ਯੁੱਧ ਹੁਣ ਉਹਨਾਂ ਦੇ ਨਾਲ ਕਰਨਾ।

ਬਖ਼ਸ਼ੀਸ਼ ਸਿੰਘ : ਫਾਂਸੀਆਂ ਨਾਲ ਨਹੀਂ ਖ਼ਤਮ ਇਹ ਹੋਣ ਲੱਗੇ,
ਜਿਹੜੇ ਪੈਰੋਕਾਰ ਅਜ਼ਾਦੀ ਦੇ ਉੱਠ ਆਏ ਨੇ।
ਬੰਨ੍ਹੀ ਕਤਾਰਾਂ ਖੜ੍ਹੇ ਨੇ ਜੋ ਪਿੱਛੇ ਸਾਡੇ,

ਲਾਹ ਬੇੜੀਆਂ ਗੁਲਾਮੀ ਨਾਲ ਰੁੱਠ ਆਏ ਨੇ।

ਕਰਤਾਰ ਸਿੰਘ : ਇਨਕਲਾਬ।

ਸਾਰੇ : ਜ਼ਿੰਦਾਬਾਦ––ਜ਼ਿੰਦਾਬਾਦ।

ਸਾਰੇ : ਇਨਕਲਾਬ- ਜ਼ਿੰਦਾਬਾਦ, ਇਨਕਲਾਬ- ਜ਼ਿੰਦਾਬਾਦ *(ਦੇ ਨਾਹਰਿਆਂ ਨਾਲ ਹਾਲ ਗੂੰਜ ਉੱਠਦਾ ਹੈ। ਜਦੋਂ ਨਾਹਰਿਆਂ ਦੀ ਅਵਾਜ਼ ਮੱਧਮ ਹੁੰਦੀ ਹੈ। ਤੇ ਸੂਤਰਧਾਰ ਬੋਲਦਾ ਹੈ।)*

ਸੂਤਰਧਾਰ : ਅੰਤ 16 ਨਵੰਬਰ 1915 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ, ਜਗਤ ਸਿੰਘ, ਹਰਨਾਮ ਸਿੰਘ, ਬਖ਼ਸ਼ੀਸ਼ ਸਿੰਘ, ਸੁਰੈਣ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਕਰਤਾਰ ਸਿੰਘ ਨੇ ਖ਼ੁਦ ਆਪਣੇ ਗਲ ਵਿਚ ਫਾਂਸੀ ਦਾ ਫੰਦਾ ਪਾਇਆ। ਮੌਤ ਦਾ ਮਖੌਲ ਉਡਾਉਂਦਾ ਹੋਇਆ ਅਮਰ ਹੋ ਗਿਆ। ਆਪਣੀ ਜ਼ਿੰਦਗੀ ਦੇ ਬਹੁਤ ਥੋੜ੍ਹੇ ਸਮੇਂ ਵਿਚ ਆਪਣੀ ਜਵਾਨੀ ਤੇ ਨਾਤਜ਼ਰਬਾਕਾਰੀ ਦੇ ਬਾਵਜੂਦ ਉਹ ਸਮੁੱਚੀ ਮਨੁੱਖਤਾ ਅਤੇ ਖਾਸ ਕਰ ਆਪਣੇ ਦੇਸ਼ ਵਾਸੀਆਂ ਦੀ ਸੁਤੰਤਰਤਾ ਦੇ ਕਾਰਜ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਗਿਆ। ਦੁਨੀਆਂ ਦੇ ਇਤਿਹਾਸ ਵਿਚ ਉਸਦਾ ਸਾਨੀ ਕੋਈ ਨਹੀਂ ਹੈ।

*(ਸੂਤਰਧਾਰ ਦੇ ਬੋਲਣ ਦੇ ਦੌਰਾਨ ਉਹਨਾਂ ਦੇ ਮੂੰਹਾਂ ਤੇ ਕਾਲ਼ੇ ਕੱਪੜੇ ਪਾਏ ਜਾਂਦੇ ਹਨ ਤੇ ਗਲ਼ਾਂ ਵਿਚ ਫਾਂਸੀ ਦੇ ਰੱਸੇ ਆਪਣੇ ਹੱਥਾਂ ਨਾਲ ਆਪ ਪਾਉਂਦੇ ਹਨ। ਅਫ਼ਸਰ ਘੜੀ ਤੇ ਟਾਈਮ ਦੇਖਦਾ ਹੈ ਤੇ ਜਲਾਦ ਫੱਟਾ ਖਿੱਚਦਾ ਹੈ। ਦੇਸ਼ ਭਗਤਾਂ ਦੀਆਂ ਗਰਦਨਾਂ ਲੁਟਕ ਜਾਂਦੀਆਂ ਹਨ ਤੇ ਗੀਤ ਚਲਦਾ ਹੈ।)*

ਹਿੰਦ ਵਾਸਿਓ ਰੱਖਣਾ ਯਾਦ ਸਾਨੂੰ,
ਕਿਤੇ ਦਿਲੋਂ ਨਾ ਸਾਨੂੰ ਭੁਲਾ ਦੇਣਾ।
ਖਾਤਿਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਦੇਖ ਕੇ ਨਾ ਘਬਰਾ ਜਾਣਾ।
ਹਿੰਦ ਵਾਸਿਓ ਚਮਕਣਾ ਚੰਦ ਵਾਗੂੰ,
ਕਿਤੇ ਬੱਦਲਾਂ ਹੇਠ ਨਾ ਆ ਜਾਣਾ।

*(ਪਰਦਾ ਡਿੱਗਦਾ ਹੈ।)*

ਸਮਾਪਤ



'ਆਖ਼ਰੀ ਖ਼ਾਹਿਸ਼' ਨਾਟਕ ਸ਼ਹੀਦ ਕਰਤਾਰ ਸਰਾਭਾ ਨੂੰ ਸ਼ਰਧਾਂਜ਼ਲੀ ਦੇ ਰੂਪ ਵਿਚ ਉਹਨਾਂ ਦੇ ਸ਼ਹੀਦੀ ਦਿਨ ਤੇ ਵਿਸ਼ੇਸ਼ ਤਰਕਸ਼ੀਲ ਸੁਸਾਇਟੀ ਵਲੋਂ ਸਮਰਪਿਤ ਕੀਤਾ ਗਿਆ। ਇਸਦਾ ਮੰਚਨ ਬੈੱਲ ਪ੍ਰਫਾਰਮਿੰਗ ਆਰਟਸ ਸੈਂਟਰ ਵਿਖੇ ਹੇਠ ਲਿਖੇ ਕਲਾਕਾਰਾਂ ਦੇ ਸਹਿਯੋਗ ਨਾਲ ਕੀਤਾ ਗਿਆ।

ਪਰਮ ਸਰਾਂ
ਬਲਵਿੰਦਰ ਰੋਡੇ
ਮੇਹਰ ਸਿੰਘ ਬੱਦੋਵਾਲ
ਸੁਖਵਿੰਦਰ ਤੱਖੜ
ਗੁਰਨਾਮ ਥਾਂਦੀ
ਗੁਰਜੀਤ ਕੌਰ ਗੋਸਲ
ਅਮਰਜੀਤ ਰੰਧਾਵਾ
ਨਿਰਮਲ ਕਿੰਗਰਾ
ਕੁਲਵੀਰ ਮੰਗੂਵਾਲ
ਸਰਬਜੀਤ ਉੱਖਲਾ
ਗੁਰਪਾਲ ਸ਼ੋਕਰ
ਅਵਤਾਰ ਗਿੱਲ
ਸ਼ਾਨ ਸਵੈਚ
ਜਸਵਿੰਦਰ ਹੇਅਰ
ਹਰਪਾਲ ਗਰੇਵਾਲ

# ਬਾਬਿਆਂ ਦੀ ਫੁੱਲ ਕਿਰਪਾ !



## ਪਾਤਰ

| | |
|---|---|
| ਸੂਤਰਧਾਰ | ਦੋ ਤਰਕਸ਼ੀਲ਼ |
| ਦੀਪ | ਇਕ ਅਧਖੜ ਔਰਤ |
| ਸੁੱਖਾ | ਉਸ ਦਾ ਘਰਵਾਲਾ |
| ਆਰਤੀ | 30-35 ਸਾਲ ਦੀ ਔਰਤ |
| ਜੀਤੋ | 45-50 ਸਾਲ ਦੀ ਔਰਤ |
| ਨਾਮੋ | ਉਮਰ 45-50 ਸਾਲ |
| ਅਨਮੋਲ | ਦੀਪ ਤੇ ਸੁੱਖੇ ਦੀ ਬੇਟੀ |
| ਨਿਰਮਲ | ਸੁੱਖੇ ਦਾ ਇਕ ਹਮਦਰਦ ਦੋਸਤ |
| | ਸਾਧ ਤੇ ਦੋ ਜਾਂ ਤਿੰਨ ਚੇਲੇ |
| ਦੋ ਬੱਚੇ | 2-3 ਹੋਰ ਆਦਮੀ ਤੇ ਔਰਤਾਂ (ਡੇਰੇ ਵਿਚ ਬੈਠਣ ਲਈ) |
| ਸਥਾਨ | ਕੈਨੇਡਾ ਦੇ ਇਕ ਸਾਧਾਰਣ ਪਰਿਵਾਰ ਦਾ ਘਰ |
| ਸਮਾਂ | ਸ਼ਾਮ ਵੇਲਾ |

## ਦ੍ਰਿਸ਼ ਪਹਿਲਾ

(ਕੈਨੇਡਾ ਦਾ ਇਕ ਘਰ ਹੈ। ਜਿੱਥੇ ਲੀਵਿੰਗ ਰੋਮ ਵਿਚ ਦੋ ਸੋਫ਼ੇ ਤੇ ਇਕ ਟੇਬਲ ਪਿਆ ਹੈ। ਟੇਬਲ ਤੇ ਅਖ਼ਬਾਰਾਂ ਦਾ ਢੇਰ ਲੱਗਿਆ ਹੋਇਆ ਹੈ। ਟੇਬਲ ਤੇ ਚਾਹ ਦਾ ਕੱਪ ਪਿਆ ਹੈ। ਸੁੱਖਾ ਬੇਚੈਨੀ ਵਿਚ ਵਾਰ ਵਾਰ ਫ਼ੋਨ ਘੁੰਮਾਈ ਜਾ ਰਿਹਾ ਹੈ।)

(ਦੋ ਸੂਤਰਧਾਰ ਦੋਨਾਂ ਪਾਸਿਆਂ ਤੋਂ ਆਉਂਦੇ ਹਨ ਤੇ ਵਾਰੀ ਵਾਰੀ ਬੋਲਦੇ ਹਨ।)

ਸੂਤਰਧਾਰ 1. : ਇਹ ਜੋ ਕੁਝ ਤੁਹਾਡੇ ਸਾਹਮਣੇ ਹੋ ਰਿਹਾ ਹੈ।

ਸੂਤਰਧਾਰ 2 : ਇਹ ਕੈਨੇਡਾ ਦੇ ਘਰ ਦੀ ਕਹਾਣੀ ਹੈ।

1. ਇਹ ਦੁਨੀਆਂ ਦੇ ਕਿਸੇ ਵੀ ਹਿੱਸੇ ਦੀ ਕਹਾਣੀ ਹੋ ਸਕਦੀ ਹੈ।

2. ਇਹ ਕਿਸੇ ਵੀ ਪਿੰਡ ਜਾਂ ਸ਼ਹਿਰ ਦੀ ਹੋ ਸਕਦੀ ਹੈ।

1. ਕਿਉਂਕਿ ਮਨੁੱਖ ਤੰਗੀਆਂ ਤੁਰਸ਼ੀਆਂ ਵਿਚ ਘਿਰਿਆ ਹੋਇਆ ਹੈ।

2. ਇਸਨੂੰ ਹਰ ਵਕਤ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

1. ਇਹ ਆਦਮੀ ਬਹੁਤ ਹੀ ਟੈਨਸਨ ਵਿਚ ਦਿਖਾਈ ਦੇ ਰਿਹਾ ਹੈ।

2. ਇਹ ਆਪਦੇ ਬਿੱਲ ਨੂੰ ਦੇਖ ਕੇ ਪਰੇਸ਼ਾਨ ਹੈ।

1. ਇਹ ਬਿਲ ਬਿਜਲੀ ਦਾ, ਗੈਸ ਦਾ, ਮੈਡੀਕਲ ਦਾ, ਪਾਣੀ ਦਾ, ਫ਼ੋਨ ਦਾ, ਵੀਜ਼ੇ ਦਾ ,ਕੇਬਲ ਦਾ, ਕਿਸੇ ਤਰ੍ਹਾਂ ਦਾ ਵੀ ਬਿੱਲ ਹੋ ਸਕਦਾ ਹੈ।

2. ਪਰ ਅੱਜ ਇਸਦੇ ਹੱਥ ਵਿਚ ਕਰੈਡਿਟ ਕਾਰਡ ਦਾ ਬਿੱਲ ਹੈ।

1. ਚਲੋ ਦੇਖਦੇ ਹਾਂ ਕਿ ਇਹਨਾਂ ਦੇ ਘਰ ਵਿਚ ਕੀ ਹੋ ਰਿਹਾ ਹੈ।

*(ਜਾਂਦੇ ਹਨ)*

*(ਦੀਪ ਹੱਥ ਵਿਚ ਚਾਹ ਦਾ ਕੱਪ ਫੜੀ ਅੰਦਰ ਆਉਂਦੀ ਹੈ ਤੇ ਟੇਬਲ ਤੇ ਪਏ ਕੱਪ ਵੱਲ ਦੇਖ ਕੇ-)*

ਦੀਪ : ਕੀ ਗੱਲ ਅੱਜ ਫ਼ੋਨ ਦਾ ਖਹਿੜਾ ਨੀ ਛੱਡਦੇ, ਆਹ ਚਾਹ ਵੀ ਠੰਢੀ ਕਰਤੀ, ਇਹਨੂੰ ਤਾਂ ਗਰਮ ਗਰਮ ਪੀ ਲੈਂਦੇ।



ਸੁੱਖਾ : ਫ਼ੋਨ ਮਿਲ ਹੀ ਨਹੀਂ ਰਿਹਾ, ਮੈਂ ਤਾਂ ਘੰਟਾ ਹੋ ਗਿਆ ਕੋਸ਼ਿਸ਼ ਕਰਦੇ ਨੂੰ।

ਦੀਪ : ਇਹੋ ਜਿਹੀ ਕੀ ਗੱਲ ਹੋ ਗਈ, ਠਹਿਰ ਕੇ ਕਰ ਲਿਓ।

ਸੁੱਖਾ : ਮੇਰੀ ਤਾਂ ਨੀਂਦ ਹਰਾਮ ਹੋਈ ਪਈ ਆ, ਤੂੰ ਕਹਿੰਨੀਆਂ ਫ਼ੋਨ ਠਹਿਰ ਕੇ ਕਰਲਾਂ!

ਦੀਪ : ਨਾ ਦੱਸੋ ਤਾਂ ਸਹੀ।

ਸੁੱਖਾ : ਮੈਂ ਪਿਛਲਾ ਸਾਰਾ ਬਿੱਲ ਭਰ ਆਇਆ ਸੀ। ਇਹ ਪਤਾ ਨਹੀਂ ਐਡਾ ਵੱਡਾ 6000 ਦਾ ਬਿੱਲ ਕਿੱਥੋਂ ਭੇਜਤਾ।

ਦੀਪ : ਹੈਂ (ਘਬਰਾ ਕੇ ਤੁਰੰਤ ਕੁਝ ਸੋਚ ਕੇ) ਤੁਸੀਂ ਫ਼ਿਕਰ ਨਾ ਕਰੋ। ਸਭ ਕੁਝ ਠੀਕ ਹੋ ਜੂ।

ਸੁੱਖਾ : ਮੈਨੂੰ ਤਾਂ ਕੋਈ ਚਾਰ ਸੌ ਵੀਹ ਲੱਗਦੀ ਆ।

ਦੀਪ : *(ਬਿੱਲ ਫੜ ਕੇ ਤੇ ਹੱਸ ਕੇ)* ਲੈ ਚਾਰ ਸੌ ਵੀਹ ਕਾਹਨੂੰ, ਤੁਸੀਂ ਤਾਂ ਐਵੇਂ ਡਰੀ ਜਾਨੇਂ ਉਂ। ਇਹ ਤਾਂ ਮੈਂ ਹੀ ਵਰਤਿਆ ਭਲੇ ਲਈ।

ਸੁੱਖਾ : *(ਹੈਰਾਨ ਹੋ ਕੇ)* ਹੈਂ! ਆਪਣੇ ਭਲੇ ਲਈ! ਪਰ ਕਿੱਥੇ? ਕੀ ਲਿਆਂਦਾ?

(ਆਲੇ ਦੁਆਲੇ ਦੇਖਦਾ ਹੈ।)

ਦੀਪ : ਲਿਆਂਦਾ— ਜੋ ਕੁਝ ਮੈਂ ਲਿਆਂਦਾ - ਥੋਤੋਂ ਤਾਂ ਸੰਭਾਲ਼ ਨੀ ਹੋਣਾ, ਆਹ ਐਡ ਨੀਂ ਆਉਂਦੀ, ਬਾਬਾ ਜੀ ਦੀ, ਆਹ ਟੀ. ਵੀ. ਤੇ, ਆਹ ਪੇਪਰਾਂ ਵਿਚ ਵੀ— ਸੁਮਨ ਕਹਿੰਦੀ ਸੀ ਉਨ੍ਹਾਂ ਨੇ ਵੀ ਬਾਬਾ ਜੀ ਤੋਂ ਈ ਪੁੱਛ ਪਵਾਈ ਸੀ, ਹੁਣ ਦੇਖ ਲੋ ਉਨ੍ਹਾਂ ਦਾ ਕੰਮ ਕਿਵੇਂ ਚੜ੍ਹਿਐ।

ਸੁੱਖਾ : ਉਹ ਤੁਸੀਂ ਮੇਰਾ ਪਿੱਛਾ ਕਿਉਂ ਲਵਾਉਣ ਲੱਗੇ ਓਂ, ਇਕ ਵਾਰ ਪੁੱਛ ਤਾਂ ਲੈਂਦੀ ਕਿ ਮੈਂ ਘਰ ਦੇ ਖ਼ਰਚੇ ਕਿਵੇਂ ਤੋਰਦਾਂ!

ਦੀਪ : ਮੈਂ ਵੀ ਤਾਂ ਥੋਡੇ ਸੁੱਖ ਲਈ, ਥੋਡੇ ਭਲੇ ਲਈ ਹੀ ਕੀਤੈ।

ਸੁੱਖਾ : ਰਹਿਣ ਦੇ ਐਹੋ ਜਿਹੇ ਭਲਿਆਂ ਨੂੰ, ਕੁਰਕੀ ਕਰਾ ਕੇ ਧਰ ਦੇਂਗੀ।

ਦੀਪ : ਬਾਬਾ ਜੀ ਨੇ ਆਪਦੇ ਲਈ ਕੁਝ ਨੀ ਲਿਆ, ਐਨਾ ਖ਼ਰਚਾ ਤਾਂ ਪੁੰਨ-ਦਾਨ ਤੇ ਈ ਆਉਣਾ।

ਸੁੱਖਾ : ਘਰ ਦੀਆਂ ਤਾਂ ਪੇਮੈਂਟਾਂ ਟੁੱਟਣ ਨੂੰ ਤਿਆਰ ਨੇ, ਇਹਦਾ ਅਜੇ ਦਾਨ-ਪੁੰਨ ਨੀਂ ਹੋਇਆ। ਐਨਾ ਖ਼ਰਚਾ ਤਾਂ ਖੰਡ-ਪਾਠ ਤੇ ਨਹੀਂ ਸੀ ਆਉਣਾ।

ਦੀਪ : ਰੱਬ ਸੁੱਖ ਰੱਖੇ, ਪਾਠ ਵੀ ਕਰਾਊਂ—ਖੰਡ ਪਾਠ ਵੀ ਕਰਾਊਂ, ਮੈਂ ਤਾਂ ਕਰਾਊਂ ਗੱਜ ਵੱਜ ਕੇ — ਵੇਖਿਓ ਤਾਂ ਸਹੀ।

ਸੁੱਖਾ : ਦੀਪ ਮੈਂ ਜਿਹੜਾ ਪਿਛਲਾ ਬਿੱਲ ਪੇ ਕੀਤਾ ਸੀ, ਉਹਦੇ ਤੇ ਵੀ 1000 ਕੁ ਡਾਲਰ ਦਾ ਪਤਾ ਨੀਂ ਲੱਗਿਆ, ਕਿੱਥੇ ਗਿਆ, ਉਹ ਵੀ ਤੂੰ ਲਿਆ ਸੀ ?

ਦੀਪ : ਆਹੋ ਆਹ ਟੀ. ਵੀ . ਤੇ ਨੀਂ ਆਉਂਦਾ ਬਲਦੇਵ ਰਾਜ ਜੋਤਸ਼ੀ, ਆਹ ਪੇਪਰਾਂ ਵਿਚ ਵੀ ਐਡ ਆਉਂਦੀ ਆ ਜੀਹਦੀ।

ਸੁੱਖਾ : ਫੇਰ ?

ਦੀਪ : ਮੈਂ ਉਹਨੂੰ ਫ਼ੋਨ ਕੀਤਾ ਸੀ ।

ਸੁੱਖਾ : ਇਕ ਤਾਂ ਇਹ ਅਖ਼ਬਾਰਾਂ, ਟੀ.ਵੀ ਵਾਲਿਆਂ ਨੇ ਲੋਕਾਂ ਦੇ ਦਿਮਾਗ ਖ਼ਰਾਬ ਕੀਤੇ ਐ, ਬਾਬਿਆਂ ਦੀਆਂ ਐਡੀਆਂ ਐਡੀਆਂ ਐਡਾ ਪਾ ਕੇ। ਕੀ ਕਹਿੰਦਾ ਫੇਰ ਤੇਰਾ ਜੋਤਿਸ਼ੀ ?

ਦੀਪ : *(ਅਣਸੁਣੀ ਕਰਦੀ ਹੋਈ)* ਉਹ ਕਹਿੰਦਾ ਸੀ ਕਿ ਜੇ ਮੈਂ 1000 ਡਾਲਰ ਭੇਜ ਦੇਵਾਂ ਤਾਂ ਉਹ ਮੈਨੂੰ ਲਾਟਰੀ ਦੇ ਨੰਬਰ ਦੱਸੂਗਾ।

ਸੁੱਖਾ : ਫੇਰ ?

ਦੀਪ : ਆਪਾਂ ਨੂੰ ਲਾਟਰੀ ਦਾ ਪੰਜ ਮਿਲੀਅਨ ਡਾਲਰ ਨਿਕਲੂਗਾ।

ਸੁੱਖਾ : ਅੱਛਾ ਆ, ਸਿਰਫ਼ ਪੰਜ ਮਿਲੀਅਨ, ਨਾ ਤੂੰ 35 ਮਿਲੀਅਨ ਵੇਲੇ ਨੰਬਰ ਕਿਉਂ ਨਾ ਪੁੱਛੇ ? ਪਵਾ ਤਾਂ ਨਾ 30 ਮਿਲੀਅਨ ਦਾ ਘਾਟਾ।

ਦੀਪ : ਊਂਅਅਅ *(ਰੁੱਸਣ ਦਾ ਬਹਾਨਾ ਕਰਦੀ ਹੈ।)*

ਸੁੱਖਾ : ਨਾ ਚੰਗਾ, ਚੰਗਾ ਦੱਸ ਫੇਰ।

ਦੀਪ : ਪਾਠ ਪੂਜਾ ਬਾਰੇ ਦੱਸਦਾ ਸੀ, ਕਹਿੰਦਾ ਸੀ 1000 ਕੁ ਡਾਲਰ ਹੋਰ ਭੇਜਣਾ ਪੈਣੇ, ਨਾਲੇ ਅਜੇ ਤਾਂ ਰਾਹੂ ਤੇ ਕੇਤੂ ਦਾ ਗੇੜ ਐ, ਪੈਸੇ ਗਿਆਂ ਤੇ ਉਹ ਫਿਰ ਪਾਠ ਪੂਜਾ ਕਰਕੇ ਰਾਹੂ ਤੇ ਕੇਤੂ ਨੂੰ ਪਰ੍ਹੇ ਭਜਾਊ, ਫਿਰ ਆਪਣੀ ਲਾਟਰੀ ਲੱਗੂ, ਫਿਰ ਤਾਂ ਸਾਰੇ ਰੋਣੇ ਧੋਣੇ ਧੋਤੇ ਜਾਣਗੇ , ਫੇਰ ਨਹੀਂ ਮੈਨੂੰ ਪ੍ਰਵਾਹ ਕਿਸੇ ਦੀ। ਫੇਰ ਤਾਂ ਥੋਡੀ ਭੈਣ ਨਾਲੋਂ ਵੀ ਵਧੀਆ ਘਰ ਬਣਾਊਂ, ਵਧੀਆ ਵਧੀਆ ਸ਼ੈਂਡਲੀਅਰ ਲਾ ਕੇ, ਹੁਣ ਉਹ ਆਵਦਿਆਂ ਨੂੰ ਚਮਕਾਉਂਦੀ ਰਹਿੰਦੀ ਆ।

ਸੁੱਖਾ : ਰਹਿਣ ਦੇ ਰਹਿਣ ਦੇ, ਆ ਜਾ, ਆ ਜਾ ਮੁੜਿਆ ਮੁੜਿਆ ਆਨੇ ਵਾਲੀ ਥਾਂ ਤੇ ਈ। ਅੱਜ ਤਾਂ ਇਹ ਬਿੱਲ ਦਾ ਫ਼ਿਕਰ ਕਰ,



ਕਿਤੇ ਇਹ ਚੌਗੁਣਾ ਨਾ ਦੇਣਾ ਪੈ ਜੇ।

ਦੀਪ : ਜਦੋਂ ਬਾਬਾ ਜੀ ਨੇ ਪਾ ਤੀਆਂ ਰਿੱਧੀਆਂ ਸਿੱਧੀਆਂ, ਫੇਰ ਦੇਖਿਓ ਆਲਾ ਦਾਲਾ।

*(ਮੂੰਹ ਜਿਹਾ ਬਣਾ ਕੇ ਚਲੀ ਜਾਂਦੀ ਹੈ।)*

ਸੁੱਖਾ : ਆਈਐ ਵੱਡੇ ਨਵਾਬ ਦੀ ਧੀ, ਪਾ ਲੂ ਇਹ ——————*(ਸੁੱਖਾ ਬੁੜ ਬੁੜ ਤੇ ਬਿੱਲ ਨੂੰ ਵਾਰ ਵਾਰ ਦੇਖਦਾ ਹੈ ਤੇ ਅਖ਼ਬਾਰਾਂ ਨੂੰ ਥੱਲ ਪਥੱਲ ਕਰਦਾ ਹੈ ਤੇ ਗੁੱਸੇ ਵਿਚ ਉੱਠ ਕੇ ਚਲਿਆ ਜਾਂਦਾ ਹੈ)*

(ਸੂਤਰਧਾਰ ਆਉਂਦੇ ਹਨ)

ਸੂਤਰਧਾਰ 1 : ਇਸਤੋਂ ਪਹਿਲਾ ਇਹ ਪਰਿਵਾਰ ਬਿੱਲਕੁੱਲ ਠੀਕ ਠਾਕ ਸੀ ।

ਸੂਤਰਧਾਰ 2 : ਹੁਣ ਇਨ੍ਹਾਂ ਦੇ ਘਰ ਵਿਚ ਤੂੰ-ਤੂੰ, ਮੈਂ-ਮੈਂ ਦਾ ਬੋਲਬਾਲਾ ਹੈ।

1. ਕਿਉਂਕਿ ਇਹ ਔਰਤ ਬਾਬਿਆਂ ਤੇ ਜੋਤਸ਼ੀਆਂ ਦੇ ਧੱਕੇ ਚੜ੍ਹ ਚੁੱਕੀ ਹੈ।
2. ਉਸਦੇ ਪਾਠ ਪੂਜਾ ਦੇ ਖ਼ਰਚੇ ਵਧ ਚੁੱਕੇ ਹਨ।
1. ਕੋਈ ਨਾ ਕੋਈ ਬਿੱਲ ਆਇਆ ਰਹਿੰਦਾ ਹੈ।
2. ਬੰਦਾ ਅੰਦਰੇ ਅੰਦਰ ਖੁਰਦਾ ਜਾ ਰਿਹਾ ਹੈ।
1. ਉਹ ਜਿਆਦਾ ਕੁਝ ਨਹੀਂ ਕਹਿੰਦਾ ਕਿ ਘਰ ਵਿਚ ਕਲੇਸ਼ ਹੋਵੇਗਾ।
2. ਬੱਚਿਆਂ ਤੇ ਇਸਦਾ ਉਲਟ ਅਸਰ ਹੋਵੇਗਾ।
1. ਜੇ ਕਲੇਸ਼ ਵਧ ਗਿਆ ਤਾਂ ਸ਼ੋਸ਼ਲ ਵਰਕਰ ਬੱਚੇ ਚੁੱਕ ਕੇ ਲੈ ਜਾਣਗੇ।
2. ਉਹ ਬੱਚੇ ਜਿਨ੍ਹਾਂ ਦੇ ਭਵਿੱਖ ਲਈ ਉਹ ਸੱਤ ਸਮੁੰਦਰੋਂ ਪਾਰ ਆਏ ਸਨ।
1. ਉਹਨਾਂ ਨੂੰ ਗੁਆ ਬੈਠਣਗੇ।
2. ਦੀਪ ਇਕ ਲਾਈਲੱਗ ਔਰਤ ਹੈ।
1. ਇਸਦੀ ਇੱਛਾ ਹੈ ਕਿ ਇਹ ਆਪਦੀ ਨਣਦ ਨਾਲੋਂ ਵੱਡਾ ਤੇ ਸੋਹਣਾ ਘਰ ਬਣਾਵੇਂ।
2. ਹੁਣ ਇਹ ਬਲਦੇਵ ਰਾਜ ਨੂੰ 1000 ਡਾਲਰ ਦੇ ਚੁੱਕੀ ਹੈ।
1. ਤੇ ਇਕ 1000 ਹੋਰ ਦੇਵੇਗੀ।
2. ਫਿਰ ਉਹ ਇਹਨੂੰ ਲਾਟਰੀ ਦੇ ਨੰਬਰ ਦੱਸੇਗਾ।
1. ਪਰ ਉਹ ਇਹ ਨੰਬਰ ਆਪਦੇ ਲਈ ਕਿਉਂ ਨਹੀਂ ਵਰਤਦਾ ?

2. ਉਹ 1000 ਜਾਂ 2000 ਲੋਕਾਂ ਤੋਂ ਕਿਉਂ ਲੈ ਰਿਹਾ ਹੈ?
1. ਉਹ ਪੰਜ ਮਿਲੀਅਨ ਜਾਂ ਪੈਂਤੀ ਮਿਲੀਅਨ ਆਪ ਕਿਓਂ ਨੀਂ ਲੈ ਲੈਂਦਾ?
2. ਇਹ ਤੁਹਾਡੇ ਸੋਚਣ ਵਾਲੀ ਗੱਲ ਹੈ।
1. ਬਿਲਕੁੱਲ, ਇਹ ਤੁਹਾਡੇ ਵੀ ਸੋਚਣ ਵਾਲੀ ਗੱਲ ਹੈ।
2. ਜੋਤਸ਼ੀ ਨੂੰ ਪਤਾ ਹੈ ਕਿ ਇਸਤਰ੍ਹਾਂ ਕਦੇ ਵੀ ਨਹੀਂ ਹੁੰਦਾ।
1. ਲਾਟਰੀ ਤਾਂ ਜੂਆ ਹੈ, ਅਗਰ ਨੰਬਰ ਮਿਲ ਗਏ ਤਾਂ।
2. ਇਹ ਤੁਹਾਡੇ ਸੋਚੇ ਨੰਬਰ ਵੀ ਹੋ ਸਕਦੇ ਹਨ।
1. ਉਹ ਲੋਕਾਂ ਨੂੰ ਚਤੁਰਾਈ ਢੰਗ ਨਾਲ ਠੱਗ ਰਿਹਾ ਹੈ।
2. ਉਹ ਜੂਏ ਨੂੰ ਲਾਟਰੀ ਕਹਿੰਦਾ ਹੈ।
1. ਹਾਂ, ਉਹ ਜੂਏ ਨੂੰ ਲਾਟਰੀ ਕਹਿੰਦਾ ਹੈ।
*(ਸੂਤਰਧਾਰ ਚਲੇ ਜਾਂਦੇ ਹਨ)*

## ਦ੍ਰਿਸ਼ ਦੂਜਾ

*(ਸੁੱਖੇ ਨੂੰ ਬਾਬਾ ਜੀ ਦੇ ਡੇਰੇ ਵੱਲ ਲਿਜਾਇਆ ਜਾ ਰਿਹਾ ਹੈ। ਪਰ ਉਹ ਸਭ ਦੇ ਹੱਥਾਂ ਵਿਚੋਂ ਨਿਕਲ ਨਿਕਲ ਕੇ ਭੱਜ ਰਿਹਾ ਹੈ। ਉਹ ਉੱਚੀ ਉੱਚੀ ਰੌਲਾ ਪਾ ਰਿਹਾ ਹੈ।)*

ਸੁੱਖਾ : ਮੈਨੂੰ ਜਾਣ ਦਿਉ––ਮੈਨੂੰ ਜਾਣ ਦਿਉ– ਮੈਂ ਮਰ ਜਾਣੈ, ਮੈਨੂੰ 'ਕੱਲੇ ਨੂੰ ਛੱਡ ਦਿਉ, ਮੈਂ ਮਰ ਜਾਣੈ, ਮੈਂ ਨਹੀਂ ਜਾਣਾ, ਮੈਂ ਨਹੀਂ ਜਿਊਣਾ–––।

ਦੀਪ : ਆ ਜੋ ਜੀ ਤੁਸੀਂ ਬਹਿ ਜੋ, ਹੁਣ ਰੱਬ ਸੁੱਖ ਰੱਖੇ ਤੁਸੀਂ ਬਿਲਕੁੱਲ ਠੀਕ ਹੋ ਜਾਣੈ।
(ਸੁੱਖਾ ਆਲੇ ਦੁਆਲੇ ਲੋਕਾਂ ਦੀ ਭੀੜ ਦੇਖ ਕੇ ਸਹਿਮ ਕੇ ਬੈਠ ਜਾਂਦਾ ਹੈ।)
(ਸੂਤਰਧਾਰ ਆਉਂਦੇ ਹਨ)

ਸ਼ੂਤਰਧਾਰ 1 : ਇਹ ਜੋ ਕੁਝ ਤੁਸੀਂ ਦੇਖ ਰਹੇ ਹੋ।

ਸ਼ੂਤਰਧਾਰ 2 : ਸੁੱਖੇ ਨੂੰ ਬਾਬੇ ਦੇ ਡੇਰੇ ਲਿਆਂਦਾ ਗਿਆ ਹੈ।

1. ਕੈਨੇਡਾ ਵਿਚ ਡੇਰਾ ਇਕ ਖਾਲ਼ੀ ਕਮਰੇ ਵਿਚ ਹੀ ਬਣਾ ਲਿਆ ਜਾਂਦਾ ਹੈ।
2. ਬਾਬਿਆਂ ਨੂੰ ਜਿਆਦਾ ਸਾਜੋ ਸਮਾਨ ਦੀ ਲੋੜ ਨਹੀਂ ਪੈਂਦੀ।
1. ਹੁਣ ਸੁੱਖੇ ਦੇ ਹਾਲਾਤ ਕਾਫੀ ਮਾੜੇ ਹੋ ਚੁੱਕੇ ਹਨ।



2. ਉਸਨੇ ਆਪਣੇ ਬਿਜਨਸ ਨੂੰ ਵਧਾਉਣ ਲਈ ਇਕ ਟਰੱਕ ਪਾ ਲਿਆ।
1. ਟਰੱਕ ਦਾ ਕੰਮ ਜਿਆਦਾ ਨਹੀਂ ਚੱਲਿਆ।
2. ਟਰੱਕ ਘਾਟੇ ਵਿਚ ਵੇਚਣਾ ਪਿਆ।
1. ਜਦੋਂ ਇਨਸਾਨ ਦੁਖੀ ਹੁੰਦਾ ਹੈ।
2. ਉਹ ਇਸਦੇ ਕਾਰਨ ਜਾਨਣ ਦੀ ਥਾਂ–ਆਪਣੇ ਦੁਖਾਂ ਦਾ ਕਾਰਨ ਆਪਣੀ ਕਿਸਮਤ ਨੂੰ ਸਮਝਦਾ ਹੈ।
1. ਤੇ ਵਹਿਮਾਂ ਭਰਮਾਂ ਦਾ ਸ਼ਿਕਾਰ ਹੋ ਜਾਂਦਾ ਹੈ।
2. ਇਸਦੀ ਘਰਵਾਲੀ ਪਹਿਲਾਂ ਹੀ ਵਹਿਮਾਂ ਭਰਮਾਂ ਦੀ ਸ਼ਿਕਾਰ ਹੈ।
1. ਉਸਨੇ ਤਾਂ ਬਾਬਿਆਂ ਤੋਂ ਪਹਿਲਾਂ ਵੀ ਸੁੱਖੇ ਦਾ ਇਲਾਜ ਕਰਵਾਇਆ ਸੀ।
2. ਹੁਣ ਸੁੱਖਾ ਆਰਥਿਕ ਪੱਖੋਂ ਟੁੱਟ ਜਾਣ ਕਰਕੇ ਡਿਪਰੈਸ਼ਨ ਵਿਚ ਹੈ।
1. ਆਉ ਦੇਖੀਏ ਇਥੇ ਕੀ ਹੁੰਦਾ ਹੈ।
(ਸੂਤਰਧਾਰ ਚਲੇ ਜਾਂਦੇ ਹਨ।)
(ਇਥੇ ਸੁੱਖੇ ਨੂੰ ਬਿਠਾ ਲਿਆ ਗਿਆ ਹੈ , ਤਿੰਨ ਚਾਰ ਜ਼ਨਾਨੀਆਂ ਤੇ ਦੋ ਤਿੰਨ ਬੱਚੇ ਵੀ ਬੈਠੇ ਹਨ। ਔਰਤਾਂ ਆਪਸ ਵਿਚ ਗੱਲਾਂ ਕਰ ਰਹੀਆਂ ਹਨ)

ਜੀਤੋਂ : ਵਿਚਾਰੇ ਦਾ ਕੀ ਹਾਲ ਹੋਇਆ ਪਿਐ!

ਨਾਮੋ : ਜੋ ਕਿਸਮਤ 'ਚ ਲਿਖਿਆ ਉਹੀ ਹੁੰਦੈ ਭੈਣੇ, ਕਿਸੇ ਦੇ ਵਸਦੀ ਗੱਲ ਨੀ, ਇਹ ਤਾਂ ਮੱਥੇ ਦੇ ਲੇਖ ਨੇ!

ਆਰਤੀ : ਸ਼ਹੀਦਾਂ ਦੀ ਕਸਰ ਲੱਗਦੀ ਐ!

ਜੀਤੋ : ਕੋਈ ਰਿੱਧ-ਸਿੱਧ ਪੂਰੀ ਨੀਂ ਕੀਤੀ ਹੋਣੀਂ।

ਆਰਤੀ : ਜਦੋਂ ਪਰਦੇਸਾਂ 'ਚ ਆ ਜਾਈਦੈ ਤਾਂ ਸ਼ਹੀਦਾਂ ਦੀਆਂ ਸੁੱਖਾ ਸੁੱਖਣ ਵਿਚ ਦੇਰ ਅਵੇਰ ਹੋ ਈ ਜਾਂਦੀ ਆ।

ਨਾਮੋ : ਨਾ ਭੇਣੈ ਰੱਬ ਭਲੀ ਕਰੇ, ਮੈਂ ਤਾਂ ਆਪਦੇ ਪੁੱਤ ਨੂੰ ਹਰ ਸਾਲ ਮੱਥਾ ਟੇਕਣ ਭੇਜਦੀ ਆ। ਚਾਹੇ ਸਾਰੇ ਕੰਮ ਛੱਡ ਕੇ ਕਿਉਂ ਨਾ ਜਾਵੇ।

ਜੀਤੋ : ਸ਼ਹੀਦ ਤਾਂ ਐਦਾਂ ਈ ਪੂਜ ਹੁੰਦੇ ਨੇ, ਨਹੀਂ ਤਾਂ ਕੋਈ ਨਾ ਕੋਈ ਪੁੱਠੀ ਪੈ ਜਾਂਦੀ ਐ।

ਆਰਤੀ : ਇਹ ਬਾਬਾ ਜੀ ਬਹੁਤ ਕਰਨੀ ਵਾਲੇ ਨੇ।

ਜੀਤੋ : ਇਹ ਤਾਂ ਸਭ ਜਾਣੀ ਜਾਣ ਨੇ, ਇਨ੍ਹਾਂ ਨੂੰ ਤਾਂ ਸਭ ਪਤਾ ਐ।

ਨਾਮੋ : ਮੈਨੂੰ ਪਿਛਲੀ ਵਾਰੀ ਰਾਖ ਕਰਕੇ ਦਿੱਤੀ ਸੀ, ਸੁੱਖ ਨਾਲ ਮੇਰਾ ਤਾਂ ਹੁਣ ਸਭ ਕੁਝ ਠੀਕ ਐ।

ਆਰਤੀ : ਨਾ ਤੁਸੀਂ ਕਾਹਦਾ ਇਲਾਜ ਕਰਵਾਇਆ?

ਨਾਮੋ : ਭੈਣੇ ਕੀ ਦੱਸਾਂ, ਸਾਡੇ ਤੇ ਤਾਂ ਬਹੁਤ ਮੁਸੀਬਤ ਆ ਪਈ ਸੀ। ਸਾਡੇ ਮੁੰਡੇ ਨੂੰ ਤਾਂ ਕਿਸੇ ਨੇ ਕੁਸ ਕਰਾ ਤਾ ਸੀ। ਪੁੱਠੇ ਕੰਮੀਂ ਪੈ ਗਿਆ ਸੀ।

ਆਰਤੀ : ਨਾ ਹੁਣ —ਮੁੜ ਆਇਆ?

ਜੀਤੋ : ਨਾਲੇ ਕਹਿੰਦੇ ਸੀ ਪੁਲੀਸ ਨੇ ਰੇਡ ਮਾਰ ਕੇ ਫੜ੍ਹਿਆ?

ਨਾਮੋ : ਆਹੋ ਫੜ੍ਹਿਆ ਤਾਂ ਪੁਲੀਸ ਨੇ ਈ ਸੀ, ਹੁਣ ਜ਼ਮਾਨਤ ਤੇ ਆ ਗਿਆ। ਪਰ ਹੋਇਆ ਤਾਂ ਸਾਰਾ ਕੁੱਝ ਬਾਬਾ ਜੀ ਦੀ ਮੇਹਰ ਨਾਲ ਈ ਐ।

ਜੀਤੋ : ਨਾ ਚਿੰਬੜਲੈਂਡ ਨੇ ਨੀ ਛਡਾਇਆ?

ਨਾਮੋ : ਆਹੋ ਉਹ ਤਾਂ ਕਰਨਾ ਈ ਪੈਂਦੈ—ਮੈਂ ਤਾਂ ਕਹਿੰਨੀਆਂ, ਬਾਬਾ ਜੀ ਦਾ ਹੱਥ ਸਭ ਦੇ ਸਿਰ ਤੇ ਰਹੇ।

ਆਰਤੀ : *(ਦੀਪ ਨੂੰ ਹਮਦਰਦੀ ਨਾਲ ਪੁੱਛਦੇ ਹੋਏ)* ਭੈਣੇ ਤੇਰਾ ਹਸਬੈਂਡ ਕਦੋਂ ਕੁ ਦਾ ਬਿਮਾਰ ਐ?

ਦੀਪ : ਆਹ ਛੇ ਮਹੀਨੇ ਈ ਹੋਗੇ।

ਨਾਮੋ : ਨਾ ਫਿਰ ਡਾਕਟਰ ਕੀ ਕਹਿੰਦੈ?

ਦੀਪ : ਉਹ ਤਾਂ ਕੁਛ ਕਹਿੰਦੇ ਈ ਨੀ। ਦਵਾਈਆਂ ਦੇ ਦਿੰਦੇ ਨੇ ਪਿਆ ਰਹਿੰਦੈ।

ਜੀਤੋ : ਨਾ ਫਿਰ ਇਹ ਬਾਬਾ ਜੀ?

ਦੀਪ : ਬਾਬਾ ਜੀ ਨੇ ਤਾਂ ਪਹਿਲਾਂ ਵੀ ਇਲਾਜ ਕੀਤਾ ਸੀ, ਸੁੱਖ ਨਾਲ ਟਰੱਕ ਲੈ ਲਿਆ, ਵਧੀਆ ਕਮਾਈ ਹੋਣ ਲੱਗ ਗੀ, ਸਾਰਾ ਕੁਝ ਠੀਕ ਹੋ ਰਿਹਾ ਸੀ। ਪਤਾ ਨਹੀਂ, ਬਾਬਾ ਜੀ ਕਹਿੰਦੇ, ਪਾਠ ਪੂਜਾ ਵਿਚ ਸਾਥੋਂ ਈ ਕੋਈ ਭੁੱਲ ਹੋਗੀ।

ਆਰਤੀ : ਤੇ ਹੁਣ?

ਦੀਪ : ਬਾਬਾ ਜੀ ਅੱਜ ਇਹਦਾ ਹੱਥ ਦੇਖਣਗੇ, ਅੱਗੇ ਤਾਂ ਮੇਰਾ ਈ ਹੱਥ ਦੇਖ ਲੈਂਦੇ ਸੀ।

ਨਾਮੋ : ਅੱਛਿਐ!

(ਬਾਬਾ ਜੀ ਆ ਰਹੇ ਹਨ, ਉਨ੍ਹਾਂ ਦੇ ਨਾਲ ਉਨ੍ਹਾਂ ਦੇ ਦੋ ਚੇਲੇ



ਹਨ, ਜੋ ਉਨ੍ਹਾਂ ਦੇ ਕੰਨ ਵਿਚ ਕੁਝ ਦੱਸ ਰਹੇ ਹਨ। ਲੋਕ ਬਾਬਾ ਜੀ ਦੇ ਸਤਿਕਾਰ ਵਿਚ ਉੱਠਣ ਦੀ ਕੋਸ਼ਿਸ਼ ਕਰਦੇ ਹਨ ਪਰ ਬਾਬਾ ਉਨ੍ਹਾਂ ਨੂੰ ਹੱਥ ਨਾਲ ਬੈਠਣ ਦਾ ਇਸ਼ਾਰਾ ਕਰਦਾ ਹੈ। ਸੁੱਖਾ ਚੁਪ ਚਾਪ ਨੀਵੀਂ ਪਾ ਕੇ ਬੈਠਾ ਰਹਿੰਦਾ ਹੈ। ਜਿਹੜਾ ਚੇਲਾ ਆਲੇ-ਦੁਆਲੇ ਸਾਫ਼-ਸਫ਼ਾਈ ਕਰਦਾ ਫਿਰਦਾ ਸੀ, ਬਾਬਾ ਉਸਨੂੰ ਇਸ਼ਾਰੇ ਨਾਲ ਕੋਲ ਬੁਲਾਉਂਦਾ ਹੈ। ਤੇ ਕੁਝ ਦੱਸਣ ਲਈ ਕਹਿੰਦਾ ਹੈ।)

ਚੇਲਾ : ਬਾਬਾ ਜੀ , ਇਹ ਸੁੱਖਾ ਐ ਜੀ।

ਬਾਬਾ ਜੀ : ਹਾਂ ਬੇਟਾ।

ਚੇਲਾ : ਬਾਬਾ ਜੀ ਇਹ ਤੁਹਾਡਾ ਭਗ਼ਤ ਬਹੁਤ ਦੁਖੀ ਐ ਜੀ।

ਬਾਬਾ ਜੀ : ਬੇਟਾ ਦੁਖੀ ਤੋ ਸਭ ਸੰਸਾਰ ਹੈ , ਏਕ ਜੀਵ ਕੀ ਬਾਤ ਨਹੀਂ।

ਚੇਲਾ : ਬਾਬਾ ਜੀ ਇਹਦੀ ਹਾਜ਼ਰੀ ਪ੍ਰਵਾਨ ਕਰੋ, ਇਹ ਡਾਢਾ ਦੁਖੀ ਹੈ।

ਬਾਬਾ ਜੀ : ਇਸਕੋ ਕਿਆ ਦੂਖ ਹੈ?

ਚੇਲਾ : ਬਾਬਾ ਜੀ ਤੁਸੀਂ ਤਾਂ ਆਪ ਜਾਣੀ ਜਾਣ ਓਂ।

ਬਾਬਾਜੀ : ਬੇਟਾ ਮੈਂ ਇਸਕਾ ਮਸਤਕ ਦੇਖ ਰਹਾ ਹੂੰ।

ਚੇਲਾ : ਬਾਬਾ ਜੀ ਇਹ ਤੇ ਬਹੁਤ ਦੁਖੀ ਹੈ, ਮਰ ਜਾਨਾ ਚਾਹਤਾ ਹੈ।

ਬਾਬਾ ਜੀ : ਜੋ ਜੀਵ ਪੈਦਾ ਹੂਆ ਹੈ, ਉਸਕੋ ਮਰਨਾ ਹੀ ਹੈ, ਕੋਈ ਬਾਤ ਨਹੀਂ।

ਦੀਪ : *(ਤੜਫ ਕੇ)* ਬਾਬਾ ਜੀ ਇਹ ਮੇਰਾ ਘਰਵਾਲਾ ਐ ਜੀ

ਬਾਬਾ ਜੀ : ਆਪਕਾ ਘਰਵਾਲਾ ਹੈ, ਤੋ ਕੋਈ ਬਾਤ ਨਹੀਂ, ਇਸਕਾ ਜੋ ਬਿਜਨਸ ਖ਼ਰਾਬ ਹੋ ਗਿਆ ਥਾ, ਯੇ ਉਸਕੀ ਚਿੰਤਾ ਮੇਂ ਹੈ। ਚਿੰਤਾ ਤਾਂ ਕੀ ਕੀਜੀਐ—— ਜੋ ਅਨਹੋਣੀ ਹੋਇ।

ਦੀਪ : ਬਾਬਾ ਜੀ ਫਿਰ ਮੈਂ ਕੀ ਕਰਾਂ, ਮੇਰੇ ਤਾਂ ਦੋ ਛੋਟੇ ਛੋਟੇ ਆਹ ਬਲੂਰ ਨੇ। ਇਨ੍ਹਾਂ ਦੀ ਹਾਲਤ ਤਾਂ ਦਿਨੋ ਦਿਨ ਵਿਗੜਦੀ ਜਾਂਦੀ ਐ। ਕੋਈ ਤਾਂ ਉਪਾਅ ਕਰੋ।

ਬਾਬਾ ਜੀ : ਕਰੇਂਗੇ— ਕਰੇਂਗੇ, ਉਪਾਏ ਭੀ ਕਰੇਂਗੇ———ਕਿਉਂ ਨਹੀਂ ਕਰੇਂਗੇ— ਕਰੇਂਗੇ ———ਸਭ ਕੁਝ ਠੀਕ ਹੋ ਜਾਏਗਾ।

ਚੇਲਾ : ਬੀਬੀ, ਬਾਬਾ ਜੀ ਉਪਾਅ ਤਾਂ ਦੱਸ ਦੇਣਗੇ, ਪਰ ਤੁਸੀਂ ਦੱਸੋ- ਤੁਹਾਡੀ ਸ਼ਰਧਾ ਕੀ ਹੈ?

ਦੀਪ : ਸ਼ਰਧਾ ਤਾਂ ਬਹੁਤ ਹੈ ਬਾਬਾ ਜੀ, ਇਨ੍ਹਾਂ ਤੋਂ ਉੱਪਰ ਦੀ ਸਾਡੇ ਲਈ ਕੀ ਐ। ਇਹ ਪੰਜ ਸੌ ਡਾਲਰ ਦੀ ਭੇਟਾ ਤਾਂ ਤੁਸੀਂ ਹੁਣੇ ਈ

ਲਓ। ਬਾਕੀ ਫੇਰ ਸਹੀ।

ਬਾਬਾ ਜੀ : ਹਮੇਂ ਮਾਇਆ ਸੇ ਪਿਆਰ ਨਹੀਂ, ਹਮ ਇਸਕੋ ਹਾਥ ਨਹੀਂ ਲਗਾਤੇ।

ਚੇਲਾ : *(ਭੱਜ ਕੇ ਬੌਕਸ ਮੂਹਰੇ ਕਰਦਾ ਹੋਇਆ)* ਬੀਬੀ ਇਸ ਬਕਸੇ ਮੇਂ ਡਾਲ ਦੋ।

ਦੀਪ : ਜੋ ਹੁਕਮ ਬਾਬਾ ਜੀ, ਬਾਬਾ ਜੀ ਸਾਡੇ ਲਈ ਪ੍ਰਾਰਥਨਾ ਕਰੋ ਬੱਸ ਇਹ ਠੀਕ ਹੋ ਜਾਣ।

ਸੁੱਖਾ : ਪੰਜ ਸੌ ਡਾਲਰ ਤੇ ਹੋਰ———*(ਕਹਿ ਕੇ ਬੇਹੋਸ਼ ਹੋ ਕੇ ਇਕ ਪਾਸੇ ਨੂੰ ਡਿੱਗ ਜਾਂਦਾ ਹੈ।)*

ਬਾਬਾ ਜੀ : *(ਚੇਲੇ ਨੂੰ ਸੰਬੋਧਨ ਹੋ ਕੇ)* ਹਮ ਇਨਕੇ ਲੀਏ ਕੁਝ ਮੰਤਰ ਪੜ੍ਹੇਂਗੇ, ਔਰ ਕੁਝ ਸਿੱਕੇ ਦੇਂਗੇ, ਚਾਰ ਤੋ ਘਰ ਕੇ ਚਾਰੋਂ ਕੋਨੇ ਮੇਂ ਰੱਖਨਾ ਹੈ ਔਰ ਬਾਕੀ ਕੇ ਚਲਤੇ ਪਾਨੀ ਮੇਂ ਛੋੜਨਾ ਹੈ।

ਅਨਮੋਲ : ਮੰਮੀ, ਮੰਮੀ ਡੈਡੀ ਨੂੰ ਦੇਖੋ ਕੀ ਹੋ ਗਿਆ?

ਬਾਬਾ ਜੀ : ਹੈਂ, ਕੀ ਹੋ ਗਿਆ? *(ਸਾਰੇ ਘਬਰਾ ਜਾਂਦੇ ਹਨ।)*

ਅਨਮੋਲ : ਪੰਜ ਸੌ ਡਾਲਰ ਕਹਿ ਕੇ ਬੇਹੋਸ਼ ਹੋ ਗਏ।

ਬਾਬਾ ਜੀ : *(ਚੇਲੇ ਨੂੰ)* ਐਂਬੂਲੈਂਸ ਨੂੰ ਫ਼ੋਨ ਕਰੋ।

ਚੇਲਾ : ਅੱਛਾ ਜੀ। *(ਚੇਲਾ ਜੇਬ੍ਹ ਵਿਚੋਂ ਫ਼ੋਨ ਕੱਢ ਕੇ ਫ਼ੋਨ ਕਰਦਾ ਹੈ। ਐਂਬੂਲੈਂਸ ਦੇ ਸਾਇਰਨ ਦੀ ਅਵਾਜ਼ ਆਉਂਦੀ ਹੈ।)*

ਦੀਪ : ਬਾਬਾ ਜੀ ਤੁਸੀਂ ਕੁਛ ਕਰੋ, ਕੋਈ ਮੰਤਰ ਤਾਂ ਪੜ੍ਹੋ, ਇਨ੍ਹਾਂ ਨੂੰ ਹੋਸ਼ ਵਿਚ ਲਿਆਓ।

ਨਾਮੋ : ਬਾਬਾ ਜੀ ਕੋਈ ਤਾਂ ਓਹੜ ਪੋਹੜ ਕਰੋ।

ਬਾਬਾ ਜੀ : ਇਹਦਾ ਮੈਂ ਕੁਛ ਨਹੀਂ ਕਰ ਸਕਦਾ।

ਨਿਰਮਲ : ਕਿਉਂ , ਕਿਉਂ ਨਹੀਂ, ਕਰ ਸਕਦਾ?

ਬਾਬਾ ਜੀ : ਯੇ ਤੋ ਊਪਰ ਵਾਲੇ ਕੇ ਵਸ ਮੇਂ ਹੈ।

ਨਿਰਮਲ : ਜੇ ਇਹ ਉਪਰ ਵਾਲੇ ਦੇ ਵਸ ਵਿਚ ਹੈ, ਤਾਂ ਤੂੰ ਆਹ ਡਾਲਰ ਕਾਹਦੇ ਲੈਨੈਂ?

ਜੀਤੋ : ਪੰਜ ਸੌ ਡਾਲਰ ਤਾਂ ਪਹਿਲਾਂ ਲੈ ਲਿਆ!

*(ਚੇਲਾ ਬਕਸਾ ਉਠਾ ਕੇ ਭੱਜਣ ਲੱਗਦਾ ਹੈ।)*

ਨਿਰਮਲ : ਠਹਿਰ ਜਾ ਓਏ ਬੂਬਨਿਆਂ, ਹੁਣ ਨੀਂ ਤੈਨੂੰ ਛੱਡਦੇ।

(ਸਾਰੇ ਬਾਬੇ ਤੇ ਚੇਲਿਆਂ ਨੂੰ ਘੇਰਾ ਪਾ ਲੈਂਦੇ ਹਨ ਤੇ ਕੁੱਟਣ ਲੱਗਦੇ ਹਨ। ਸਾਰੇ ਇਸੇ ਮੁਦਰਾ ਵਿਚ ਫਰੀਜ਼ ਹੋ ਜਾਂਦੇ ਹਨ।)

ਬਾਬਾ ਤੇ ਚੇਲੇ : ਸਾਨੂੰ ਮਾਫ਼ ਕਰ ਦਿਓ, ਪਲੀਜ਼ ਸਾਨੂੰ ਮਾਫ਼ ਕਰ ਦਿਓ।



(ਦੀਪਾਂ ਤੇ ਉਹਦੇ ਬੱਚੇ ਸੁੱਖੇ ਨੂੰ ਦੱਬ ਘੁੱਟ ਰਹੇ ਹਨ, ਮੂੰਹ ਵਿਚ ਪਾਣੀ ਪਾ ਰਹੇ ਹਨ, ਉਹਦੇ ਹੱਥਾਂ ਤੇ ਪੈਰਾਂ ਦੀ ਮਾਲਸ਼ ਕਰ ਰਹੇ ਹਨ, ਉਹ ਸੁੱਖੇ ਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ।)

(ਸੂਤਰਧਾਰ ਆਉਂਦੇ ਹਨ।)

ਸੂਤਰਧਾਰ 1 : ਜੋ ਕੁਝ ਤੁਸੀਂ ਦੇਖਿਆ ਹੈ ਇਹ ਸੱਚਮੁੱਚ ਕੋਈ ਨਾਟਕ ਨਹੀਂ।

ਸੂਤਰਧਾਰ 2 : ਇਹ ਤੁਹਾਡੀ ਸਾਡੀ ਜ਼ਿੰਦਗੀ ਦੀ ਅਸਲੀਅਤ ਹੈ।

1. ਦੀਪ ਸੁੱਖੇ ਤੋਂ ਚੋਰੀ ਘਰ ਦੇ ਭਲੇ ਲਈ ਸੁੱਖਾਂ ਸੁੱਖਦੀ ਰਹੀ ਤੇ ਪੈਸਾ ਇਨ੍ਹਾਂ ਪਖੰਡੀਆਂ ਨੂੰ ਦਿੰਦੀ ਰਹੀ।

2. ਤਾਂ ਹੀ, ਕਰਜ਼ੇ ਤੇ ਕਰਜ਼ਾ ਆ ਚੜ੍ਹਿਆ।

1. ਸੁੱਖਾ ਇਸ ਸਦਮੇ ਕਰਕੇ ਬਿਮਾਰ ਰਹਿਣ ਲੱਗ ਗਿਆ।

2. ਉਹ ਆਰਥਿਕ ਪੱਖੋਂ ਪੂਰੀ ਤਰਾਂ ਟੁੱਟ ਗਿਆ।

1. ਉਸਨੂੰ ਆਪਣੇ ਬੱਚਿਆਂ ਦਾ ਭਵਿੱਖ ਧੁੰਦਲਾ ਦਿਸ ਰਿਹਾ ਹੈ।

2. ਉਹ ਬੇਚੈਨ ਹੈ ਤੇ ਤਾਂ ਹੀ ਉਹ ਖੁਦਕਸ਼ੀ ਵੱਲ ਦੌੜਦਾ ਹੈ।

1. ਉਹ ਆਪਣੇ ਪਰਿਵਾਰ ਦਾ ਪਿਆਰ ਚਾਹੁੰਦਾ ਹੈ।

2. ਤਾਂ ਹੀ ਤਾਂ ਉਹ ਪੰਜ ਸੌ ਡਾਲਰ ਭੇਟਾ ਸੁਣ ਕੇ ਬੇਹੋਸ਼ ਹੋ ਗਿਆ ਹੈ।

1. ਇਸਨੂੰ ਉਹ ਇਕ ਪੱਥਰ ਡਿੱਗਦਾ ਮਹਿਸੂਸ ਕਰਦਾ ਹੈ।

2. ਇਹ ਤਾਂ ਇਸ ਇਕ ਘਰ ਦੀ ਕਹਾਣੀ ਹੈ।

1. ਪਰ ਆਪਾਂ ਐਹੋ ਜਿਹੀਆਂ ਕਹਾਣੀਆਂ ਤੋਂ ਉੱਪਰ ਉੱਠ ਕੇ ਗੱਲ ਕਰਨੀ ਹੈ।

2. ਜਿਹੜੇ ਲੋਕਾਂ ਲਈ ਜਾਨਾਂ ਵਾਰ ਜਾਂਦੇ ਹਨ, ਉਹ ਸ਼ਹੀਦ ਅਖਵਾਉਂਦੇ ਹਨ।

1. ਉਹ ਕਦੇ ਵੀ ਆਪਣੇ ਲੋਕਾਂ ਨੂੰ ਦੁੱਖ ਨਹੀਂ ਦਿੰਦੇ—ਨਾ ਹੀ ਆਪਦੀਆਂ ਮਟੀਆਂ ਤੇ ਮੱਥੇ ਟਿਕਵਾਉਂਦੇ ਹਨ।

2. ਇਹ ਕਾਲ਼ੇ ਇਲਮ ਵਾਲੇ, ਬਾਬੇ, ਜੋਤਸ਼ੀ ਤੇ ਸੁਆਹ ਦੀਆਂ ਚੁਟਕੀਆਂ ਵਾਲੇ ਸਾਨੂੰ ਗੁੰਮਰਾਹ ਕਰ ਰਹੇ ਹਨ।

1. ਇਹ ਸਾਨੂੰ ਵਹਿਮਾਂ ਭਰਮਾਂ ਵਿਚ ਪਾਉਂਦੇ ਹਨ।

2. ਲਾਟਰੀਆਂ, ਮੁੰਡਿਆਂ ਦੀ ਲਾਲਸਾ, ਕਿਸਮਤ ਸਿੱਧੀ ਦੇ ਚੱਕਰਾਂ ਵਿਚ ਪਾਕੇ ਡੇਰਿਆਂ ਤੱਕ ਲੈ ਜਾਂਦੇ ਹਨ।

1. ਸੁੱਖਾ ਹੁਣ ਇਕ ਮਾਨਸਿਕ ਰੋਗੀ ਹੈ।

2. ਉਸ ਨੂੰ ਮਾਨਸਿਕ ਰੋਗਾਂ ਦੇ ਡਾਕਟਰੀ ਇਲਾਜ ਦੀ ਜਰੂਰਤ ਹੈ।
1. ਇਹ ਪਖੰਡੀ ਲੋਕ ਤੁਹਾਡੀ ਸਾਡੀ ਸੋਚ ਨੂੰ ਖੁੰਢਾ ਕਰਨ ਲਈ ਹਰ ਉਪਰਾਲਾ ਵਰਤਦੇ ਹਨ।
2. ਇਹ ਕਹਿੰਦੇ ਹਨ ਕਿ ਕਰਨ ਕਰਾਉਣ ਵਾਲਾ ਕੋਈ ਉਪਰ ਬੈਠਾ ਹੈ।
1. ਬੰਦੇ ਦੇ ਵਸ ਕੁਛ ਨਹੀਂ, ਦਾ ਢੰਡੋਰਾ ਪਿੱਟਦੇ ਹਨ।
2. ਪਰ ਅਸੀਂ ਕਹਿੰਦੇ ਹਾਂ ਕਿ ਸਭ ਕੁਝ ਬੰਦੇ ਦੇ ਵਸ ਹੈ।
1. ਆਉ ਆਪਣੀ ਸੋਚ ਨੂੰ ਵਿਗਿਆਨਕ ਬਣਾਈਏ।
2. ਤੇ ਦਲੀਲ ਨਾਲ ਸੋਚੀਏ।
1. ਤਰਕ ਦੀ ਕਸਵੱਟੀ ਤੇ ਬਾਂਹ ਵਿਚ ਬਾਂਹ ਪਾ ਕੇ ਚੱਲੀਏ।
2. ਹਰ ਗੱਲ ਦੇ ਕਾਰਣਾਂ ਨੂੰ ਲੱਭਦੇ ਹੋਏ

ਦੋਨੋਂ : ਕੀ, ਕਿਉਂ, ਕਦੋਂ, ਕਿਵੇਂ ਤੇ ਕਿੱਥੇ ਬਾਰੇ ਬੈਠ ਕੇ ਵਿਚਾਰੀਏ। ਤੇ ਇਨ੍ਹਾਂ ਪਖੰਡੀਆ ਦਾ ਪਰਦਾ ਫਾਸ਼ ਕਰੀਏ।

ਦੋਨੋਂ : ਆਓ ਰਲ ਮਿਲ ਕੇ ਬੈਠੀਏ ਤੇ ਸਵਾਲਾਂ ਦੇ ਜਵਾਬ ਲੱਭੀਏ ਤੇ ਆਪਣੀ ਜ਼ਿੰਦਗੀ ਖੁਸ਼ਹਾਲ ਬਣਾਈਏ।

(ਐਂਬੂਲੈਂਸ ਦੇ ਸਾਇਰਨ ਨਾਲ ਪਰਦਾ ਡਿੱਗਦਾ ਹੈ।)



'ਬਾਬਿਆਂ ਦੀ ਫੁੱਲ ਕਿਰਪਾ' ਨਾਟਕ 'ਇਕ ਸਵਾਲ' ਤਰਕਸ਼ੀਲ ਕਲਚਰਲ ਸੁਸਾਇਟੀ ਆਫ ਕੈਨੇਡਾ ਵਲੋਂ ਪਹਿਲੀ ਵਾਰੀ 2 ਸਤੰਬਰ, 2007 ਨੂੰ ਬੈੱਲ ਪ੍ਰਫਾਰਮਿੰਗ ਆਰਟ ਸੈਂਟਰ ਦੀ ਸਟੇਜ ਤੋਂ ਖੇਡਿਆ ਗਿਆ। ਜਿਸ ਵਿਚ ਤਰਕਸ਼ੀਲ ਸੁਸਾਇਟੀ ਦੇ ਹੇਠ ਲਿਖੇ ਕਲਾਕਾਰਾਂ ਨੇ ਬਾਖੂਬੀ ਲੋਕਾਂ ਸਾਹਵੇਂ ਮੰਚਿਤ ਕੀਤਾ।

ਬਲਵਿੰਦਰ ਗਰੇਵਾਲ
ਪਰਮ ਸਰਾਂ
ਨਿਰਮਲ ਕਿੰਗਰਾ
ਸਰਬਜੀਤ ਉੱਖਲਾ
ਅਨਮੋਲ ਸਵੈਚ
ਅਮਰਜੀਤ ਸ਼ਾਂਤ ਮਾਂਗਟ
ਆਰਤੀ ਹੀਰਾ
ਜਗਰੂਪ ਬਰਾੜ
ਅਵਤਾਰ ਗਿੱਲ
ਪ੍ਰਭਜੋਤ ਕੌਰ ਸੇਖੋਂ
ਜਸਵੀਰ ਮੰਗੂਵਾਲ
ਉਪਿੰਦਰ ਸਿੰਘ ਸੇਖੋਂ
ਪਰਮਿੰਦਰ ਸਵੈਚ
ਸ਼ਾਨ ਸਵੈਚ

# ਬਲ਼ਦੇ ਬਿਰਖ



## ਪਾਤਰ

| | | |
|---|---|---|
| ਅਮਰੀਕ ਸਿੰਘ | – | ਘਰ ਦਾ ਮਾਲਕ |
| ਮਨਜੀਤ ਕੌਰ | – | ਅਮਰੀਕ ਸਿੰਘ ਦੀ ਪਤਨੀ |
| ਰਾਣੀ | – | ਅਮਰੀਕ ਸਿੰਘ ਦੀ ਭੈਣ |
| ਅਜੈਬ ਸਿੰਘ | – | ਰਾਣੀ ਦਾ ਪਤੀ |
| ਵਿੱਕੀ | – | ਅਮਰੀਕ ਸਿੰਘ ਦਾ ਵੱਡਾ ਲੜਕਾ |
| ਕਿਰਨ | – | ਅਮਰੀਕ ਸਿੰਘ ਦੀ ਲੜਕੀ |
| ਰਾਜ | – | ਅਮਰੀਕ ਸਿੰਘ ਦਾ ਛੋਟਾ ਲੜਕਾ |
| ਪੁਲੀਸ ਦੇ ਦੋ ਕਰਮਚਾਰੀ | | |
| ਸਥਾਨ | – | ਕੈਨੇਡਾ ਵਿਚ ਪੰਜਾਬੀ ਪਰਿਵਾਰ ਦਾ ਇਕ ਘਰ |

## ਪਹਿਲੀ ਝਾਕੀ

ਸਮਾਂ : ਸਵੇਰ ਦਾ ਵੇਲ਼ਾ

*(ਬੈਠਣ ਵਾਲਾ ਕਮਰਾ ਹੈ। ਸੋਫਾ ਸੈੱਟ ਲੱਗਿਆ ਹੋਇਆ ਹੈ। ਮੇਜ ਤੇ ਫੁੱਲਦਾਨ ਪਿਆ ਹੈ। ਇਸਦੇ ਕੋਲ ਹੀ ਲੰਚ ਕਿਟ ਪਈ ਹੈ। ਅਮਰੀਕ ਸਿੰਘ ਕੰਮ ਵਾਲੇ ਕੱਪੜੇ ਪਾ ਕੇ ਕੰਮ ਤੇ ਜਾਣ ਲਈ ਤਿਆਰ ਹੋ ਕੇ ਸੋਫੇ ਤੇ ਬੈਠਾ ਹੋਇਆ ਹੈ। ਮਨਜੀਤ ਚਾਹ ਲੈ ਕੇ ਆਉਂਦੀ ਹੈ।)*

ਮਨਜੀਤ : ਨਾ ਅੱਜ ਕੰਮ ਤੇ early ਲੱਗਣਾ ਸੀ, ਜਿਹੜਾ ਛੇਤੀ ਤਿਆਰ ਹੋ ਕੇ ਆ ਗਏ ?

ਅਮਰੀਕ : ਨਹੀਂ, ਮੈਂ ਤਾਂ ਤੇਰੇ ਨਾਲ ਗੱਲ ਕਰਨੀ ਸੀ।

ਮਨਜੀਤ : ਹੈਂ ! ਕੀ ? ਕਿਹੜੀ ? (ਹੈਰਾਨ ਹੋ ਕੇ ਪੁਛਦੀ ਹੈ।)

ਅਮਰੀਕ : ਤੈਨੂੰ ਪਤੈ, ਤੇਰਾ ਲਾਡਲਾ ਸਵੇਰੇ ਚਾਰ ਵਜੇ ਘਰ ਆ ਕੇ ਵੜਿਐ ?

ਮਨਜੀਤ : ਨਹੀਂ, ਮੈਂ ਤਾਂ ਸਾਰੀ ਰਾਤ ਦੀ ਉਡੀਕਦੀ ਦੀ ਦੋ ਕੁ ਵਜੇ ਅੱਖ ਲੱਗੀ ਹੋਣੀ ਐ। ਨਾ ਤੁਸੀਂ ਐਂ ਕਿਉਂ ਕਹਿੰਨੇ ਓਂ, ਮੇਰਾ ਕਿਹੜਾ ਕੱਲੀ ਦਾ ਲਾਡਲੈ, ਲਾਡਲਾ ਤਾਂ ਥੋਡਾ ਵੀ ਆ।

ਅਮਰੀਕ : ਨਹੀਂ ਮੇਰਾ ਨੀਂ, ਲਾਡਲਾ ਤਾਂ ਤੇਰਾ ਈ ਐ, ਮੇਰੇ ਨਾਲ ਤਾਂ ਸਿੱਧੇ ਮੂੰਹ ਗੱਲ ਈ ਨੀਂ ਕਰਦਾ। ਅੱਗੇ ਹਰ ਗੱਲ ਮੇਰੇ ਨਾਲ ਸਾਂਝੀ ਕਰਦਾ ਸੀ ਹੁਣ ਤਾਂ ਜਦੋ ਮੈਂ ਕੰਮ ਤੇ ਜਾਣਾ ਹੁੰਦੈ ਤਾਂ ਲਾਟ ਸਾਹਿਬ ਸੁੱਤਾ ਹੁੰਦੈ ਤੇ ਜਦੋਂ ਕੰਮ ਤੋਂ ਆਉਣਾ ਹੁੰਦੈ ਤਾਂ ਘਰੋਂ ਈ ਉਡੰਤਰ। ਪਤਾ ਨਹੀਂ ਕਿਹੜੇ ਹਰਨਾਂ ਦੇ ਸਿੰਗੀ ਚੜ੍ਹਿਐ ਹੁੰਦੈ। ਮੈਥੋਂ ਨੀਂ ਇਹ, ਰੋਜ਼ ਦਾ ਕੰਜਰਖਾਨਾ ਦੇਖ ਹੁੰਦਾ।

ਮਨਜੀਤ : ਮੈਥੋਂ ਕਿਹੜਾ ਦੇਖ ਹੁੰਦੈ, ਮੈਂ ਵੀ ਤਾਂ ਕੌੜਾ ਅੱਕ ਚੱਬੀ ਫਿਰਦੀ ਆਂ, ਜਵਾਨ ਜਹਾਨ ਪੁੱਤ ਐ, ਜੇ ਕੁਝ ਕਹਾਂਗੇ ਤਾਂ ਘਰੋਂ ਭੱਜ ਜੂ।

ਅਮਰੀਕ : ਘਰੇ ਰਹਿ ਕੇ ਕੋਈ ਹੋਰ ਸਿਆਪਾ ਖੜ੍ਹਾ ਕਰ ਦੂ। ਤੂੰ ਰੋਜ ਨਿਊਜਾਂ ਨੀਂ ਸੁਣਦੀ ਕਿ 200 ਤੋਂ ਵੱਧ ਮੁੰਡੇ ਮਰ ਗਏ ਆਪਣੇ



ਪੰਜਾਬੀਆਂ ਦੇ ਈ।

ਮਨਜੀਤ : ਸੁਣਦੀ ਤਾਂ ਸਭ ਕੁਝ ਆ, ਜਿੱਥੇ ਹੱਥ ਨਾ ਪੁੱਜੇ ਉੱਥੇ ਥੂਹ ਕੌੜੀ।

ਅਮਰੀਕ : ਥੂਹ ਕੌੜੀ ਤਾਂ ਕਰਤੀ, ਪਰ ਇਹਨੂੰ ਕੰਜਰ ਨੂੰ ਸਮਝਾਊ ਕੌਣ ? ਕੋਈ ਅਸਮਾਨੋਂ ਉਤਰੂ, ਜਗਾ ਕੇ ਲਿਆ ਇਹਨੂੰ, ਮੈਂ ਕਰਾਂ ਗੱਲ।

ਮਨਜੀਤ : ਨਾਲੇ ਦੱਸਦੇ ਊਂ ਸਵੇਰੇ ਚਾਰ ਵਜੇ ਆ ਕੇ ਪਿਐ, ਜੇ ਹੁਣ ਜਗਾਇਆ, ਤਾਂ ਉਠ ਕੇ ਬੁੜ ਬੁੜ ਕਰੂ। ਜਿਹੜੀ ਸੁਣਨੀ ਆ ਉਹ ਵੀ ਨੀ ਸੁਣਨੀ।

ਅਮਰੀਕ : ਸੁਣੂ ਕਿਵੇਂ ਨੀ ? ਸੁਣੂ ਤਾਂ ਇਹਦਾ ਬਾਪ ਵੀ।

ਮਨਜੀਤ : ਤੁਸੀਂ ਜੇ ਗੁੱਸੇ ਹੋ ਕੇ ਜਾਉਂਗੇ ਤਾਂ ਕੰਮ ਤੇ ਵੀ ਦੁਖੀ ਹੋਵੋਂਗੇ। ਮੈਂ ਅੱਜ ਇਹਨੂੰ ਕਿਧਰੇ ਜਾਣ ਨਹੀਂ ਦਿੰਦੀ, ਆਪਾਂ ਬਹਿ ਕੇ ਸ਼ਾਮ ਨੂੰ ਗੱਲ ਕਰਾਂਗੇ ਠੰਢੇ ਮਤੇ ਨਾਲ। ਆਖੇ ਲੱਗੂਗਾ, ਲੱਗੂਗਾ ਕਾਹਤੇ ਨੀਂ, ਨਾਲੇ ਮੈਂ ਦਿਨ 'ਚ ਸਮਝਾਊਂ, ਤੁਸੀਂ ਫ਼ਿਕਰ ਨਾ ਕਰੋ।

ਅਮਰੀਕ : *(ਘੜੀ ਵੱਲ ਟਾਈਮ ਦੇਖਦਾ ਹੈ।)* ਅਖੇ ਫ਼ਿਕਰ ਨਾ ਕਰੋ–– ਸਮਝਾਊ ਇਹ - –ਅੱਗੇ ਪਤਾ ਨੀਂ––––

(ਬੁੜ ਬੁੜ ਕਰਦਾ ਲੰਚ ਕਿਟ ਚੁੱਕ ਕੇ ਕੰਮ ਤੇ ਚਲਾ ਜਾਂਦਾ ਹੈ। ਇੰਨੇ ਨੂੰ ਕਿਰਨ ਤੇ ਰਾਜ ਘਰ ਵਿਚ ਤਿਆਰ ਹੁੰਦੇ ਫਿਰਦੇ ਹਨ। ਹੱਥਾਂ ਦੇ ਵਿਚ ਕਿਤਾਬਾਂ ਹਨ ਤੇ ਸਕੂਲ ਜਾਣ ਲਈ ਤਿਆਰ ਹਨ।)

ਮਨਜੀਤ : *(ਰਾਜ ਵੱਲ ਦੇਖ ਕੇ)* ਪੁੱਤ ਕੁਛ ਖਾ ਪੀ ਲਿਆ।

ਰਾਜ : ਹਾਂ ਮਾਂ ।

ਮਨਜੀਤ : ਆ ਜਾ ਪੁੱਤ ਬਹਿ ਜਾ, ਅਜੇ ਤਾਂ ਸੱਤ ਈ ਵੱਜੇ ਨੇ, ਤੂੰ ਪਹਿਲਾਂ ਈ ਤਿਆਰ ਹੋ ਗਿਆ।

ਰਾਜ : ਮਾਂ ਮੈਂ early ਜਾ ਕੇ ਉਥੇ ਪੜ੍ਹਨੈਂ।

ਮਨਜੀਤ : ਰਾਜ ਤੂੰ ਹਰ ਰੋਜ ਸਕੂਲੋਂ ਲੇਟ ਕਿਉਂ ਹੁੰਨੈਂ, ਹੁਣ ਪਹਿਲਾਂ ਵਾਂਗੂੰ ਟਾਈਮ ਤੇ ਆਉਂਦਾ ਈ ਨਹੀਂ।

ਰਾਜ : ਮਾਂ ਮੈਂ ਸਕੂਲ਼ homework ਕਰਨਾ ਹੁੰਦੈ।

ਮਨਜੀਤ : ਪੁੱਤ homework ਤਾਂ ਘਰ ਕਰੀਦੈ, ਉਹ ਤਾਂ school work ਹੁੰਦੈ।

ਰਾਜ : ਮਾਂ ਉੱਥੇ teacher help ਕਰ ਦਿੰਦੇ ਨੇ।

ਮਨਜੀਤ : ਉਹ ਤਾਂ ਠੀਕ ਐ ਪੁੱਤ, ਪਰ ਕੱਲ੍ਹ ਸਕੂਲੋਂ ਇਕ ਚਿੱਠੀ ਆਈਐ, ਤੇਰੀਆਂ absent ਬਹੁਤ ਨੇ। ਘਰੋਂ ਤਾਂ ਤੂੰ ਸਾਜਰੇ ਜਾਨੈਂ ਤੇ ਲੇਟ ਆਉਨੈਂ, ਉਹ ਕਾਹਤੇ?

ਰਾਜ : *(ਘਬਰਾ ਕੇ)* I don't know, maybe ਮਾਂ ਕਿਸੇ ਹੋਰ ਦੀ ਚਿੱਠੀ ਆਪਣੇ ਘਰ ਪਾ ਦਿੱਤੀ ਹੋਣੀ ਐ।

ਮਨਜੀਤ : ਪੁੱਤ ਊਂ ਤਾਂ ਸੁਣੀਦਾ ਕਿ ਇੱਥੇ ਤਾਂ teacher ਇਹੋ ਜਹੀ ਗਲਤੀ ਕਰਦੇ ਨਹੀਂ। ਚੱਲ ਕੋਈ ਨਾ, ਮੈਂ ਸਕੂਲ ਜਾ ਕੇ ਤੇਰੀ teacher ਨਾਲ ਗੱਲ ਕਰੂੰਗੀ।

ਰਾਜ : No mom, don't worry. I'll talk to her.

ਮਨਜੀਤ : ਕੋਈ ਨੀ ਤੂੰ ਵੀ ਪੁੱਛ ਲੀ, ਮੈਂ ਵੀ ਜਾ ਆਉਂਗੀ।

ਰਾਜ : Okay, bye mom. (ਕਿਰਨ ਤਿਆਰ ਹੋ ਕੇ ਆਉਂਦੀ ਹੈ।)

ਮਨਜੀਤ : (ਕਿਰਨ ਨੂੰ ਦੇਖ ਕੇ) ਪੁੱਤ ਤਿਆਰ ਹੋ ਗਈ ਤੂੰ ਵੀ।

ਕਿਰਨ : Yes, mom, *(ਰੁਕ ਕੇ)* I'm going to be late tonight.

ਮਨਜੀਤ : ਕਿਉਂ। ਕੁੜੇ ਤੂੰ ਕਿੱਥੇ ਜਾਣੈ?

ਕਿਰਨ : I'm going to Jessica's birthday party after school.

ਮਨਜੀਤ : ਬਰਥਡੇ ਪਾਰਟੀ ਉਨ੍ਹਾਂ ਦੇ ਘਰੇ ਈ ਹੋਣੀ ਆ? ਮੈਂ ਤੈਨੂੰ ਛੱਡਿਆਊਂ ਸ਼ਾਮ ਨੂੰ।

ਕਿਰਨ : Don't worry mom, I'm going with my friends.

ਮਨਜੀਤ : ਫ਼ਿਕਰ ਕਿਵੇਂ ਨਾ ਕਰਾਂ ਪੁੱਤ, ਧੀਆਂ ਦਾ ਤਾਂ ਮਾਪਿਆਂ ਨੂੰ ਬਹੁਤ ਫ਼ਿਕਰ ਹੁੰਦੈ।

ਕਿਰਨ : ਮਾਂ ਵਿੱਕੀ ਨੂੰ ਤੁਸੀਂ ਕਦੇ ਨਹੀਂ ਰੋਕਦੇ, ਉਹ ਸਾਰੀ ਸਾਰੀ ਰਾਤ ਬਾਹਰ ਰਹਿੰਦੈ, ਕੀ ਗੱਲ ਮੈਂ ਕੁੜੀ ਆਂ ਤਾਂ ਕਰਕੇ ਮੈਨੂੰ ਜਾਣ ਨਹੀਂ ਦਿੰਦੇ।

ਮਨਜੀਤ : ਨਹੀਂ ਪੁੱਤ ਮੈਂ ਤਾਂ ਵਿੱਕੀ ਨੂੰ ਵੀ ਬਥੇਰਾ ਰੋਕਦੀ ਆਂ, ਜੇ ਉਹ ਕੁਝ ਸੁਣੇ ਸਮਝੇ ਤਾਂ ਹੀ ਆ ਨਾ। ਅੱਜ ਤੇਰੇ ਡੈਡੀ ਬਹੁਤ ਗੁੱਸੇ ਹੋ ਕੇ ਗਏ ਨੇ।

ਕਿਰਨ : ਮਾਂ ਇੱਥੇ ਕੁਛ ਨੀਂ ਹੁੰਦਾ, ਐਵੇਂ ਨਾ worry ਕਰਿਆ ਕਰੋ। He's enjoying his life. (ਕਹਿ ਕੇ ਚਲੀ ਜਾਂਦੀ ਹੈ।)

ਮਨਜੀਤ : ਜਵਾਕ ਤਾਂ ਐਂ ਕਹਿ ਕੇ ਪਿੱਛਾ ਛੁਡਾ ਲੈਂਦੇ ਨੇ, ਕੀ ਕਰਾਂ ਤੇ



ਕੀ ਨਾ ਕਰਾਂ।

(ਚਾਹ ਵਾਲੇ ਕੱਪ ਲੈ ਕੇ ਚਲੀ ਜਾਂਦੀ ਹੈ। ਰੌਸ਼ਨੀ ਮੱਧਮ ਹੋ ਜਾਂਦੀ ਹੈ।)

## ਦੂਜੀ ਝਾਕੀ

ਸਮਾਂ : ਦੁਪਹਿਰ ਦੇ 2-4 ਵਜੇ ਦਾ ਵੇਲਾ

(ਮਨਜੀਤ ਸੋਫ਼ੇ ਤੇ ਬੈਠੀ ਹੈ। ਵਿੱਕੀ ਅੱਖਾਂ ਮਲ੍ਹਦਾ ਆਉਂਦਾ ਹੈ, ਜਿਵੇਂ ਸੁੱਤਾ ਪਿਆ ਉੱਠ ਕੇ ਆਇਆ ਹੋਵੇ।)

ਵਿੱਕੀ : *(ਮਾਂ ਵੱਲ ਦੇਖ ਕੇ)* Hi mom.

ਮਨਜੀਤ : ਹਾਂ ਪੁੱਤ ਉਠ ਖੜ੍ਹਿਆ, ਤੇਰਾ ਟਾਈਮ ਹੋ ਗਿਆ ਉਠਣ ਦਾ। ਲੋਕ ਤਾਂ ਚਾਰ ਘੰਟਿਆਂ ਨੂੰ ਸੌਣ ਬਾਰੇ ਸੋਚਣਗੇ ਤੇ ਤੂੰ ਹੁਣ ਉਠ ਕੇ ਆਉਨੈਂ।

ਵਿੱਕੀ : Mom, I came home late last night.

ਮਨਜੀਤ : ਉਹ ਤਾਂ ਮੈਨੂੰ ਵੀ ਪਤੈ, ਪਰ ਤੂੰ ਰਾਤਾਂ ਨੂੰ ਕਰਦਾ ਕੀ ਫਿਰਦੈ ਫਰੈਂਡਾਂ ਨਾਲ। ਸਾਰੀ ਸਾਰੀ ਰਾਤ ਫਿਰ ਕੇ ਤੈਨੂੰ ਕੀ ਮਿਲਦੈ।

ਵਿੱਕੀ : Mom, please just relax.

ਮਨਜੀਤ : ਪੁੱਤ relax ਕਹਿਣ ਨਾਲ ਮੈਨੂੰ ਤਸੱਲੀ ਨਹੀਂ ਹੁੰਦੀ। ਪਤਾ ਨਹੀਂ ਤੈਨੂੰ ਕੀ ਹੋ ਗਿਆ ਕਿ ਤੈਨੂੰ ਸਾਰੀ ਸਾਰੀ ਰਾਤ ਘਰ ਦੀ ਯਾਦ ਈ ਨੀਂ ਆਉਂਦੀ। ਮੈ ਵਿੰਡੋ 'ਚ ਖੜ੍ਹੀ ਸਾਰੀ ਰਾਤ ਉੱਕ ਵਾਗੂੰ ਝਾਕਦੀ ਰਹਿੰਦੀ ਆਂ ਕਿ ਹੁਣ ਆਇਆ, ਹੁਣ ਆਇਆ। *(ਰੋਣ ਲੱਗ ਜਾਂਦੀ ਹੈ ਤੇ ਰੁਕ ਕੇ)* ਵਿੱਕੀ ਤੂੰ ਕਿਤੇ ਡਰੱਗ ਡਰੁਗ ਤਾਂ ਨੀ ਖਾਣ ਲੱਗ ਗਿਆ।

ਵਿੱਕੀ : No mom, I swear. ਮੈਂ ਕਦੇ ਡਰੱਗ ਨਹੀਂ ਖਾਂਦਾ।

ਮਨਜੀਤ : ਫਿਰ ਤੂੰ ਕਰਦਾ ਕੀ ਐਂ ਰਾਤਾਂ ਨੂੰ?

ਵਿੱਕੀ : Mom, I'm making money. You should be happy.

ਮਨਜੀਤ : ਮੈਂ ਕਿਵੇਂ ਹੈਪੀ ਹੋਵਾਂ। ਵਿੱਕੀ ਇਸ ਪਾਸੇ ਤਾਂ ਮੌਤ ਹੀ ਮੌਤ ਹੈ। ਇਹ ਤਾਂ ਵੰਨ ਵੇ ਰੋਡ ਐ, ਜਾਣ ਦਾ ਰਸਤਾ ਤਾਂ ਹੈ ਪਰ ਮੁੜਨ ਦਾ ਨੀਂ। ਇਸ ਦਾ ਅੰਤ ਤਾਂ ਗੋਲੀ ਈ ਐ ਚਾਹੇ ਪੁਲਸ ਦੀ ਹੋਵੇ ਜਾਂ ਆਪਸ ਦੀ।

ਵਿੱਕੀ : ਨਹੀਂ ਮਾਂ, ਐਦਾਂ ਕੁਛ ਨੀਂ ਹੁੰਦਾ। I'm careful about

whatever I do.

ਮਨਜੀਤ : ਤੇਰਾ ਫਰੈਂਡ ਅਮਨ ਵੀ ਇਹੀ ਸੋਚਦਾ ਹੋਣੈਂ ਕਿ ਕੁਝ ਨਹੀਂ ਹੁੰਦਾ। ਉਹਦੇ ਮਾਂ ਬਾਪ ਨੂੰ ਪੁੱਛ, ਜਿਨ੍ਹਾਂ ਦਾ ਇੱਕੋ ਇਕ ਚਿਰਾਗ ਬੁਝ ਗਿਆ। ਇਹ ਤਾਂ ਉਹੀ ਜਾਣਦੇ ਨੇ ਕਿ ਉਨ੍ਹਾਂ ਨਾਲ ਕੀ ਬੀਤਦੀ ਆ। ਪੁੱਤ ਅਜੇ ਵੀ ਸਿਆਣਾ ਬਣ, ਡੁੱਲ੍ਹੇ ਬੇਰਾਂ ਦਾ ਕੁਝ ਨੀਂ ਵਿਗੜਿਆ।

ਵਿੱਕੀ : ਮਾਂ ਤੁਸੀ ਸਾਡੇ ਕਰਕੇ, ਕੰਮ ਨਹੀਂ ਸੀ ਕਰ ਸਕਦੇ। ਡੈਡ ਦੇ ਕੰਮ ਨਾਲ ਕਿੰਨੀਆਂ ਕੁ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਨੇ।

ਮਨਜੀਤ : ਪੁੱਤ ਫਿਰ ਵੀ ਆਪਣਾ ਗੁਜ਼ਾਰਾ ਤਾਂ ਤੁਰੀ ਜਾਦੈਂ। ਜੇ ਥੋੜੇ ਡੈਡੀ ਨੇ ਸਖ਼ਤ ਮਿਹਨਤ ਕੀਤੀ ਐ। ਆਹ ਵੱਡੀ ਨਹੀਂ ਤਾਂ ਛੋਟੀ ਆਪਣੇ ਸਿਰ ਤੇ ਛੱਤ ਹੈਗੀ ਐ, ਘਰ ਭਾਵੇਂ ਪੇਮੈਂਟਾਂ ਤੇ ਆ। ਆਹ ਕਾਰ ਚਾਹੇ ਪੁਰਾਣੀ ਓ ਆ, ਆਪਣਾ ਤਾਂ ਸੋਹਣਾ ਡੰਗ ਤੋਰੀ ਓ ਜਾਂਦੀ ਐ।

ਵਿੱਕੀ : ਮਾਂ ਮੈਂ ਥੋੜੀਆਂ ਸਾਰੀਆਂ ਖੁਸ਼ੀਆਂ ਪੂਰੀਆਂ ਕਰਨਾ ਚਾਹੁੰਨਾ।

ਮਨਜੀਤ : *(ਭੜਕ ਕੇ)* ਰਹਿਣ ਦੇ ਸਾਨੂੰ ਨੀਂ ਚਾਹੀਦੀਆਂ ਇਹੋ ਜਿਹੀਆਂ ਖੁਸ਼ੀਆਂ। ਖ਼ੁਸ਼ੀ ਤਾਂ ਇਹ ਸੀ ਕਿ ਤੂੰ ਕੋਈ ਜੌਬ ਕਰਦਾ, ਆਪਣੇ ਡੈਡੀ ਦੀ help ਕਰਦਾ ਤੇ ਸਾਡਾ ਨਾਂ ਉੱਚਾ ਕਰਦਾ।

ਵਿੱਕੀ : Mom, relax. ਮੈਂ ਇਹ ਡੈਡੀ ਦੀ help ਈ ਕਰਦਾਂ।

ਮਨਜੀਤ : ਵਿੱਕੀ ਜਦ ਤੁਸੀਂ ਛੋਟੇ ਹੁੰਦੇ ਸੀ, ਕੰਮ ਤੋਂ ਥੱਕ ਟੁਟ ਕੇ ਆ ਕੇ ਵੀ ਖੁਸ਼ ਰਹਿੰਦੇ ਸੀ। satisfy ਸੀ ਕਿ ਤੁਹਾਡੇ ਵਲੋਂ ਠੰਢੀ ਹਵਾ ਮਿਲਦੀ ਐ। ਇਸ ਆਸ ਨਾਲ ਹੀ ਭੱਜੇ ਫਿਰਦੇ ਸੀ ਕਿ ਤੁਸੀਂ ਵੱਡੇ ਹੋ ਕੇ ਸਾਡੇ ਮੋਢੇ ਨਾਲ ਮੋਢਾ ਦਿਉਗੇਂ ਤੇ ਸਾਡੀ ਜ਼ਿੰਦਗੀ ਵਧੀਆ ਹੋਵੇਗੀ ਪਰ————।

ਵਿੱਕੀ : ਮਾਂ ਹੁਣ ਮੇਰੇ ਕੋਲ sports car ਐ, ਤੁਸੀਂ ਖੁਸ਼ ਨਹੀਂ?

ਮਨਜੀਤ : (ਰੋਂਦੀ ਹੋਈ) ਵਿੱਕੀ ਇਸ ਵਰਦੀ ਅੱਗ ਵਿਚ ਇਨ੍ਹਾਂ ਥੋੜ੍ਹ ਚਿਰੀਆਂ ਖੁਸ਼ੀਆਂ ਨੂੰ ਖੁਸ਼ੀਆਂ ਕਿਵੇਂ ਕਹਾਂ, ਵਿੱਕੀ ਜਿਸ ਘਰ ਦਾ ਚਿਰਾਗ ਬੁਝ ਜਾਦੈਂ ਨਾ ਉਦੋਂ ਸਾਰੇ ਲੋਕ ਇਹ ਕਹਿੰਦੇ ਨੇ ਕਿ ਮਾਪਿਆਂ ਨੇ ਪੂਰਾ ਟਾਈਮ ਨਹੀਂ ਦਿੱਤਾ, ਉਨ੍ਹਾਂ ਦਾ ਕਸੂਰ ਐ। ਕੀ ਕਸੂਰ ਐ ਸਾਡਾ, ਇਹੀ ਬੱਸ ਅਸੀਂ ਤੈਨੂੰ ਜੰਮਿਐ, ਜਾਂ ਅਸੀਂ ਨਿੱਤ ਤੈਨੂੰ ਸਮਝਾਉਂਨੇ ਆਂ ਕਿ ਇਸ ਸੱਪ ਦੀ ਖੁੱਡ ਵਿਚ



ਹੱਥ ਨਾ ਪਾ। ਕਿਹੜਾ ਮਾਪਾ ਇਹ ਚਾਹੁੰਦੈ————

*(ਘੰਟੀ ਵੱਜਦੀ ਹੈ ਤਾਂ ਮਨਜੀਤ ਦਰਵਾਜ਼ਾ ਖੋਲ੍ਹਦੀ ਹੈ ਤੇ ਰਾਣੀ ਅੰਦਰ ਆਉਂਦੀ ਹੈ।)*

ਰਾਣੀ : ਭਾਬੀ ਸਤਿ ਸ੍ਰੀ ਅਕਾਲ।

ਮਨਜੀਤ : ਸਤਿ ਸ੍ਰੀ ਅਕਾਲ, ਰਾਣੀ ਅੱਜ ਕੰਮ ਤੋਂ ਸਾਜਰੇ ਹੱਟਗੀ ਸੀ।

ਰਾਣੀ : ਹਾਂ ਭਾਬੀ, ਤੇਰਾ ਸੁਨੇਹਾ ਮਿਲਿਆ ਸੀ, ਮੈਂ ਸੋਚਿਆ ਇੱਧਰੋਂ ਇੱਧਰ ਹੀ ਜਾ ਆਵਾਂ, ਘਰੇ ਜਾ ਕੇ ਕਿਹੜਾ ਨਿੱਕਲ ਹੁੰਦੈ।

ਮਨਜੀਤ : ਇਹ ਤਾਂ ਤੂੰ ਬਹੁਤਾ ਈ ਚੰਗਾ ਕੀਤਾ, ਨਾਲੇ ਤੇਰਾ ਭਤੀਜਾ ਤੈਨੂੰ ਘਰੇ ਮਿਲ ਜੂ। ਮੈਂ ਤਾਂ ਇਹਨੂੰ ਵਥੇਰਾ ਈ ਸਮਝਾ ਸਮਝਾ ਥੱਕੀ ਪਈ ਆਂ।

ਰਾਣੀ : *(ਵਿੱਕੀ ਨੂੰ ਸੰਬੋਧਨ ਹੋ ਕੇ)*) ਨਾ ਵਿੱਕੀ ਕੀ ਗੱਲ ਹੋਗੀ?

ਵਿੱਕੀ : I don't know. ਕੁਛ ਨੀ ਭੂਆ ਜੀ, ਮਾਂ ਐਵੇਂ worry ਕਰਦੀ ਰਹਿੰਦੀ ਐ।

ਰਾਣੀ : ਕੋਈ ਨਾ ਕੋਈ ਗੱਲ ਤਾਂ ਹੋਊ?

ਮਨਜੀਤ : ਰਾਣੀ ਭੈਣੇ ਤੈਨੂੰ ਮੈਂ ਦੱਸਦੀਆਂ, ਅੱਜ ਸਵੇਰੇ ਤੇਰਾ ਵੀਰਾ ਬਹੁਤਾ ਈ ਗੁੱਸੇ ਹੋ ਕੇ ਗਿਐ ਬਈ ਇਹ ਰਾਤ ਨੂੰ ਤਿੰਨ-ਤਿੰਨ ਚਾਰ-ਚਾਰ ਵਜੇ ਕਿਉਂ ਆਉਂਦੈ ਤੇ ਨਾਲੇ ਇਹ ਕੋਈ ਚੱਜ ਦਾ ਕੰਮ ਕਿਉਂ ਨਹੀਂ ਕਰਦਾ। ਰਾਤਾਂ ਨੂੰ ਮੁੰਡਿਆਂ ਨਾਲ ਧੱਕੇ ਖਾਂਦਾ ਰਹਿੰਦੈ। *(ਉਠ ਕੇ ਪਾਣੀ ਲੈਣ ਚਲੀ ਜਾਂਦੀ ਹੈ।)*

ਵਿੱਕੀ : ਭੂਆ ਜੀ, ਮਾਂ ਤਾਂ ਐਵੇਂ ਲੈਕਚਰ ਦਿੰਦੀ ਰਹਿੰਦੀ ਐ। ਐਂ ਨਾ ਕਰੋ ਇਉਂ ਨਾ ਕਰੋ। ਜੇ job ਲੱਭਣ ਜਾਓ ਤਾਂ ਮਿਲਦੀ ਐ ਗੈਸ ਸਟੇਸ਼ਨਾਂ ਤੇ ਜਾਂ ਰੈਸਟੋਰੈਂਟਾਂ ਤੇ ਉਹ ਵੀ 8 ਤੋਂ 10 ਡਾਲਰ ਦੀ।

ਰਾਣੀ : ਕੋਈ ਨਾ ਵਿੱਕੀ, ਕੰਮ ਚੰਗਾ ਜਾਂ ਮਾੜਾ ਮਿਲਿਆ ਤਾਂ ਹੋਇਆ ਸੀ ਕਰੀ ਜਾਂਦਾ।

ਵਿੱਕੀ : ਇੰਨੇ ਕੁ ਪੈਸਿਆਂ ਨਾਲ ਬਣਦਾ ਕੀ ਐ, ਅੱਧਾ ਤਾਂ ਟੈਕਸਾਂ ਦੇ ਰਾਹ ਚਲਿਆ ਜਾਂਦੈ। *(ਮਨਜੀਤ ਆਉਂਦੀ ਹੈ ਹੱਥ ਵਿਚ ਪਾਣੀ ਦਾ ਗਿਲਾਸ ਹੈ।)*

ਮਨਜੀਤ : ਜਦੋਂ ਅਸੀਂ ਆਏ ਸੀ ਉਦੋਂ 4-5 ਡਾਲਰ ਦੀ job ਈ ਮਿਲਦੀ ਸੀ, ਅਸੀਂ ਵੀ ਤਾਂ ਸਭ ਕੁਝ ਇਵੇਂ ਈ ਸਾਰਿਆ।

ਵਿੱਕੀ : ਮਾਂ ਤੁਸੀਂ ਜਿਹੋ ਜਿਹੇ ਕੰਟਰੀ ਤੋਂ ਆਏ ਸੀ, ਤੁਹਾਡੀਆਂ ਲੋੜਾਂ

limited ਸਨ। ਤੁਸੀਂ ਤਾਂ all the time ਦਾਲ ਰੋਟੀ ਖਾਈ ਜਾਂਦੇ ਉਂ ਪਰ ਅਸੀਂ ਨਹੀਂ, there is so much for us to see and do. ਫਿਰ ਸਾਡਾ ਵੀ ਜੀ ਕਰਦੈ।
*(ਮਨਜੀਤ ਚਲੀ ਜਾਂਦੀ ਹੈ।)*

ਰਾਣੀ : ਵਿੱਕੀ ਤੁਸੀਂ ਆਪਦੀਆਂ ਲੋੜਾਂ ਦੀ limit ਕਰ ਲਵੋ। ਫੇਰ ਤਾਂ ਨੀਂ ਔਖਾ।

ਵਿੱਕੀ : ਸਾਡੀ society ਸਾਨੂੰ allow ਨਹੀਂ ਕਰਦੀ, our friends have nice cars and stylish clothes so we want them too. That's why we need more money.

ਰਾਣੀ : ਤੂੰ ਤਾਂ more money ਕਹਿ ਦਿੱਤਾ। ਪਰ ਕਿੰਨੇ ਹੀ ਤੁਹਾਡੇ ਵਰਗੇ ਇਹਨਾਂ ਡਰੱਗਾਂ ਨੂੰ ਖਾਂਦੇ ਹੋਣਗੇ ਤੇ ਆਪਣੀਆਂ ਜ਼ਿੰਦਗੀਆਂ ਤਬਾਹ ਕਰਦੇ ਹੋਣਗੇ। ਜੇ ਕੋਈ ਵੇਚਦੈ ਤਾਂ ਕੋਈ ਖਾਂਦਾ ਵੀ ਹੋਵੇਗਾ।

ਵਿੱਕੀ : Why do you worry so much? Forget it.
(ਇੰਨੇ ਨੂੰ ਵਿੱਕੀ ਦੇ ਫ਼ੋਨ ਦੀ ਘੰਟੀ ਵੱਜਦੀ ਹੈ ਤੇ ਉਹ ਗੱਲ ਕਰਦਾ ਕਰਦਾ ਬਾਹਰ ਨਿੱਕਲ ਜਾਂਦਾ ਹੈ। ਮਨਜੀਤ ਚਾਹ ਲੈ ਕੇ ਆਉਂਦੀ ਹੈ।)

ਮਨਜੀਤ : ਰਾਣੀ ਕਿੱਥੇ ਗਿਆ ਵਿੱਕੀ ? ਦੇਖ ਲਾ, ਐਵੇਂ ਈ ਰਾਹ ਨੀਂ ਦਿੰਦਾ।

ਰਾਣੀ : ਭਾਬੀ ਉਹਦਾ ਫ਼ੋਨ ਆਇਆ ਸੀ, ਗੱਲਾਂ ਕਰਦਾ ਕਰਦਾ ਈ ਬਾਹਰ ਨਿੱਕਲ ਗਿਆ। ਵਿੱਕੀ ਦੀਆਂ ਗੱਲਾਂ ਸੁਣ ਕੇ ਤਾਂ ਇੱਦਾਂ ਲੱਗਦੈ ਕਿ ਇਹ ਇਹਦਾ ਕਸੂਰ ਨਹੀਂ, ਇਸ ਸਿਸਟਮ ਦਾ ਈ ਕਸੂਰ ਆ।

ਮਨਜੀਤ : ਕਸੂਰ ਤਾਂ ਭਾਵੇਂ ਕਿਸੇ ਦਾ ਹੋਵੇ, ਮਰਦੇ ਤਾਂ ਮੁੰਡੇ ਈ ਨੇ।

ਰਾਣੀ : ਆਹੋ ਖਾਣ ਵੀ ਆਹ ਨਿੱਕੇ ਨਿੱਕੇ ਜੁਆਕ ਈ ਲੱਗਦੇ ਆ। ਕੋਈ ਨਾ ਭਾਬੀ ਅੱਜ ਗੱਲ ਕਰਕੇ ਉਹਨੂੰ ਬਹੁਤ ਸਮਝ ਪਈ ਐ। ਤੂੰ ਘਬਰਾ ਨਾ ਇਹ ਹੁਣ ਠੀਕ ਹੋ ਜੂਗਾ। ਸਮਝਦਾ ਤਾਂ ਸਭ ਕੁਝ ਹੈ।

ਮਨਜੀਤ : ਉਹ ਤਾਂ ਠੀਕ ਐ, ਪਰ ਇਹਦਾ ਡੈਡੀ ਬਹੁਤ ਫ਼ਿਕਰ ਕਰਦੈ। ਉਹ ਕਹਿੰਦੇ ਆ ਛੋਟੇ ਜੁਆਕਾਂ ਦਾ ਕੀ ਬਣੂਗਾ, ਉਹ ਵੀ ਇਹਨੂੰ ਹੀ ਠੀਕ ਸਮਝਦੇ ਨੇ।



ਰਾਣੀ : *(ਗੱਲ ਬਦਲਕੇ)* ਭਾਬੀ ਵੀਰ ਅੱਜ ਕੰਮ ਤੋਂ ਲੇਟ ਹੋ ਗਿਆ।

ਮਨਜੀਤ : ਹਾਂ, ਮੈਂ ਜਦ ਚਾਹ ਬਣਾਉਂਦੀ ਸੀ ਉਦੋਂ ਫੈਕਟਰੀ ਨੂੰ ਫ਼ੋਨ ਕੀਤਾ ਸੀ, ਉਹ ਕਹਿੰਦੇ ਚਲੇ ਗਏ, ਪਤਾ ਨਹੀਂ ਕਿੱਥੇ ਰੁਕਗੇ ਅੱਜ। ਅੱਜ ਗਏ ਵੀ ਵਿੱਕੀ ਤੇ ਗੁੱਸੇ ਹੋ ਕੇ ਨੇ। ਜਿੰਨਾ ਚਿਰ ਘਰ ਨਹੀਂ ਪਹੁੰਚਦੇ, ਦਿਮਾਗ ਨੂੰ ਫ਼ਿਕਰ ਜਿਹਾ ਚੜ੍ਹਿਆ ਪਿਐ।

ਰਾਣੀ : ਮੇਰਾ ਤਾਂ ਆਪ ਨੀ ਘਰ ਜਾਣ ਨੂੰ ਦਿਲ ਕਰਦਾ ਕਿ ਵੀਰਾ ਪਹੁੰਚਿਆ ਕਿਉਂ ਨਹੀਂ।
(ਦਰਵਾਜੇ ਦੀ ਘੰਟੀ ਵੱਜਦੀ ਹੈ, ਮਨਜੀਤ ਜਾ ਕੇ ਦਰਵਾਜਾ ਖੋਲ੍ਹਦੀ ਹੈ। ਅਮਰੀਕ ਰਾਜ ਨੂੰ ਫੜ੍ਹੀ ਅੰਦਰ ਆਉਂਦਾ ਹੈ, ਬਹੁਤ ਗੁੱਸੇ ਵਿਚ ਪਰ ਰੋਣਹਾਕਾ ਹੋਇਆ ਹੋਇਆ ਹੈ।)

ਮਨਜੀਤ : *(ਹੈਰਾਨ ਹੋ ਕੇ)* ਰਾਜ ਥੋਡੇ ਨਾਲ, ਤੁਸੀਂ ਠੀਕ ਠਾਕ ਹੋ ?

ਅਮਰੀਕ : ਮੈਂ ਤਾਂ ਨੀਂ ਕਿਧਰੇ ਮਰ ਗਿਆ, ਐ ਜਿਣਸ ਨੂੰ ਸਾਂਭ ਲੈ। *(ਰਾਣੀ ਨੂੰ ਦੇਖ ਕੇ* ਚੁੱਪ ਜਿਹਾ ਕਰ ਜਾਂਦਾ ਹੈ। ਮਨਜੀਤ ਅੰਦਰੋਂ ਪਾਣੀ ਲੈਣ ਜਾਂਦੀ ਹੈ।)

ਰਾਣੀ : ਵੀਰ ਸਤਿ ਸ੍ਰੀ ਅਕਾਲ।

ਅਮਰੀਕ : ਰਾਣੀ ਸਤਿ ਸ੍ਰੀ ਅਕਾਲ।

ਰਾਣੀ : ਵੀਰ ਰਾਜ ਦੇ ਸਕੂਲ ਚਲਾ ਗਿਆ ਸੀ , ਚੰਗਾ ਕੀਤਾ। ਮੈਂ ਤੇ ਭਾਬੀ ਤਾਂ ਫ਼ਿਕਰ ਕਰਦੀਆਂ ਸੀ।

ਅਮਰੀਕ : ਮੈਂ ਤਾਂ hospital ਤੋਂ ਧੱਕੇ ਖਾਂਦਾ ਆਇਆਂ। ਸਕੂਲੋਂ ਫ਼ੋਨ ਗਿਆ ਸੀ ਕੰਮ ਤੇ, ਮੈਂ ਤਾਂ ਵਿਚਾਲੇ ਛੁੱਟੀ ਲੈ ਭੱਜਿਆਂ।

ਮਨਜੀਤ : ਹੈਂ ! ਕਾਹਤੋਂ ! ਕੀ ਹੋਇਆ ?

ਅਮਰੀਕ : ਆ ਤੇਰੇ ਲਾਡਲੇ ਨੇ ਡਰੱਗ ਦੀ overdose ਕਰ ਲੀ। ਸਕੂਲ ਵਾਲਿਆਂ ਨੂੰ hospital ਪਹੁੰਚਾਉਣਾ ਪਿਆ।

ਮਨਜੀਤ : ਹੈਂ ! ਅਸੀਂ ਤਾਂ ਜਮਾਂ ਈ ਪੱਟੇ ਗਏ। ਵੇ ਪੁੱਤ ਤੂੰ ਇਹ ਕੀ ਕੀਤਾ ਵੇ, ਵੇ ਸਾਨੂੰ ਤਾਂ ਜਿਉਂਦੇ ਈ ਮਾਰਤਾ ਵੇ। *(ਉੱਚੀ ਉੱਚੀ ਰੋਣ ਲੱਗਦੀ ਹੈ।)*

ਅਮਰੀਕ : ਨਾ ਹੁਣ ਕਿਉਂ ਰਾਟ ਪਾਉਣ ਲੱਗੀ ਐ।

ਰਾਣੀ : ਭਾਬੀ ਬੱਸ ਕਰ, ਹੌਸਲਾਂ ਰੱਖ ਸਭ ਕੁਝ ਠੀਕ ਹੋ ਜੂ । ਧੀਰਜ ਭਾਅ ਨਾਲ ਜੁਆਕਾਂ ਨਾਲ ਗੱਲ ਕਰੋ। ਵਾਧਾ ਨਾ ਵਧਾਉ।

ਅਮਰੀਕ : ਇਹ ਤਾਂ ਵਧਿਆ ਈ ਪਿਐ। ਮੈਨੂੰ ਤਾਂ ਵਿੱਕੀ ਦੇ ਕਾਰੇ ਈ ਦੱਸਦੇ ਸੀ ਕਿ ਕੀ ਹੋਊ।

ਰਾਣੀ : ਵੀਰ ਰਾਜ ਨਾਲ ਗੱਲ ਤਾਂ ਕਰੋ, ਐਂਵੇ ਕਾਹਨੂੰ ਲੜੀ ਜਾਨੈ ਉਂ। ਨਾਲੇ ਕਸੂਰ ਜੁਆਕਾਂ ਕੱਲਿਆਂ ਦੇ ਨੀਂ ਆਪਣੇ ਵੀ ਨੇ। ਕਦੇ ਇਨ੍ਹਾਂ ਦੇ ਸਕੂਲ ਜਾਨੈਂ ਉਂ ਪੁੱਛਦੇ ਉਂ ਟੀਚਰਾਂ ਨੂੰ ਕਿ ਜੁਆਕ ਕਰਦੇ ਕੀ ਫਿਰਦੇ ਨੇ?

ਅਮਰੀਕ : ਸਾਰੀ ਦਿਹਾੜੀ ਇਨ੍ਹਾਂ ਲਈ ਕਮਾਈਆਂ ਕਰੀਏ ਜਾਂ ਇਨ੍ਹਾਂ ਦੇ ਪਿੱਛੇ ਪਿੱਛੇ ਫਿਰੀਏ। ਸਾਡੀ ਤਾਂ ਆਹੀ ਕਦਰ ਪੈਣੀ ਸੀ, ਸਿਰ ਖੇਹ ਪੁਆਉਣ ਦੀ।

ਮਨਜੀਤ : ਪਿਛਲਾ report card ਤਾਂ ਵਥੇਰਾ ਵਧੀਆ ਸੀ। ਆਹ ਤਾਂ ਹੁਣੇ ਈ ਮਹੀਨੇ ਡੇਢ ਮਹੀਨੇ ਤੋਂ ਈ ਸਕੂਲੋਂ ਲੇਟ ਹੁੰਦੈ।

(ਰਾਣੀ ਉਠ ਕੇ ਰਾਜ ਦੇ ਕੋਲ ਜਾਂਦੀ ਹੈ, ਤੇ ਪਿਆਰ ਨਾਲ ਉਹਨੂੰ ਪੁੱਛਦੀ ਹੈ।)

ਰਾਣੀ : ਰਾਜ ਪੁੱਤ ਤੂੰ ਇਹ ਕੀ ਕਰ ਦਿੱਤਾ?

ਰਾਜ : Sorry, ਭੂਆ ਜੀ, ਅੱਗੇ ਤੋਂ ਨੀਂ ਕਰਦਾ।

ਰਾਣੀ : ਪੁੱਤ ਅੱਗੇ ਤੋਂ ਅਜਿਹਾ ਕੰਮ ਨਹੀਂ ਕਰਨਾ ਤੇ ਤੈਨੂੰ ਆਪਣਾ ਇਲਾਜ ਵੀ ਕਰਵਾਉਣਾ ਪੈਣੈ ਤੇ ਕੌਂਸਲਿੰਗ ਵੀ ਲੈਣੀ ਪੈਣੀ ਐ।

ਰਾਜ : Okay, ਭੂਆ ਜੀ।

ਅਮਰੀਕ : ਰਾਜ ਤੂੰ ਡਰੱਗਾਂ ਖਰੀਦਣ ਲਈ ਪੈਸੇ ਕਿੱਥੋਂ ਲੈਂਦਾ ਸੀ।

ਰਾਜ : ਪਹਿਲਾਂ ਪਹਿਲਾਂ ਤਾਂ ਰੌਬੀ ਫਰੀ ਦੇ ਦਿੰਦਾ ਸੀ।

ਅਮਰੀਕ : ਤੇ ਹੁਣ ।

ਰਾਜ : ਮੈਂ ਵੀਰੇ ਦੇ ਰੂਮ ਚੋਂ money ਲੈ ਲੈਂਦਾ ਹਾਂ।

ਅਮਰੀਕ : *(ਮਨਜੀਤ ਨੂੰ ਸੰਬੋਧਨ ਹੋ ਕੇ)* ਦੇਖਿਆ, ਵਿੱਕੀ ਦੇ ਸਿਆਪੇ ਖੜ੍ਹੇ ਕੀਤੇ ਐ। ਮੈਂ ਇਹਨੂੰ ਰੋਜ ਕਹਿੰਨਾ ਕਿ ਉਹਦੇ ਨਾਲ ਗੱਲ ਕਰੀਏ।

(ਇੰਨੇ ਨੂੰ ਵਿੱਕੀ ਕਿਰਨ ਨੂੰ ਧੂੰਹਦਾ ਹੋਇਆ ਅੰਦਰ ਲਿਆਉਂਦਾ ਹੈ। ਉਹਦੇ ਦੋ ਤਿੰਨ ਥੱਪੜ ਵੀ ਮਾਰਦਾ ਹੈ।)

ਰਾਣੀ : ਵਿੱਕੀ ਤੈਨੂੰ ਕੀ ਹੋ ਗਿਆ, ਬਰਾਬਰ ਦੀ ਭੈਣ ਤੇ ਹੱਥ ਚੱਕਦੈਂ।

ਮਨਜੀਤ : ਹੁਣ ਇਹਨੇ ਕੀ ਕਰਤਾ?

ਅਮਰੀਕ : ਕੀਤਾ ਹੋਣਾ ਤੇਰਾ ਸਿਰ ਜੰਮਣ ਵਾਲੀ ਦਾ ।

ਵਿੱਕੀ : ਜਾ ਕੇ ਕਲੱਬਾਂ 'ਚ ਸ਼ਰਾਬਾਂ ਪੀਂਦੀ ਐ।

ਕਿਰਨ : ਮੈਂ ਆਪਣੇ ਆਪ ਨਹੀਂ ਪੀਤੀ, friends ਨੇ ਕੋਕ ਵਿਚ ਦੇ



ਦਿੱਤੀ।

ਮਨਜੀਤ : ਜਦੋਂ ਮੈਂ ਸਵੇਰੇ ਰੋਕਦੀ ਸੀ ਮੂਹਰਿਉਂ ਕਹਿੰਦੀ ਵਿੱਕੀ ਨੂੰ ਨੀਂ ਰੋਕਦੇ ।

ਵਿੱਕੀ : ਜੇ ਉੱਥੇ ਜਾਂਵੇਗੀ ਤਾਂ ਉਹ ਤਾਂ ਦੇਣਗੇ ਹੀ ।

ਕਿਰਨ : ਮੈਨੂੰ ਨੀਂ ਸੀ ਪਤਾ ਕਿ ਉਹ ਏਦਾਂ ਕਰਨਗੇ।

ਅਮਰੀਕ : ਇਹ ਤਾਂ ਤੇਰੇ ਈ ਪੱਟੇ ਖੂਹ ਨੇ ਜਿੰਨ੍ਹਾਂ ਵਿਚ ਇਹ ਡੁੱਬਦੇ ਫਿਰਦੇ ਨੇ । ਜਿਹੜਾ ਕੁਝ ਤੂੰ ਕਰਦਾ ਫਿਰਦਾ ਉਹੀ ਇਹ ਕਰਨਗੇ। ਅੱਜ ਇਹਦਾ ਤੈਨੂੰ ਦੁੱਖ ਗਿਆ, ਤੂੰ ਕਦੇ ਸਾਨੂੰ ਤੜਫਦੇ ਦੇਖਿਐ।

ਕਿਰਨ : I'm sorry. ਮੈਂ ਅੱਗੇ ਤੋਂ ਕਿਤੇ ਨਹੀਂ ਜਾਂਦੀ।

ਮਨਜੀਤ : *(ਵਿੱਕੀ ਨੂੰ ਸੰਬੋਧਨ ਹੋ ਕੇ)* ਤੇਰਾ ਡੈਡੀ ਰਾਜ ਨੂੰ hospital ਤੋਂ ਲੈ ਕੇ ਆਇਐ। ਉਹ ਤੇਰੇ ਪੈਸੇ ਚੱਕ ਚੱਕ ਡਰੱਗ ਖਾਣ ਲੱਗ ਗਿਐ।

ਵਿੱਕੀ : ਰਾਜ ਤੂੰ! ਤੈਨੂੰ ਡਰੱਗ ਕੀਹਨੇ ਦਿੱਤੀ ਐ।

ਰਾਜ : ਵੀਰੇ ਰੌਬੀ ਸਾਡੇ ਸਕੂਲ ਆਉਂਦਾ ਹੁੰਦੈ, ਉਹ ਦੇ ਕੇ ਜਾਂਦਾ ਹੁੰਦੈ।

ਵਿੱਕੀ : ਅੱਛਿਆ ਰੌਬੀ ਮੇਰੇ under ਕੰਮ ਕਰਨ ਵਾਲਾ, ਮੇਰੇ ਈ ਭਾਈ ਨੂੰ—*(ਕਹਿਕੇ ਗੁੱਸੇ ਵਿਚ ਅੰਦਰ ਜਾਂਦਾ ਹੈ ਤੇ ਜੈਕਟ ਦੀ ਜੇਬ ਵਿਚ ਕੁਝ ਲੁਕਾ ਕੇ ਬਾਹਰ ਭੱਜ ਜਾਂਦਾ ਹੈ।)*

ਅਮਰੀਕ : ਹੁਣ ਦੇਖ ਲਾ, ਸਾਲਾ ਕਿਵੇਂ ਭੱਜਿਐ ਜਿਵੇਂ ਕੁੱਤੇ ਦੀ ਪੂਛ ਨੂੰ ਅੱਗ ਲੱਗੀ ਹੋਵੇ। ਤੇਰੇ ਬੀਜੇ ਕੰਡੇ ਤਾਂ ਇਨ੍ਹਾਂ ਨੇ ਚੁਗਣੇ ਈ ਨੇ।

ਰਾਣੀ : ਵੀਰੇ ਤੁਸੀਂ ਐਂਵੇ ਨਾ ਘਬਰਾਓ ਫਿਰ ਬਲੱਡ ਪ੍ਰੈਸ਼ਰ ਵੱਧ ਜੂਗਾ।

ਅਮਰੀਕ : ਹੋਰ ਕਰਾਂ ਤਾਂ ਕੀ ਕਰਾਂ। ਇੰਡੀਆ ਤੋਂ ਤਾਂ ਇਸ ਲਈ ਭੱਜੇ ਆਏ ਸੀ ਕਿ ਇਨ੍ਹਾਂ ਨੂੰ ਚੰਗੀ education ਦੇਵਾਂਗੇ ਤੇ ਚੰਗੀ ਜ਼ਿੰਦਗੀ ਪਰ—————।

(ਇੰਨੇ ਨੂੰ ਦਰਵਾਜੇ ਦੀ ਘੰਟੀ ਖੜਕਦੀ ਹੈ ਤਾਂ ਅਜੈਬ ਸਿੰਘ, ਰਾਣੀ ਦਾ ਪਤੀ ਅੰਦਰ ਆਉਂਦਾ ਹੈ)

ਅਜੈਬ ਸਿੰਘ : ਰਾਣੀ ਤੂੰ ਘਰ ਆਈ ਹੀ ਨਹੀਂ, ਮੈਂ ਤੈਨੂੰ ਉਡੀਕ ਉਡੀਕ ਕੇ ਆਇਐਂ।

ਮਨਜੀਤ : ਇਹ ਕਿਵੇਂ ਆਉਂਦੀ, ਇੱਥੇ ਤਾਂ ਆਹ ਨਵਾਂ ਸਿਆਪਾ ਖੜ੍ਹਾ ਹੋਇਆ ਹੋਇਆ।

ਅਮਰੀਕ : ਤੈਨੂੰ ਤਾਂ ਪਤਾ ਈ ਆ ਅਜੈਬ ਸਿੰਹਾਂ, ਵਿੱਕੀ ਦੇ ਰੋਜ ਰੋਜ ਦੇ ਚੱਜਾਂ ਦਾ। ਅਜੇ ਤਾਂ ਉਹਨੂੰ ਸਮਝਾਉਣ ਦੀਆਂ ਗੱਲਾਂ ਈ ਕਰਦੇ ਸੀ, ਆਹ ਛੋਟਿਆਂ ਨੇ ਹੋਰ ਚੰਦ ਚਾੜ੍ਹੇ ਹੋਏ ਆ।

ਅਜੈਬ ਸਿੰਘ : ਬਾਈ ਤੂੰ ਕਾਹਤੋਂ ਜੁਆਕਾਂ ਨੂੰ ਕੋਸੀ ਜਾਨੈਂ, ਇਹ ਇਹਨਾਂ ਦਾ ਕਿਹੜਾ ਕੱਲ੍ਹਿਆਂ ਦਾ ਕਸੂਰ ਐ।

ਅਮਰੀਕ : ਹੋਰ ਕੀਹਦਾ ਕਸੂਰ ਕਹਾਂ?

ਅਜੈਬ ਸਿੰਘ : ਆਹ ਇੱਥੇ ਵੱਡੇ ਵੱਡੇ ਅਮੀਰ ਲੋਕ, politition ਤੇ ਸਰਕਾਰਾਂ ਇਹ ਸਭ ਕੁਝ ਕਰਵਾਉਂਦੀਆਂ ਨੇ। ਜਿਹੜੀ ਡਰੱਗ ਪੁਲੀਸ ਦੇ ਸਾਹਮਣੇ ਵਿਕ ਰਹੀ ਹੈ, ਉੱਥੇ ਕੀ ਬੱਚਿਆਂ ਦਾ ਕਸੂਰ ਹੈ? ਮੈਂ ਨੀ ਮੰਨਦਾ ਕਿ ਕੱਲ੍ਹੇ ਜੁਆਕ ਕੁਛ ਕਰ ਦੇਣਗੇ।

ਅਮਰੀਕ : ਰੋਜ ਆ ਨਿਊਜਪੇਪਰ, ਟੀ.ਵੀ, ਰੇਡਿਉ ਸਭ ਇਹ ਕਹਿੰਦੇ ਨੇ ਕਿ ਮਾਪਿਆਂ ਦਾ ਕਸੂਰ ਐ ਕਿ ਉਹ ਚੰਗੀ ਪ੍ਰਵਰਿਸ਼ ਨਹੀਂ ਦਿੰਦੇ। ਅਸੀਂ ਕਿਧਰ ਨੂੰ ਜਾਈਏ।

ਅਜੈਬ ਸਿੰਘ : ਬਾਈ ਬੱਚਿਆਂ ਨੂੰ ਸਭ ਕੁਝ ਮਾਪੇ ਹੀ ਨਹੀਂ ਦਿੰਦੇ, ਉਹ ਇਥੇ ਦੀ ਸੁਸਾਇਟੀ ਤੇ ਆਲੇ ਦੁਆਲੇ ਤੋਂ ਬਹੁਤ ਕੁਝ ਲੈਂਦੇ ਨੇ। ਜਿਹੜੀ ਐਨੀ ਡਰੱਗ ਬਾਹਰਲੇ ਕੰਟਰੀਆਂ ਤੋਂ ਆਉਂਦੀ ਐ, ਸਰਕਾਰਾਂ ਨੂੰ ਕਿਤੇ ਪਤਾ ਨੀਂ, ਸਭ ਪਤੈ। ਜਿਹੜੀ ਮੀਡੀਏ ਦੀ ਗੱਲ ਕਰਦੇ ਹੋ, ਉਨ੍ਹਾਂ ਨੂੰ ਤਾਂ ਪੈਸੇ ਦੇ ਕੇ ਜੋ ਕੁਝ ਮਰਜ਼ੀ ਕਹਾਈ ਜਾਉ।

ਅਮਰੀਕ : ਫਿਰ ਇਹ ਕਿਉਂ ਮਰਦੇ ਫਿਰਦੇ ਐ।

ਅਜੈਬ ਸਿੰਘ : ਇਨ੍ਹਾਂ ਜੁਆਕਾਂ ਦੇ ਸਿਰ 'ਚ ਤਾਂ easy money ਦਾ ਘੋੜਾ ਫੇਰਤਾ, ਬੱਸ ਇਹ ਪੱਕੇ। ਨਾਲੇ ਇਹ ਬਿਜ਼ਨਸ ਕੱਲ੍ਹੇ ਵੈਨਕੂਵਰ, ਬੀ.ਸੀ. ਜਾਂ ਕੈਨੇਡਾ ਵਿਚ ਹੀ ਨਹੀਂ, ਇਹ ਤਾਂ ਸਾਰੇ ਸੰਸਾਰ ਵਿਚ ਚਲਦੈ, ਤੇ ਚਲਾਉਣ ਵਾਲੇ ਵੀ ਉਪਰਲੇ ਮੁੱਠੀ ਭਰ ਲੋਕ ਨੇ। ਜਿਹੜੇ ਨੌਜਵਾਨਾਂ ਨੂੰ ਬੇਰੁਜ਼ਗਾਰ ਕਰਕੇ ਪੈਸਿਆਂ ਦਾ ਲਾਲਚ ਦੇਕੇ, ਉਨ੍ਹਾਂ ਤੋਂ ਇਹ ਕੰਮ ਕਰਵਾ ਰਹੇ ਨੇ ਤੇ ਬਾਕੀ ਜਨਤਾ ਨੂੰ ਨਸ਼ੇ ਖੁਆ ਕੇ ਸੋਚਹੀਣ ਕਰ ਰਹੇ ਹਨ ਕਿਉਂਕਿ ਉਹ ਆਪਣੇ ਹੱਕਾਂ ਦੀ ਮੰਗ ਨਾ ਕਰ ਸਕਣ। ਇਹ ਭੋਲੀ ਭਾਲੀ ਜਨਤਾ ਦਾ ਕੀ ਐ, ਬੱਸ ਉਲਝਾਈ ਜਾਉ।

ਮਨਜੀਤ : ਆਹੋ ਉਨ੍ਹਾਂ ਦਾ ਕੀ ਜਾਂਦੈ, ਮਰਦੇ ਤਾਂ ਮਾਂਵਾ ਦੇ ਈ ਪੁੱਤ ਨੇ।

ਰਾਜ : ਮਾਂ I'm sorry. ਮੈਂ ਅੱਗੇ ਤੋਂ ਅਜਿਹੀ ਗਲਤੀ ਨਹੀਂ ਕਰਾਂਗਾ।



*(ਮਨਜੀਤ ਉਸ ਪਿਆਰ ਕਰਨ ਲੱਗਦੀ ਹੈ।)*

ਅਮਰੀਕ : ਇਹ ਤਾਂ ਮੈਂ ਵੀ ਸਮਝਦਾ ਪਰ ਇਸ ਗੈਂਗਵਾਰ ਨੂੰ ਨੱਥ ਕਿਵੇਂ ਪਾਈ ਜਾ ਸਕਦੀ ਐ?

ਅਜੈਬ ਸਿੰਘ : ਨੱਥ ਤਾਂ ਸਰਕਾਰਾਂ ਹੀ ਪਾ ਸਕਦੀਆਂ ਨੇ ਪਰ ਉਹ ਇਹ ਚਾਹੁੰਦੀਆਂ ਈ ਨਹੀਂ ਕਿਉਂਕਿ ਉਨ੍ਹਾਂ ਦੇ ਪਿੱਛੇ ਸਰਮਾਏਦਾਰੀ ਸਿਸਟਮ ਕੰਮ ਕਰ ਰਿਹੈ। ਤੇ ਹੁਣ ਤਾਂ, ਜੇ ਇਹ ਮੁੰਡੇ ਇਨ੍ਹਾਂ ਅਮੀਰ ਲੋਕਾਂ ਦੀਆਂ ਲੂੰਬੜਚਾਲਾਂ ਨੂੰ ਸਮਝਣ ਤਾਂ——।

ਅਮਰੀਕ : ਬਾਈ ਰੋਟੀ ਦੇ ਫ਼ਿਕਰ ਤੋਂ ਭੋਰਾ ਵਿਹਲ਼ ਹੋਵੇ ਤਾਂ ਹੀ ਅਗਲਾ ਕੋਈ ਵਾਧੂ ਗੱਲ ਵਾਰੇ ਸੋਚੂ। ਹੋਰ ਕੋਈ ਢੰਗ ਤਰੀਕਾ ਨੀਂ?

ਅਜੈਬ ਸਿੰਘ : ਢੰਗ ਤਰੀਕਾ ਤਾਂ ਹੈ ਅਗਰ ਲੋਕ ਇੱਕਠੇ ਹੋਣ ਤੇ ਇਕ ਅਵਾਜ਼ ਬਣਨ। ਉਹ ਅਵਾਜ਼ ਜਿਹੜੀ ਪਾਣੀ ਦੇ ਵਹਿਣ ਵਾਂਗ ਹਰ ਚਣੌਤੀ ਦਾ ਮੂੰਹ ਮੋੜ ਸਕੇ ਤੇ ਵਧੀਆ ਸਮਾਜ ਦੀ ਸਿਰਜਣਾ ਵੀ ਕਰ ਬੱਚਿਆਂ ਦੇ ਮੂੰਹਾਂ ਵਿਚ ਡਰੱਗਾਂ ਦੀ ਜ਼ਹਿਰ ਤੁੰਨਣ ਵਾਲਿਆਂ ਦਾ ਖਾਤਮਾ ਵੀ ਕਰ ਸਕੇ। ਇਹ ਬਲਦੇ ਰੁੱਖ ਮੁੜ ਪੁੰਗਰ ਪੈਣ।

*(ਇੰਨੇ ਨੂੰ ਵਿੱਕੀ ਭੱਜਿਆ ਆਉਂਦਾ ਹੈ ਤੇ ਅਮਰੀਕ ਦੇ ਪੈਰੀਂ ਪੈ ਜਾਂਦਾ ਹੈ।)*

ਵਿੱਕੀ : ਡੈਡ, ਮੈਨੂੰ ਹੁਣ ਬਚਾ ਲਉ, ਪਲੀਜ਼ ਮੈਨੂੰ ਮਾਫ਼ ਕਰ ਦਿਉ। I'm guilty I didn't respect your feelings. ਮਾਂ ਮੈਨੂੰ ਮਾਫ਼ ਕਰ ਦਿਉ। I'm really sorry.

(ਇੰਨੇ ਨੂੰ ਪੁਲੀਸ ਆਉਂਦੀ ਹੈ ਤੇ ਵਿੱਕੀ ਦੁਆਲੇ ਘੇਰਾ ਪਾਉਂਦੀ ਹੈ। ਉਹ ਦੋਨੋਂ ਹੱਥ ਅੱਗੇ ਕਰਦਾ ਹੈ ਤੇ ਉਹ ਹੱਥਕੜੀ ਲਾ ਲੈਂਦੇ ਹਨ।)

ਮਨਜੀਤ : *(ਰੋਂਦੀ ਹੈ ਤੇ ਅਮਰੀਕ ਦੀਆਂ ਮਿੰਨਤਾਂ ਕਰਦੀ ਹੈ।)* ਪਲੀਜ਼ ਇਹਨੂੰ ਬਚਾ ਲਓ, ਹੁਣ ਤਾਂ ਗਲਤੀ ਮੰਨਦੈ।

ਅਮਰੀਕ : ਨਾ ਮਰਨ ਦੇ ਹੁਣ ਇਹਨੂੰ ਜਿੱਥੇ ਮਰਦੈ। ਇਹ ਤਾਂ ਮੈਨੂੰ ਕਿੱਦਣ ਦਾ ਦਿੱਸਦਾ ਸੀ ਕਿ ਇਹ ਹੋਣੈ, ਆ ਜੂ ਹੁਣ ਸਾਰੀ ਸੁਰਤ ਟਿਕਾਣੇ।

(ਪੁਲੀਸ ਆ ਕੇ ਵਿੱਕੀ ਨੂੰ ਫੜ੍ਹ ਕੇ ਲੈ ਕੇ ਜਾ ਰਹੀ ਹੈ ਤੇ ਮਾਂ ਰੋਂਦੀ ਰੋਂਦੀ ਉਹਦੇ ਕੋਲ ਨੂੰ ਜਾ ਰਹੀ ਹੈ। ਸਾਰੇ ਇਸੇ ਮੁਦਰਾ ਵਿਚ ਫਰੀਜ਼ ਹੋ ਜਾਂਦੇ ਹਨ।)

ਵਿੱਕੀ : Please dad, ਕਿਰਨ ਤੇ ਰਾਜ ਦਾ ਖਿਆਲ ਰੱਖਣਾ। ਮੈਨੂੰ ਮਾਫ਼ ਕਰਨਾ।

*(ਪਿੱਠ ਭੂਮੀ ਚੋਂ ਆਵਾਜ਼ ਉਭਰਦੀ ਹੈ।)*

"ਨਾ ਤੁਰਿਓ ਇਸ ਰਾਹ ਓ ਲੋਕੋ
ਜਿਹੜੇ ਰਾਹ ਮੈਂ ਤੁਰਿਆ।
ਬੜਾ ਸਮਝਾਇਆ ਮੈਨੂੰ,
ਪਰ ਮੈਂ ਨਾ ਮੁੜਿਆ।
ਨਾ ਤੁਰਿਓ ਇਸ ਰਾਹ ਓ ਵੀਰੋ,
ਨਾ ਤੁਰਿਓ ਇਸ ਰਾਹ,
ਨਾ ਤੁਰਿਓ ਇਸ ਰਾਹ——————।

(ਸਮਾਪਤ)



'ਬਲ਼ਦੇ ਬਿਰਖ' ਦੇ ਨਾਂ ਹੇਠ ਪਹਿਲੀ ਵਾਰ ਤਰਕਸ਼ੀਲ ਕਲਚਰਲ ਸੁਸਾਇਟੀ ਆਫ ਕੈਨੇਡਾ ਵਲੋਂ ਜੁਲਾਈ, 2006 ਨੂੰ ਬੈੱਲ ਪ੍ਰਫਾਰਮਿੰਗ ਆਰਟਸ ਸੈਂਟਰ ਵਿਚ ਸਲਾਨਾ ਤਰਕਸ਼ੀਲ ਮੇਲੇ ਤੇ ਬਹੁਤ ਹੀ ਸਫ਼ਲਤਾ ਨਾਲ ਖੇਡਿਆ ਗਿਆ। ਉਸ ਤੋਂ ਬਾਅਦ ਗੁਰਸ਼ਰਨ ਭਾਜੀ ਹੋਰਾਂ ਦੀ ਟੀਮ ਨਾਲ ਐਡਮਿੰਟਨ, ਵਿੱਨੀਪੈੱਗ ਤੇ ਕੈਲਗਰੀ, ਐਬਸਫੋਰਡ ਦੀਆਂ ਸਟੇਜਾਂ ਤੇ ਖੇਡਿਆ ਗਿਆ। ਫਿਰ ਅਕਤੂਬਰ, 2009 ਵਿਚ ਸਰ੍ਹੀ ਦੇ ਬੈੱਲ਼ ਪ੍ਰਫਾਰਮਿੰਗ ਆਰਟਸ ਸੈਂਟਰ ਤੇ ਬਹੁਤ ਹੀ ਸਫ਼ਲ ਪੇਸ਼ਕਾਰੀ ਨਾਲ ਖੇਡਿਆ ਗਿਆ। ਮਾਰਚ, 2010 ਵਿਚ ਫਿਰ ਦੁਬਾਰਾ ਐਬਸਫੋਰਡ ਵਿਚ ਅੰਤਰਰਾਸ਼ਟਰੀ ਔਰਤ ਦਿਵਸ ਦੇ ਮੌਕੇ ਤੇ ਸਿਟੀ ਹਾਲ ਵਿਚ ਮੰਚਤ ਕੀਤਾ ਗਿਆ। ਇਸ ਵਿਚ ਹੇਠ ਲਿਖੇ ਕਲਾਕਾਰਾਂ ਨੇ ਆਪਣੀ ਕਲਾਕਾਰੀ ਬਾਖੂਬੀ ਨਿਭਾਈ।

| | |
|---|---|
| ਪਰਮਿੰਦਰ ਸਵੈਚ | ਜਾਸਮਿਨ ਸਵੈਚ |
| ਸ਼ਾਨ ਸਵੈਚ | ਅਨਮੋਲ ਸਵੈਚ |
| ਬਲਵਿੰਦਰ ਗਰੇਵਾਲ | ਗੁਰਨਾਮ ਥਾਂਦੀ |
| ਹਰਪਾਲ ਗਰੇਵਾਲ | ਜਸਵਿੰਦਰ ਹੇਅਰ |
| ਕੁਲਵੀਰ ਮੰਗੂਵਾਲ | ਜਸਵੀਰ ਮੰਗੂਵਾਲ |
| ਨਿਰਮਲ ਕਿੰਗਰਾ | ਪਰਮ ਸਰਾਂ |
| ਗੁਰਮੇਲ ਗਿੱਲ | ਵਿਕਰਮ ਸਿੰਘ |
| ਸੁਮੀਤ ਚਾਹਲ | ਇੱਕਤਰ ਸਿੰਘ |
| ਨਵਨੀਤ ਸਿੰਘ ਮਾਂਗਟ | ਡਾ. ਅਰੀਤ |
| ਭਾ ਜੀ ਗੁਰਸ਼ਰਨ ਸਿੰਘ | |

# ਨਾ ਤੁਰਿਓ ਇਸ ਰਾਹ



**ਪਾਤਰ**

| | |
|---|---|
| ਪੰਮੀ | ਇਕ ਪੜ੍ਹੀ ਲਿਖੀ 30-35 ਸਾਲ ਦੀ ਔਰਤ |
| ਨਸੀਬ ਕੌਰ | 55-60 ਸਾਲ ਦੀ ਔਰਤ |
| ਗੁਰਦੇਵ ਸਿੰਘ | 55-60 ਸਾਲ ਦਾ ਬਜ਼ੁਰਗ |

ਸਥਾਨ : ਕੈਨੇਡਾ ਦੇ ਪੰਜਾਬੀ ਪਰਿਵਾਰ ਦੇ ਘਰ ਦਾ ਡਰਾਈਵ ਵੇ (ਗੱਡੀਆਂ ਖੜ੍ਹੀਆਂ ਕਰਨ ਦੀ ਜਗ੍ਹਾ)

ਸਮਾਂ : ਸਵੇਰ ਦੇ 9-10 ਵਜੇ ਦਾ ਵੇਲਾ

*(ਛੁੱਟੀ ਦਾ ਦਿਨ ਹੈ, ਪੰਮੀ ਸਵੇਰੇ ਸਵੇਰੇ ਡਰਾਈਵ ਵੇ ਸਾਫ ਕਰ ਰਹੀ ਹੈ, ਉਸ ਕੋਲ ਇਕ ਝਾੜੂ ਤੇ ਪਾਣੀ ਵਾਲੀ ਪਾਈਪ ਫੜੀ ਹੋਈ ਹੈ। ਇਕ ਬਾਲਟੀ ਵੀ ਪਈ ਹੈ। ਉਸਦੇ ਕੱਪੜੇ ਅਧਭਿੱਜੇ ਲੱਗ ਰਹੇ ਹਨ। ਉਸਦੀ ਗੁਆਂਢਣ ਹਰ ਰੋਜ਼ ਗੁਰਦਵਾਰੇ ਜਾਂਦੀ ਹੈ ਇਸ ਦਾ ਉਸ ਨੂੰ ਪਤਾ ਹੈ। ਨਸੀਬ ਕੌਰ ਆਮ ਜਿਹੇ ਕੱਪੜਿਆਂ ਵਿਚ ਆਉਂਦੀ ਹੈ। ਉਸ ਨੂੰ ਦੇਖ ਕੇ।)*

ਪੰਮੀ : ਆਂਟੀ ਸਤਿ ਸ੍ਰੀ ਅਕਾਲ

ਨਸੀਬ ਕੌਰ : ਸਤਿ ਸ੍ਰੀ ਅਕਾਲ ਧੀਏ, ਅੱਜ ਤਾਂ ਸਾਜਰੇ ਈ ਕੰਮ ਕਰਨ ਲੱਗ ਗਈ।

ਪੰਮੀ : ਹਾਂ ਜੀ, ਤੁਸੀਂ ਸੁਣਾਓ, ਕੀ ਗੱਲ ਅੱਜ ਗੁਰਦਵਾਰੇ ਨੀਂ ਗਏ?

ਨਸੀਬ ਕੌਰ : ਨਹੀਂ, ਅੱਜ ਦੇ ਦਿਨ ਨੀਂ ਮੈਂ ਜਾਂਦੀ ਹੁੰਦੀ।

ਪੰਮੀ : ਕਿਉਂ? ਕੀ ਗੱਲ ਅੱਜ ਦੇ ਦਿਨ ਕਿਉਂ ਨਹੀਂ?

ਨਸੀਬ : ਅੱਜ ਦੇ ਦਿਨ ਤਾਂ ਉਥੇ ਆਲੂਆਂ ਦੇ ਪਰਾਉਂਠੇ ਹੁੰਦੇ ਆ।

ਪੰਮੀ : ਫੇਰ? (ਉਤਸੁਕਤਾ ਨਾਲ)

ਨਸੀਬ ਕੌਰ : ਮੈਨੂੰ ਤਾਂ ਆਲੂ ਬੈਅ ਕਰ ਦਿੰਦੇ ਐ।

ਪੰਮੀ : (ਹੱਸ ਕੇ) ਆਲੂ ਬੈਅ ਕਰ ਦਿੰਦੇ ਐ। ਉਹ ਕੀ?

ਨਸੀਬ ਕੌਰ : ਲੈ ਆਲੂਆਂ ਨੂੰ ਤਾਂ ਡੰਗਰ ਵੀ ਨੀਂ ਪੁੱਛਦੇ, ਸਾਡੇ ਤਾਂ ਉਥੇ ਰੋੜਾਂ ਤੇ ਰੁਲਦੇ ਫਿਰਦੇ ਹੁੰਦੇ ਸੀ।

ਪੰਮੀ : ਅੱਛਿਆ, ਨਾ ਕਿੱਦਣ ਕਿੱਦਣ ਜਾਂਦੇ ਉਂ ਫੇਰ?

ਨਸੀਬ ਕੌਰ : ਜਿੱਦਣ ਗੋਭੀ ਤੇ ਮੂਲ਼ੀਆਂ ਵਾਲੇ ਪਰੌਂਠੇ ਹੋਣ ਤੇ ਜਾਂ ਵੇਸਣ ਵਾਲੇ ਪਕੌੜੇ।

ਪੰਮੀ : ਆਂਟੀ ਪਰੌਂਠੇ ਤਾਂ ਚਾਹੇ ਕਾਸੇ ਦੇ ਵੀ ਹੋਣ, ਇਸ ਉਮਰ 'ਚ ਆਕੇ ਖਰਾਬ ਈ ਕਰਦੇ ਨੇ। ਨਾਲੇ ਜਿਹੜਾ ਤਰਦਾ ਤਰਦਾ



ਘਿਉ ਪਾਉਂਨੇ ਉਂ ਦਾਲਾਂ ਸਬਜ਼ੀਆਂ 'ਚ। ਉਹ ਖਰਾਬ ਈ ਕਰਦੈ।

ਨਸੀਬ ਕੌਰ : ਜੇ ਭਲ਼ਾ ਹੱਡੀਆਂ ਨੂੰ ਭੋਰਾ ਕਲ਼ਾਸ ਨੀ ਮਿਲੂ, ਫਿਰ ਇਹ ਕੰਮ ਕਿਵੇਂ ਕਰਨਗੀਆਂ।

ਪੰਮੀ : ਆਂਟੀ ਡਾਕਟਰਾਂ ਤੋਂ ਉੱਤੇ ਤਾਂ ਨੀਂ ਆਪਾਂ। ਸੁਣਿਆ ਨੀਂ ਡਾਕਟਰ ਤਾਂ ਦੂਜਾ ਰੱਬ ਨੇ। ਉਹ ਤਾਂ ਰੋਜ਼ ਕਹਿੰਦੇ ਆ ਕਿ ਤਲ਼ੀਆਂ ਚੀਜ਼ਾਂ ਤੋਂ ਬਚੋ। ਤੁਸੀਂ ਦਿਨ ਬੰਨ੍ਹ ਕੇ ਗੁਰਦਵਾਰੇ ਜਾਨੇ ਉਂ ਕਿ ਕਿਹੜੇ ਦਿਨ ਕੀ ਬਣਦਾ ਹੈ, ਉਸ ਦਿਨ ਜਾਣਾ।

ਨਸੀਬ ਕੌਰ : ਨਾ ਐਂ ਤਾਂ ਮੈਂ ਮੱਥਾ ਟੇਕਣ ਵੀ ਤਾਂ ਜਾਨੀਆ।

ਪੰਮੀ : (ਗੁੱਝੀ ਹਾਸੀ ਨਾਲ) ਕੁਛ ਸੁਣ ਕੇ ਨਹੀਂ ਆਉਂਦੇ।

ਨਸੀਬ ਕੌਰ : ਸੁਣ ਕੇ ਕਿਉਂ ਨਹੀਂ, ਜਿਨ੍ਹਾਂ ਚਿਰ ਕੀਰਤਨ ਚਲਦੈ ਬੈਠ ਕੇ ਸੁਣੀਦਾ। ਬਾਅਦ ਵਿਚ ਲੰਗਰ ਵੀ ਖਾ ਲਈਦਾ ਤੇ ਫਿਰ ਫਰਿੰਡਾਂ ਨੂੰ ਵੀ ਮਿਲ ਲਈਦਾ ।

ਪੰਮੀ : (ਹੱਸ ਕੇ) ਆਂਟੀ ਮਿਲੀਦਾ ਨਹੀਂ, ਕਹੋ ਫਰੈਂਡਾ ਨਾਲ ਤਾਂ ਚੁਗਲੀਆਂ ਕਰ ਲਈਦੀਆਂ ਨੇ।

ਨਸੀਬ ਕੌਰ : ਕੁੜੇ ਕਿਉਂ ਮਜ਼ਾਕ ਕਰਦੀ ਐਂ ਸਿਆਣੀ ਬਿਆਣੀ ਨੂੰ। ਗੱਲਾਂ ਸਮਝ ਲਾ ਚਾਹੇ ਚੁਗਲੀਆਂ। ਗੁਭ-ਗੁਭਾਟ ਤਾਂ ਕੱਢਣਾ ਈ ਹੋਇਆ।

ਪੰਮੀ : ਆਂਟੀ ਮੈਂ ਤੁਹਾਨੂੰ 96 ਵਾਲੇ ਬਾਬੇ ਦੇ ਘਰ ਵੜਦੇ ਦੇਖਿਆ ਸੀ ਕੱਲ੍ਹ ਉਥੇ ਗਏ ਸੀ।

ਨਸੀਬ ਕੌਰ : ਨਈਂ ਨਈਂ, ਕਦੋਂ (ਅਣਜਾਣ ਬਣਦੀ ਹੋਈ।)

ਪੰਮੀ : ਜਦੋਂ ਮੈਂ ਕੰਮ ਤੋਂ ਆਉਂਦੀ ਸੀ ਉਦੋਂ ਦੇਖਿਆ ਸੀ।

ਨਸੀਬ ਕੌਰ : ਅੱਛਿਆ ਦੱਸੀਂ ਨਾ ਕਿਸੇ ਨੂੰ, ਆਵਦੇ ਅੰਕਲ ਨੂੰ ਵੀ ਨਾ। ਉਹ ਤਾਂ ਮੇਰੀ ਗੁੱਤ ਪੱਟ ਦੂ।

ਪੰਮੀ : ਤੁਸੀਂ ਅੰਕਲ ਨੂੰ ਦੱਸੇ ਬਗੈਰ ਉਥੇ ਕਿਉਂ ਜਾਨੇ ਉਂ?

ਨਸੀਬ ਕੌਰ : ਧੀਏ ਕੀ ਕਰਾਂ, ਮਰਦੀ ਕੀ ਨਾ ਕਰਦੀ। ਤੈਥੋਂ ਤਾਂ ਹੁਣ ਲੁਕੋ ਵੀ ਕਾਹਦਾ, ਆਂਢ ਗੁਆਂਢ ਐ। ਸਾਡੇ ਤਾਂ ਗੁਰੀ ਨੇ ਸੂਲੀ ਤੇ ਟੰਗੇ ਪਏ ਆਂ। (ਰੋਣ ਲੱਗਦੀ ਹੈ) ਬਲਾ ਈ ਤੰਗ ਕਰਦੈ।

ਪੰਮੀ : ਫੇਰ?

ਨਸੀਬ ਕੌਰ : ਮੈਂ ਤਾਂ ਬਾਬੇ ਕੋਲੋਂ ਪੁੱਛ ਪਵਾਉਣ ਗਈ ਸੀ। ਜੇ ਉਹ ਸਿੱਧੇ ਰਸਤੇ ਆ ਜਾਵੇ।

ਪੰਮੀ : ਉਹਨੇ ਕੀ ਦੱਸਿਆ?

ਨਸੀਬ ਕੌਰ : ਪਹਿਲਾਂ ਤਾਂ ਕਹਿੰਦਾ ਸੀ ਦੋ ਕੁ ਹਜ਼ਾਰ ਡਾਲਰ ਲੱਗੂਗਾ, ਸਭ ਕੁਝ ਠੀਕ ਹੋਜੂ।

ਪੰਮੀ : ਤੇ ਹੁਣ।

ਨਸੀਬ ਕੌਰ : ਹੁਣ ਕਹਿੰਦਾ ਤਾਂ ਇਹ ਆ ਬਈ ਮੈਂ ਸਾਰਾ ਕੁਝ ਬੰਨ੍ਹ ਲਿਆ ਆਵਦੀ ਮੁੱਠ ਵਿਚ। ਪਰ ਡਾਲਰ ਦਸ ਹਜ਼ਾਰ ਹੋਰ ਮੰਗਦੈ। ਕਹਿੰਦਾ, ਨਹੀਂ ਤਾਂ ਮੈਂ ਮੁੱਠ ਖੋਲ੍ਹ ਦੇਣੀਆਂ।

ਪੰਮੀ : ਆਂਟੀ, ਡਾਲਰ ਤਾਂ ਜਿਹੜਾ ਦਸ ਹਜ਼ਾਰ ਅੱਜ ਮੰਗਦਾ, ਕੱਲ੍ਹ ਨੂੰ ਕਈ ਹਜ਼ਾਰ ਹੋਰ ਮੰਗੇਗਾ। ਉਸਨੂੰ ਤਾਂ ਚਾਹੇ ਲੱਖਾਂ ਤੱਕ ਵੀ ਦੇ ਦੇਵੀਂ। ਉਹ ਤੇਰੀ ਮਰਜ਼ੀ ਆ। ਮੈਂ ਇੱਥੇ ਇਕ ਬੁੜੀ ਨੂੰ ਜਾਣਦੀ ਆਂ ਜੀਹਨੇ ਕਿਸੇ ਬਾਬੇ ਨੂੰ ਚਾਲੀ ਹਜ਼ਾਰ ਡਾਲਰ ਦੇ ਦਿੱਤਾ, ਉਹਦਾ ਵੀ ਕੁਝ ਨੀਂ ਬਣਿਆ। ਜੇ ਮੈਥੋਂ ਸੱਚ ਪੁੱਛੇਂ ਤਾਂ ਉਹਦੇ ਮੁੱਠ ਖੋਲ੍ਹਣ ਨਾਲ ਤੇਰਾ ਕੁਝ ਨਹੀਂ ਵਿਗੜਨਾ।

ਨਸੀਬ ਕੌਰ : ਅੱਛਿਆ, ਤੈਨੂੰ ਕੀ ਪਤਾ?

ਪੰਮੀ : ਪਤਾ ਤਾਂ ਇਹ ਐ ਕਿ ਜਿੰਨਾ ਕੁਝ ਤੇਰਾ ਵਿਗੜਿਆ ਹੋਇਐ, ਉਹਦੇ ਤੋਂ ਉੱਤੇ ਤੇਰਾ ਹੋਰ ਕੀ ਵਿਗੜਜੂ। ਪਰਿਵਾਰ ਤਾਂ ਤੇਰਾ ਘਰੋਂ ਬੇਘਰ ਹੋਇਐ ਪਿਐ।

ਨਸੀਬ ਕੌਰ : ਧੀਏ, ਏਸੇ ਕਰਕੇ ਤਾਂ ਜਬ੍ਹਕਦੀ ਫਿਰਦੀਆਂ ਦਰ ਦਰ (ਰੋਣ ਲੱਗਦੀ ਹੈ)

ਪੰਮੀ : ਆਂਟੀ worry ਨਾ ਕਰੋ, ਸਭ ਠੀਕ ਹੋ ਜੂ ਗਾ।

ਨਸੀਬ ਕੌਰ : ਕੀ ਠੀਕ ਹੋਜੂ, ਉਹ ਬਿਗਾਨੀ ਧੀ ਘਰੋਂ ਨਿਕਲੀ ਬੈਠੀ ਐ। ਨੂੰਹ ਮੇਰੀ ਬਥੇਰੀ ਚੰਗੀ ਐ ਪਰ ਕੀ ਕਰੇ ਵਿਚਾਰੀ। ਜੇ ਇਥੇ ਰਹਿੰਦੀ ਐ ਤਾਂ ਔਖੀ ਐ, ਉੱਥੇ ਕਿਹੜਾ ਸੌਖੀ ਹੋਣੀ ਐ। ਭੋਰਾ ਭਰ ਬਲੂਰਾਂ ਨੂੰ ਲੈ ਕੇ ਆਪਣਾ ਘਰ ਛੱਡ ਕੇ ਬਿਗਾਨੇ ਘਰ ਰਹਿਣਾ ਕਿਹੜਾ ਸੌਖਾ ਪਿਐ ਚਾਹੇ ਪੇਕਿਆਂ ਦਾ ਹੀ ਹੋਵੇ। ਪਤਾ ਨਹੀਂ ਭਰਜਾਈਆਂ ਚ ਕਿਵੇਂ ਦਿਨ ਕੱਟਦੀ ਹੋਣੀ ਆ। ਬਿਗਾਨੀ ਨੂੰ ਕੀ ਕਹਾਂ ਜੇ ਆਪਦਾ ਈਂ ਨੀ ਸੁਣਦਾ।

ਪੰਮੀ : ਆਂਟੀ ਹੌਂਸਲਾ ਰੱਖ। ਆਪਾਂ ਡਾਕਟਰ ਤੋਂ ਇਹਦਾ ਇਲਾਜ ਪੁੱਛਾਂਗੇ ਜਾਂ ਕੋਈ ਹੋਰ ਹੀਲਾ ਕਰਾਂਗੇ। ਪਰ ਜੇ ਤੂੰ ਕਹੇਂ ਵਈ ਇਹ ਸਾਧ, ਪੰਡਤ ਜਾਂ ਜੋਤਸ਼ੀ ਤੇਰਾ ਕੁਛ ਸੰਵਾਰ ਦੇਣਗੇ, ਇਹ ਨਹੀਂ ਹੋ ਸਕਦਾ।

ਨਸੀਬ ਕੌਰ : ਕਿਉਂ? ਇਹ ਕਿਉਂ ਨੀ ਹੋ ਸਕਦਾ।



ਪੰਮੀ : ਆਂਟੀ ਤੂੰ ਹਰ ਰੋਜ਼ ਅਖਬਾਰਾਂ ਨੀ ਪੜ੍ਹਦੀ, ਇਹ ਸਾਧ, ਪੰਡਤ ਤੇ ਜੋਤਸ਼ੀ ਤਾਂ ਰੋਜ਼ ਫੜ੍ਹ ਹੁੰਦੇ ਨੇ। ਜਿਹੜੇ ਥਾਂ ਥਾਂ ਤੇ ਲੋਕਾਂ ਦੀ ਲੁੱਟ ਕਰ ਰਹੇ ਨੇ। ਆਹ ਪੀਰ ਸਾਇਦ ਸਾਹਿਬ ਨੇ ਤਾਂ ਆਪਣੀਆਂ ਐਥੋਂ ਦੀਆਂ ਬਹੁਤ ਜ਼ਨਾਨੀਆਂ ਲੁੱਟ ਲੀਆਂ।

ਨਸੀਬ ਕੌਰ : ਜੀਹਨੂੰ 18 ਮਹੀਨੇ ਦੀ ਕੈਦ ਹੋਈਆ।

ਪੰਮੀ : ਹਾਂ ਉਹੀ।

ਨਸੀਬ ਕੌਰ : ਪਰ ਇਹ ਨੀ ਐਹੋ ਜਿਹਾ। ਇਹ ਸਭ ਸੱਚ ਦੱਸ ਦਿੰਦਾ ਐ।

ਪੰਮੀ : ਆਂਟੀ ਤੂੰ ਕਿਹੜੇ ਸੱਚ ਦੀ ਗੱਲ ਕਰਦੀ ਐ, ਜਿਹੜਾ ਤੈਨੂੰ ਨੀ ਪਤਾ ਗੁਰੀ ਦਾ, ਉਹਦੇ ਲਈਓ ਭੱਜੀ ਫਿਰਦੀ ਐਂ ਨਾ। ਜੇ ਉਹ ਤੇਰਾ ਐਨਾ ਈ ਭਲਾ ਕਰਨਾ ਚਾਹੁੰਦਾ ਤਾਂ ਪਹਿਲਾਂ ਦੋ ਹਜ਼ਾਰ ਕਹਿ ਕੇ ਹੁਣ ਦਸ ਹਜ਼ਾਰ ਦੀ ਮੰਗ ਕਿਉਂ ਕਰਦਾ? ਤੇਰੇ ਭਾਅ ਦਾ ਉਹਦੀ ਕਿਤੇ ਇੰਨੇ ਨਾਲ ਬਸ ਹੋ ਜੂ।

ਨਸੀਬ ਕੌਰ : ਲੈ ਫਿਰ ਮੈਂ ਕਿਹੜਾ ਦੇ ਤਾ।

ਪੰਮੀ : ਆਂਟੀ ਇਹ ਨਾ ਕਹਿ, ਜੇ ਉਹਨਾਂ ਨੂੰ ਗਾਹਕ ਫਸਾਉਣ ਦਾ ਪਤਾ ਐ ਤਾਂ ਪੈਸੇ ਵਟੋਰਨ ਦੇ ਢੰਗ ਤਾਂ ਪਹਿਲਾਂ ਪਤੈ। ਜੇ ਤੁਹਾਨੂੰ ਉਹਦੇ ਤੇ ਯਕੀਨ ਐ ਤਾਂ ਤੁਸੀਂ ਅੰਕਲ ਨੂੰ ਕਿਉਂ ਨੀ ਦੱਸਿਆ? ਉਹ ਕਿਹੜਾ ਚਾਹੁੰਦੇ ਨੀ ਬਈ ਗੁਰੀ ਠੀਕ ਹੋ ਜਾਵੇ। ਇਹ ਥੋਨੂੰ ਬਾਬੇ ਨੇ ਈ ਕਿਹਾ ਹੋਣੈ ਬਈ ਉਹਨਾਂ ਨੂੰ ਦੱਸੀਂ ਨਾ।

ਨਸੀਬ ਕੌਰ : ਨਾ ਤੈਨੂੰ ਇਹ ਕਿਵੇਂ ਪਤੈ?

ਪੰਮੀ : ਆਂਟੀ ਅਸੀਂ ਅੱਖਾਂ ਖੁੱਲੀਆਂ ਰੱਖਦੇ ਆਂ ਕਿ ਕੀ, ਕਿੱਥੇ ਤੇ ਕਿਉਂ ਹੋ ਰਿਹੈ।

ਨਸੀਬ ਕੌਰ : ਧੀਏ ਤੂੰ ਆਪਣੇ ਅੰਕਲ ਨੂੰ ਨਾ ਦੱਸੀਂ। ਉਹ ਤਾਂ ਮੈਨੂੰ ਫੜ੍ਹ ਕੇ ਘਰੋਂ ਕੱਢ ਦਿਉ।

ਪੰਮੀ : ਆਂਟੀ ਦੱਸਣਾ ਤਾਂ ਮੈਨੂੰ ਪੈਣਾ ਪਰ ਉਹ ਤੁਹਾਨੂੰ ਕੁਝ ਨਹੀਂ ਕਹਿਣਗੇ। ਮੈਂ ਸਮਝਾ ਦੇਵਾਂਗੀ। ਤੁਹਾਥੋਂ ਪੁੱਤ ਦੇ ਪਿਆਰ ਵਿਚ ਗਲਤੀ ਹੋ ਗਈ ਹੈ। ਗੁਰੀ ਬਾਰੇ ਤੁਸੀਂ ਕਿਸੇ ਭੈਣ ਭਾਈ ਜਾਂ ਕੌਂਸਲਰ ਨਾਲ ਗੱਲ ਕਰ ਸਕਦੇ ਹੋ ਕਿ ਉਹਦਾ ਇਲਾਜ ਕਿਵੇਂ ਕੀਤਾ ਜਾ ਸਕਦੈ। ਪਰ ਮੈਂ ਨੀ ਚਾਹੁੰਦੀ ਕਿ ਤੁਸੀਂ ਭੋਲ਼ੇਪਣ ਵਿਚ ਪੈਸੇ ਵੀ ਗੁਆ ਦਿਉਂ, ਗੁਰੀ ਤੇ ਘਰ ਪਰਿਵਾਰ ਵੀ।

ਨਸੀਬ ਕੌਰ : ਧੀਏ ਜਿਉਂਦੀ ਵਸਦੀ ਰਹੇਂ, ਜੇ ਕੋਈ ਚੰਗਾ ਰਾਹ ਦਿਖਾ ਦੇਵੇਂ।

ਪੰਮੀ : ਲਓ, ਅੰਕਲ ਜੀ ਵੀ ਆ ਗਏ। (ਅੰਕਲ ਨੂੰ ਸੰਬੋਧਤ ਹੋ ਕੇ) ਅੰਕਲ ਜੀ walk ਕਰਕੇ ਆਏ ਉਂ।

ਗੁਰਦੇਵ ਸਿੰਘ : ਹਾਂ ਬੇਟਾ।

ਪੰਮੀ : ਅੰਕਲ ਜੀ ਮੈਂ ਤੁਹਾਨੂੰ ਮਿਲਣ ਹੀ ਆਉਣਾ ਸੀ, ਆਂਟੀ ਨਾਲ ਇਹੀ ਗੱਲਾਂ ਕਰਦੀ ਸੀ। ਆ ਜਾਓ ਬਹਿ ਜਾਓ। (ਕੁਰਸੀ ਦਿੰਦੀ ਹੋਈ।)

ਗੁਰਦੇਵ ਸਿੰਘ : ਕੋਈ ਗੱਲ ਨੀ ਭਾਈ, ਦੱਸੋ?

ਪੰਮੀ : ਅੰਕਲ ਜੀ, ਆਂਟੀ ਮੇਰੇ ਕੋਲ ਆਪਣੇ ਘਰ ਦਾ ਦੁੱਖ ਸੁੱਖ ਕਰ ਲੈਂਦੀ ਐ। ਗੁਰੀ ਬਾਰੇ ਦੱਸਦੀ ਸੀ।

ਗੁਰਦੇਵ ਸਿੰਘ : ਉਹਦਾ ਭਾਈ ਕੀ ਦੱਸੀਏ? ਉਹਨੇ ਤਾਂ ਸਾਨੂੰ ਹਰਾ ਈ ਦਿੱਤਾ। (ਹਾਉਕਾ ਲੈ ਕੇ ਉੱਪਰ ਨੂੰ ਦੇਖ ਕੇ) ਉਸ ਦਾਤੇ ਦੀ ਮਰਜ਼ੀ ਆ।

ਪੰਮੀ : ਅੰਕਲ ਜੀ, ਇਹ ਦਾਤੇ ਦੀ ਨਹੀਂ ਸਗੋਂ ਅਜੇ ਤੱਕ ਤਾਂ ਗੁਰੀ ਜਾਂ ਉਸਦੀ ਮਾੜੀ ਸੰਗਤ ਦੀ ਮਰਜ਼ੀ ਹੋ ਰਹੀ ਆ। ਤਦੇ ਤਾਂ ਉਹ ਆਪਦੀ ਜ਼ਿੰਦਗੀ ਬਰਬਾਦ ਕਰ ਰਿਹੈ ਤੇ ਨਾਲ ਤੁਹਾਡੀ ਵੀ।

ਗੁਰਦੇਵ ਸਿੰਘ : ਮਰਜ਼ੀ ਤਾਂ ਇਨ੍ਹਾਂ ਦੀ ਹੋਵੇ ਜਾਂ ਦਾਤੇ ਦੀ, ਅਸੀਂ ਤਾਂ ਸਾਰਾ ਟੱਬਰ ਸੁੱਕਣੇ ਪਾਏ ਪਏ ਆਂ। ਰੂਹ ਨਹੀਂ ਕਰਦੀ ਐਹੋ ਜਿਹੀ ਜ਼ਿੰਦਗੀ ਜਿਊਣ ਨੂੰ ਬੱਚਿਆਂ ਦਾ ਹਸ਼ਰ ਦੇਖ ਕੇ।

ਨਸੀਬ ਕੌਰ : ਮੈਂ ਵੀ ਤਾਂ ਤਾਂਹੀ ਟੁੱਟੀ ਪਈ ਆਂ, ਅੱਕੀਂ ਪਲਾਹੀਂ ਹੱਥ ਮਾਰਦੀ ਫਿਰਦੀ ਆਂ।

ਪੰਮੀ : ਅੰਕਲ ਜੀ ਬੁੜੀਆਂ ਦਾ ਦਿਲ ਤਾਂ ਹੋਰ ਵੀ ਛੋਟਾ ਹੁੰਦੈ। ਆਂਟੀ ਨੇ ਪੁੱਤ ਪਿਆਰ ’ਚ ਭਿੱਜੀ ਨੇ ਐਥੇ ਕਿਸੇ ਪੁੱਛ ਪੁਵਾਉਣ ਵਾਲੇ ਪੰਡਤ ਕੋਲ ਜਾਣ ਲੱਗ ਗਈ।

ਗੁਰਦੇਵ ਸਿੰਘ : ਕਮਲ਼ੀ ਐ ਇਹ ਤਾਂ, ਬਿਨ੍ਹਾਂ ਦੱਸੇ ਪੁੱਛੇ ਈ ਤੁਰ ਪੈਂਦੀ ਐ। ਆਪਣੇ ਜੰਮੇ, ਪਾਲ਼ੇ ਦਾ ਜੀਹਦਾ ਅਸੀਂ ਭੇਤ ਨੀਂ ਪਾਇਆ। ਕੋਈ ਕੀ ਦੱਸ ਦੂ।

ਪੰਮੀ : ਥੋਨੂੰ ਪਤਾ ਈ ਆ, ਇਨ੍ਹਾਂ ਲੁਟੇਰੇ ਲੋਕਾਂ ਦਾ ਤਾਂ ਪੈਸੇ ਵਟੋਰਨ ਦਾ ਈ ਕੰਮ ਐ। ਅੰਕਲ ਜੀ ਆਂਟੀ ਤੋਂ ਗਲਤੀ ਹੋ ਗਈ ਆ ਪੈਸੇ ਦੇਣ ਦੀ। ਹੁਣ ਤੁਸੀਂ ਇਨ੍ਹਾਂ ਨੂੰ ਕੁਛ ਕਿਹੋ ਨਾ।

ਗੁਰਦੇਵ ਸਿੰਘ : ਮੈਨੂੰ ਤਾਂ ਇਹ ਸਾਰੇ ਐਹੋ ਜਿਹੇ ਹੀ ਜਮ ਚੁੰਬੜੇ ਹੋਏ ਨੇ। ਉਹਨੇ



ਘੱਟ ਕੀਤੀ ਸੀ ਜਿਹੜੀ ਹੁਣ ਤੂੰ ਚੋਰੀਆਂ ਕਰਨ ਲੱਗ ਗਈ।

ਪੰਮੀ : ਮੈਂ ਤਾਂ ਕੁਦਰਤੀ ਕੱਲ੍ਹ ਆਂਟੀ ਨੂੰ ਉੱਥੇ ਜਾਂਦੇ ਦੇਖ ਲਿਆ ਤੇ ਇਨ੍ਹਾਂ ਨੂੰ ਸਾਰੀ ਗੱਲ ਪੁੱਛ ਲਈ। ਇਹ ਤਾਂ ਉਹਨੂੰ 2 ਹਜ਼ਾਰ ਡਾਲਰ ਦੇ ਚੁੱਕੇ ਨੇ। ਹੁਣ ਉਹ ਇਨ੍ਹਾਂ ਨੂੰ ਹੋਰ ਡਰਾ ਧਮਕਾ ਕੇ ਪੈਸੇ ਲੈਣੇ ਚਾਹੁੰਦੈ ਕਿ ਨਹੀਂ ਤਾਂ ਮੈਂ ਮੁੱਠ ਖੋਲ਼ ਦੇਣੀ ਐ।

ਗੁਰਦੇਵ ਸਿੰਘ : ਮੈਂ ਹੁਣ ਕੀ ਕਰਾਂ, ਇਨ੍ਹਾਂ ਨੇ ਤਾਂ ਸਾਰੇ ਟੱਬਰ ਨੇ ਇਹੋ ਜਿਹੇ ਖੂਹ ਖਾਤਿਆਂ ’ਚ ਡਿੱਗਣੈ। ਮੈਂ ਵੀ ਹੁਣ ਇਹਦੇ ਕੀ ਗੋਲ਼ੀ ਮਾਰਾਂ।

ਪੰਮੀ : ਅੰਕਲ ਜੀ, ਇਹ ਤਾਂ ਲੁਟੇਰੇ ਨੇ ਜਿਹੜੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਉਨ੍ਹਾਂ ਨੂੰ ਲੁੱਟ ਰਹੇ ਨੇ ਆਪਾਂ ਇਨ੍ਹਾਂ ਦੀ ਸ਼ਕਾਇਤ ਕਰਾਂਗੇ ਪੁਲੀਸ ਕੋਲ। ਆਂਟੀ ਤਾਂ ਮੇਰੇ ਨਾਲ ਸਹਿਮਤ ਹੋ ਗਏ ਨੇ।

ਨਸੀਬ ਕੌਰ : ਇਹਨਾਂ ਰੁੜ ਜਾਣਿਆ ਨਪੁੱਤਿਆਂ ਨੇ ਅੱਡ ਲੋਕਾਂ ਦਾ ਖ਼ੂਨ ਚੂਸ ਲਿਐ, ਜਿਵੇਂ ਲੋਕ ਅੱਗੇ ਸੌਖੇ ਐ।

ਗੁਰਦੇਵ ਸਿੰਘ : ਇਨ੍ਹਾਂ ਨੂੰ ਤਾਂ ਨੱਥ ਪਾਉਣੀ ਹੀ ਪਵੇਗੀ। ਇਹ ਤਾਂ ਦੁਖੀਆਂ ਨੂੰ ਹੋਰ ਦੁਖੀ ਕਰ ਦਿੰਦੇ ਨੇ।

ਪੰਮੀ : ਅੰਕਲ ਜੀ ਆਪਣਿਆਂ ਦਾ ਮੁੰਡਾ ਐ, ਵਕੀਲ ਐ। ਉਹ ਬਹੁਤ ਸੋਝੀ ਰੱਖਦੈ। ਮੈਨੂੰ ਪਤੈ ਉਹ ਤੁਹਾਡੀ ਜ਼ਰੂਰ ਹੈਲਪ ਕਰੂਗਾ। ਆਂਟੀ ਤੂੰ ਹੁਣ ਘਬਰਾ ਨਾ ਸਭ ਠੀਕ ਹੋ ਜੂ। ਅੱਗੇ ਤੋਂ ਘਰ ’ਚ ਸਲਾਹ ਨਾਲ ਈ ਕੰਮ ਕਰੀਦੈ।

ਨਸੀਬ ਕੌਰ : ਧੀਏ ਜਿਉਂਦੀ ਵਸਦੀ ਰਹਿ। ਰੱਬ ਤੇਰਾ ਭਲਾ ਕਰੇ। ਜੀਹਨੇ ਸਾਡੀ ਬਾਂਹ ਫੜੀ ਐ। ਮੈਂ ਤਾਂ ਆਹ ਥੋਡੇ ਸਾਹਮਣੇ ਕੰਨਾਂ ਨੂੰ ਹੱਥ ਲਾ ਲਏ ਮੈਂ ਨਾ ਇਹ ਰਾਹ ਪੈਗੀ।

ਪੰਮੀ : ਚੰਗਾ ਆਂਟੀ ਜੀ, ਅੰਕਲ ਜੀ ਹੁਣ ਮੈਂ ਕੰਮ ਤੇ ਜਾਣੈ। ਆਉਂਦੀ ਹੋਈ ਵਕੀਲ ਨਾਲ ਗੱਲ ਕਰਕੇ ਆਊਂਗੀ ਫਿਰ ਆਪਾਂ ਪੁਲੀਸ ਕੋਲ ਸ਼ਕਾਇਤ ਕਰਾਂਗੇ।

ਗੁਰਦੇਵ ਸਿੰਘ
ਤੇ ਨਸੀਬ ਕੌਰ : ਚੰਗਾ ਧੀਏ ਸ਼ੁਕਰ ਐ, ਹੁਣ ਅਸੀਂ ਚਲਦੇ ਆ।

*(ਉਹ ਬਾਹਰ ਜਾਣ ਦੀ ਤੇ ਪੰਮੀ ਅੰਦਰ ਜਾਣ ਦੀ ਮੁਦਰਾ ਵਿਚ ਫਰੀਜ ਹੋ ਜਾਂਦੇ ਹਨ।)*

ਪਰਦਾ ਡਿੱਗਦਾ ਹੈ।

ਸਮਾਪਤ

'ਨਾ ਤੁਰਿਓ ਇਸ ਰਾਹ' ਇਕਾਂਗੀ ਸੰਗਮ ਸਿਸਟਰਜ਼ ਵਲੋਂ ਪਹਿਲੀ ਜੁਲਾਈ 2011 ਨੂੰ ਪੰਜਾਬ ਬੈਂਕੁਇਟ ਹਾਲ ਵਿਚ ਕਰਵਾਈ ਗਈ। ਇਸ ਇਕਾਂਗੀ ਦਾ ਮੰਚਨ ਕਰਨ ਵੇਲੇ ਹੇਠ ਲਿਖੇ ਕਲਾਕਾਰਾਂ ਨੇ ਹਿੱਸਾ ਲਿਆ।

ਜਸਵੀਰ ਮੰਗੂਵਾਲ
ਆਰਤੀ ਹੀਰਾ
ਪਰਮਿੰਦਰ ਸਵੈਚ

# ਲਾਲਸਾ



## ਪਾਤਰ

| | | |
|---|---|---|
| ਸੁਰਜੀਤ ਕੌਰ | — | ਅੱਧਖੜ੍ਹ ਜਨਾਨੀ |
| ਪਰਮਜੀਤ ਕੌਰ | - | ਸੁਰਜੀਤ ਦੀ ਸਹੇਲੀ |
| ਬਾਬਾ ਜੀ | - | ਪਖੰਡੀ ਬਾਬਾ |
| ਚੇਲਾ | - | ਬਾਬੇ ਦਾ ਚੇਲਾ |
| ਸੁਰਿੰਦਰ ਕੌਰ | - | 35 ਸਾਲ ਦੀ ਉਮਰ ਦੀ ਔਰਤ |
| ਮਨਜੀਤ ਕੌਰ | - | ਅੱਧਖੜ੍ਹ ਜਨਾਨੀ |
| ਬਲਵੀਰ ਕੌਰ | - | ਅੱਧਖੜ੍ਹ ਜਨਾਨੀ |
| ਹਰਬੰਸ ਕੌਰ | - | ਅੱਧਖੜ੍ਹ ਜਨਾਨੀ |

ਦੋ ਚਾਰ ਔਰਤਾਂ ਤੇ ਆਦਮੀ ਬਾਬੇ ਦੇ ਦਰਬਾਰ ਵਿਚ ਬਿਠਾਏ ਜਾ ਸਕਦੇ ਹਨ।

## ਦ੍ਰਿਸ਼ ਪਹਿਲਾ

(ਕੈਨੇਡਾ ਦੇ ਘਰ ਦਾ ਸੀਨ ਹੈ। ਲਿਵਿੰਗ ਰੂਮ ਹੈ ਜਿਸ ਵਿਚ ਸਾਰੀਆਂ ਜਰੂਰੀ ਚੀਜ਼ਾਂ ਰੱਖੀਆਂ ਜਾ ਸਕਦੀਆਂ ਹਨ, ਜਿਵੇਂ ਸੋਫਾ ਸੈੱਟ, ਕੌਫੀ ਟੇਬਲ, ਫੁੱਲਦਾਨ, ਤਸਵੀਰਾਂ ਬਗੈਰਾ ਲਾਈਆਂ ਜਾ ਸਕਦੀਆਂ ਹਨ। ਬੈੱਲ ਹੁੰਦੀ ਹੈ ਤੇ ਸੁਰਜੀਤ ਆਪਣੀ ਗੁਆਂਢਣ ਦੇ ਘਰ ਆਉਂਦੀ ਹੈ। ਪਰਮਜੀਤ ਦਰਵਾਜਾ ਖੋਲ੍ਹਦੀ ਹੈ।)

ਸੁਰਜੀਤ : ਸਤਿ ਸ੍ਰੀ ਅਕਾਲ ਭੈਣਜੀ।

ਪਰਮਜੀਤ : ਸਤਿ ਸ੍ਰੀ ਅਕਾਲ। ਕੀ ਹਾਲ ਆ। ਤੁਸੀਂ ਫ਼ੋਨ ਕੀਤਾ ਸੀ ਅੱਜ?

ਸੁਰਜੀਤ : ਨਹੀਂ ਮੈਂ ਨੀਂ ਕੀਤਾ, ਮੈਨੂੰ ਤਾਂ ਗੁਰਮੀਤ ਦਾ ਆਇਆ ਸੀ।

ਪਰਮਜੀਤ : ਕੁੜੇ ਉਹ ਕੀ ਕਹਿੰਦੀ ਸੀ?

ਸੁਰਜੀਤ : ਉਹਨੇ ਕੀ ਕਹਿਣਾ। ਬੱਸ ਦੱਸਦੀ ਸੀ ਕਿ ਉਹਨਾਂ ਦੀ ਨੇਬਰ ਗੁਰਮੇਲੋ ਦੇ ਘਰ ਇਕ ਬਾਬਾ ਜੀ ਆਏ ਨੇ।

ਪਰਮਜੀਤ : ਕਿੱਥੋਂ ਆਏ ਨੇ?

ਸੁਰਜੀਤ : ਇੰਡੀਆ ਤੋਂ, ਵਿਜ਼ਟਰ ਆਏ ਨੇ, ਕਹਿੰਦੇ ਬਹੁਤ ਜਾਣੀਜਾਣ ਨੇ।

ਪਰਮਜੀਤ : ਅੱਛਿਆ।

ਸੁਰਜੀਤ : ਉਹ ਬਹੁਤ ਜ਼ੋਰ ਪਾਉਂਦੀ ਸੀ। ਆਪਾਂ ਵੀ ਜਾ ਕੇ ਆਉਣਾ ਉਹਨਾਂ ਦੇ ਘਰ।

ਪਰਮਜੀਤ : ਦੇਖ ਲਾਂਗੇ ਕਿਸੇ ਦਿਨ। ਮੇਰਾ ਤਾਂ ਸਾਰਾ ਈ ਕੰਮ ਪਿਐ।

ਸੁਰਜੀਤ : ਮੈਂ ਤੈਨੂੰ ਇਹੀ ਕਹਿਣਾ ਸੀ ਬਈ ਅੱਜ ਵੀਰਵਾਰ ਐ।

ਪਰਮਜੀਤ : ਵੀਰਵਾਰ ਨੂੰ ਕੀ ਆ?

ਸੁਰਜੀਤ : ਬਾਬਾ ਜੀ ਵੀਰਵਾਰ ਵਾਲੇ ਦਿਨ ਹੀ ਚੌਂਕੀ ਲਾਉਂਦੇ ਨੇ, ਜੇ ਅੱਜ ਖੁੰਜ ਗੀਆਂ ਤਾਂ ਸਾਰਾ ਕੰਮ ਅਗਲੇ ਹਫ਼ਤੇ ਤੇ ਪੈ ਜਾਣਾ। ਮੈਂ ਸੋਚਿਆ ਕਿ ਵਿਚ ਦੀ ਘੰਟਾ ਕੁ ਕੱਢ ਕੇ ਹੁਣੇ ਜਾ ਆਉਂਨੇ



ਆਂ। ਨਾਲੇ ਕੋਈ ਪੁੱਛ ਪੁਆ ਆਵਾਂਗੇ।

ਪਰਮਜੀਤ : ਕਾਹਦੀ ਪੁੱਛ ਪੁਵਾਉਣੀ ਆ। ਸਾਡੇ ਤਾਂ ਘਰਦੇ ਐਹੋ ਜਿਹੀਆਂ ਗੱਲਾਂ ਨੂੰ ਨਹੀਂ ਮੰਨਦੇ।

ਸੁਰਜੀਤ : ਨਾ ਮੰਨਣ ਨੂੰ ਕੀ ਆ, ਆਪੇ ਮੰਨ ਜਾਂਦੇ ਨੇ ਜਦ ਘਰ ਤੇ ਖੁਸ਼ਹਾਲੀ ਆਈ ਦੀਂਹਦੀ ਆ।

ਪਰਮਜੀਤ : ਮੇਰੇ ਕੋਲੋਂ ਤਾਂ ਬੈਂਕ ਵੀ ਨਹੀਂ ਜਾ ਹੋਇਆ। ਪੈਸੇ ਵੀ ਤਾਂ ਚਾਹੀਦੇ ਨੇ।

ਸੁਰਜੀਤ : ਪੈਸੇ ਤਾਂ ਆਵਦੀ ਮਰਜ਼ੀ ਆ, ਉਹ ਕੁਛ ਨੀਂ ਲੈਂਦੇ। ਤੂੰ ਮੈਥੋਂ ਉਧਾਰੇ ਲੈ ਲਈਂ। ਮੈਨੂੰ ਤੇਰੇ ਕੋਲ ਜਦੋਂ ਹੋਏ, ਉਦੋਂ ਦੇ ਦਈਂ।

ਪਰਮਜੀਤ : ਉਹ ਤਾਂ ਠੀਕ ਆ। ਜੋਤੀ ਦੇ ਡੈਡੀ ਵੀ ਆਉਣ ਵਾਲੇ ਈ ਨੇ, ਕਹਿਣਗੇ ਪਤਾ ਨਹੀਂ ਕਿੱਧਰ ਨੂੰ ਚਲੀ ਗਈ। ਨਾਲੇ ਮੈਂ ਸੋਚਦੀ ਸੀ ਕਿ ਬਾਬਾ ਜੀ ਤਾਂ ਐਥੇ ਈ ਹੋਣਗੇ ਆਪਾਂ ਫਿਰ ਕਿਸੇ ਦਿਨ ਜਾ ਆਵਾਂਗੇ।

ਸੁਰਜੀਤ : ਫੇਰ ਨੂੰ ਕੀਆ। ਚੱਲ ਚੱਲ, ਊਂ ਤਾਂ ਮੇਰੇ ਕੋਲ ਜੁਆਕਾਂ ਦੀਆਂ ਸ਼ਿਕਾਇਤਾਂ ਕਰਦੀ ਰਹਿੰਦੀ ਏ।

ਪਰਮਜੀਤ : ਸ਼ਿਕਾਇਤਾਂ ਤਾਂ ਤੁਸੀਂ ਜਾਣਦੇ ਈਂ ਊਂ ਭੈਣ ਜੀ ਇਥੋਂ ਦੇ ਜੁਆਕਾਂ ਨੂੰ।

ਸੁਰਜੀਤ : ਬਾਬਾ ਜੀ ਤਾਂ ਐਥੇ ਥੋੜ੍ਹੇ ਦਿਨਾਂ ਲਈ ਓ ਨੇ। ਉਹਨਾਂ ਨੇ ਤਾਂ ਫਿਰ ਕੈਲਗਰੀ, ਐਡਮਿੰਟਨ, ਟਰਾਂਟੋਂ ਸਾਰੇ ਕਿਤੇ ਜਾਣੈ।

ਪਰਮਜੀਤ : ਚੰਗਾ ਫੇਰ ਜੇ ਤੁਸੀਂ ਬਾਹਲਾ ਕਹਿੰਨੇ ਓਂ, ਤਾਂ ਜਾ ਆਉਂਨੇ ਆ, ਉੱਦਾਂ ਮੇਰੀ ਸੁਤਾ ਘਰ ਹੀ ਰਹਿਣੀ ਆ। ਜੇ ਵਿਹਲੇ ਟਾਈਮ ਜਾਂਦੇ ਤਾਂ ਨਿਸ਼ਚਿੰਤ ਰਹਿਣਾ ਸੀ।

ਸੁਰਜੀਤ : (ਖੁਸ਼ ਹੋ ਕੇ) ਕੋਈ ਨਾ ਕੋਈ ਨਾ, ਆਪਾਂ ਤਾਂ ਜਾਣ ਆਉਣ ਈ ਕਰਨੈ।

## ਦ੍ਰਿਸ਼ ਦੂਜਾ

*(ਗੁਰਨਾਮ ਸਿੰਘ ਦੇ ਘਰ ਦਾ ਇਕ ਕਮਰਾ ਹੈ, ਉਸ ਵਿਚ ਬਾਬਾ ਜੀ ਦੀ ਚੌਂਕੀ ਪਈ ਹੈ, ਕੋਲ ਕਰਮੰਡਲ, ਚੌਰ ਅਤੇ ਕੁਝ ਹੋਰ ਚੀਜ਼ਾਂ ਰੱਖੀਆਂ ਹੋਈਆਂ ਹਨ, ਚੇਲਾ ਉਹਨਾਂ ਦੀ ਸਾਫ਼ ਸਫ਼ਾਈ ਕਰ ਰਿਹਾ ਹੈ ਤੇ ਪਾਣੀ ਦਾ ਛਿੱਟਾ ਦੇ ਕੇ ਸ਼ੁੱਧ ਕਰ ਰਿਹਾ ਹੈ। ਬਾਬਾ ਜੀ ਆ ਰਹੇ ਹਨ। ਉਹਨਾਂ ਦੇ ਵਸਤਰ ਸਾਰੀ ਕਿਸਮ ਦੇ*

*ਬਾਬਿਆਂ ਨੂੰ ਰਲ਼ਾ ਮਿਲ਼ਾ ਕੇ ਪਾਉਣੇ ਹਨ ਤਾਂ ਕਿ ਉਹ ਸਾਰੇ ਪਖੰਡੀ ਬਾਬਿਆਂ ਦੀ ਨੁਮਾਇੰਦਗੀ ਕਰਦਾ ਹੋਵੇ। ਬਾਬਾ ਸਾਰੇ ਪ੍ਰਬੰਧ ਨੂੰ ਨੀਝ ਨਾਲ ਦੇਖਦਾ ਹੋਇਆ ਚੇਲੇ ਨੂੰ ਕਹਿੰਦਾ ਹੈ।)*

ਬਾਬਾ : ਹਰੀਸ਼ਰਨ ਕਿਵੇਂ ਲੱਗਦੈ ? ਅੱਜ ਕੋਈ ਆਊ। ਹੋਈ ਤੇਰੀ ਗੁਰਨਾਮ ਨਾਲ ਗੱਲ। ਕੁਛ ਦੱਸਦਾ ਹੋਊ। ਮੈਂ ਤਾਂ ਅੰਦਰ ਬਿਜੀ ਰਿਹਾ ਇੱਕਾ ਦੁੱਕਾ ਨਾਲ।

ਚੇਲਾ : ਬਾਬਾ ਜੀ ਅੱਜ ਤਾਂ ਕਮਰਕਸੇ ਕਸ ਲਓ। ਅੱਜ ਤਾਂ ਦਿਹਾੜੀ ਵਧੀਆ ਲੱਗੂ।

ਬਾਬਾ : ਗੁਰਨਾਮ ਨੇ ਐਹੋ ਜਿਹਾ ਕੀ ਜੁਗਾੜ ਬਣਾ ਦਿੱਤਾ, ਜੀਹਦੇ ਨਾਲ ਤੂੰ ਟਹਿਕਣ ਲੱਗ ਗਿਆ।

ਚੇਲਾ : ਗੁਰਨਾਮ ਸਿਉਂ ਨੇ ਕਿੰਨੇ ਈ ਅਖ਼ਬਾਰਾਂ 'ਚ ਐਡ ਕੀਤੀ ਐ। ਐਨਿਆਂ ਵਿਚੋਂ 10-15 ਗਾਹਕ ਆਉਣ, ਵਥੇਰੇ ਨੇ।

ਬਾਬਾ : ਬੱਸ ਐਨੇ ਵਥੇਰੇ ਨੇ।

ਚੇਲਾ : ਨਹੀਂ ਨਹੀਂ ਘਬਰਾਓ ਨਾ ਬਾਬਾ ਜੀ ਐਨੇ ਤਾਂ ਮੈਂ ਇਕ ਦਿਨ ਦਾ ਅੰਦਾਜ਼ਾ ਲਾਉਂਨਾ। ਨਾਲੇ ਬੀਬੀ ਜੀ ਤਾਂ ਕੱਲ ਫੋਨਾਂ ਤੇ ਆਵਦੀਆਂ ਸਾਰੀਆਂ ਫਰੈਂਡਾਂ ਨੂੰ ਆਪਣੇ ਆਉਣ ਬਾਰੇ ਦੱਸ ਦੀ ਰਹੀ ਆ। ਹੁਣ ਤੁਸੀਂ ਆਵਦਾ ਮਾਵਾ ਛਕ ਕੇ ਬੈਠਿਓ ਤਸੱਲੀ ਨਾਲ।
(ਜੇਬ ਵਿਚੋਂ ਅਫ਼ੀਮ ਕੱਢ ਕੇ ਫੜਾਉਂਦਾ ਹੈ।)

ਬਾਬਾ : ਇਹ ਕਾਲ਼ੀ ਨਾਗਣੀ ਓਂ ਆ, ਆਪਣਾ ਪੂਰਾ ਸਾਥ ਦਿੰਦੀ ਆ। ਇਹ ਨਾਲ ਹੋਵੇ ਤਾਂ ਆਪਣੇ ਵਾਰੇ ਨਿਆਰੇ ਨੇ।

ਚੇਲਾ : ਮੈਂ ਤਾਂ ਉਹਨਾਂ ਨੂੰ ਅੱਜ ਦੀ ਵੀਰਵਾਰ ਦੀ ਚੌਂਕੀ ਵਾਰੇ ਵੀ ਕਹੀਓ ਜਾਨਾ।

ਬਾਬਾ : ਫੇਰ ਤਾਂ ਠੀਕ ਆ। ਉਹਨਾਂ ਨੂੰ ਕਹਿ ਦੇਣਾ ਸੀ ਕਿ ਆਪਾਂ ਇਕ ਵੀਰਵਾਰ ਦੀ ਨੀਂ, ਆਪਾਂ ਤਾਂ ਸਾਰੇ ਵਾਰਾਂ ਦੀਆਂ ਚੌਕੀਆਂ ਲਾ ਦਿਆ ਕਰਾਂਗੇ। ਆਪਾਂ ਤਾਂ ਐਥੇ ਥੋੜ੍ਹੇ ਦਿਨ ਈ ਆ।

ਚੇਲਾ : ਥੋੜ੍ਹੇ ਦਿਨ ਕਿਉਂ ? ਗੁਰਨਾਮ ਸਿਉਂ ਨੂੰ ਕਹੋ ਕਿ ਵੀਜ਼ਾ ਵਧਾਉਣੈ।

ਬਾਬਾ : ਗੱਲ ਤਾਂ ਤੇਰੀ ਠੀਕ ਆ, ਜਦ ਆਏ ਈਆਂ ਚੱਜ ਨਾਲ ਝੋਲ਼ੀਆਂ ਤਾਂ ਭਰ ਕੇ ਈ ਲੈ ਕੇ ਚੱਲੀਏ। ਪਰ ਜੇ ਨਾ ਵਧਾਇਆ।

ਚੇਲਾ : ਲੈ ਵਧਾਇਆ ਕਿਉਂ ਨਾ ? ਆਪਾਂ ਕਿਤੇ ਆਮ ਲੋਕ ਆਂ, ਬਈ



ਐਂਵੇ ਉਲ਼ਝੇ ਰਹਾਂਗੇ। ਮਹਾਰਾਜ ਤੁਸੀਂ ਤਾਂ ਇਕ ਟੱਲੀ ਖੜ੍ਹਕਾਉਣੀ ਆ। ਸਭ ਕੁਝ ਫਿੱਟ।

ਬਾਬਾ : ਉਹ ਤਾਂ ਠੀਕ ਐ। ਪਰ ਬਹੁਤਾ ਲਾਲਚ ਵੀ ਮਾੜਾ ਈ ਹੁੰਦੈ। ਉਹ ਛੇਆਂ ਮਹੀਨਿਆਂ ਨੂੰ ਫੇਰ ਸਹੀ।

ਚੇਲਾ : ਗੱਲ ਇਹ ਵੀ ਠੀਕ ਐ। ਨਾਲੇ ਚਾਰ ਮਹੀਨੇ ਇੰਡੀਆ ਹਵਾ ਕਰ ਆਵਾਂਗੇ। ਹੁਣ ਤੁਸੀਂ ਦੇਖਿਓ, ਆਪਾਂ ਚੱਕ ਦਿਆਂਗੇ ਫੱਟੇ।

ਬਾਬਾ : ਉਹ ਸੱਚ, ਇੰਡੀਆ ਫ਼ੋਨ ਕੀਤਾ ਕਿ ਨਹੀਂ।

ਚੇਲਾ : ਕੀਤਾ ਸੀ, ਸਭ ਠੀਕ ਠਾਕ ਨੇ।

ਬਾਬਾ : ਉਹ ਠੀਕ ਨੂੰ ਮਾਰ ਗੋਲੀ, ਮੈਂ ਤਾਂ ਇਹ ਕਹਿੰਨੈ ਕਿ ਕੋਠੀ ਦਾ ਕੰਮ ਚਲਦਾ ਰੱਖਣ। ਨਾਲੇ ਸੀਤੇ ਨੂੰ ਕਹੀਂ ਕਿ ਜੇ ਆਪਣੇ ਗੇੜ 'ਚ ਜ਼ਮੀਨ ਦਾ 'ਕੱਠਾ ਟੱਕ ਮਿਲਦਾ ਹੋਵੇ ਤਾਂ ਸਾਈ ਦੇ ਰੱਖੇ। ਹੁਣ ਹੱਥੋਂ ਨੀਂ ਜਾਣ ਦੇਣਾ। (ਮੁੱਛਾ ਨੂੰ ਵੱਟ ਦਿੰਦਾ ਹੋਇਆ।) ਹੁਣ ਐਂਵੇ ਕਿਵੇਂ ਨੀਂ, ਆਪਾਂ ਵੀ ਕੈਨੇਡਾ ਆਏ ਹੋਏ ਆਂ।

ਚੇਲਾ : ਬਾਬਾ ਜੀ ਅਜੇ ਤਾਂ———

ਬਾਬਾ : (ਗੱਲ ਕੱਟਦਾ ਹੋਇਆ) ਹੁਣ ਕੁਛ ਨਾ ਸੋਚ। ਪਹਿਲਾਂ ਤਾਂ ਮੈਂ ਵੀ ਇਹ ਸੋਚਦਾ ਸੀ ਕਿ ਕੈਨੇਡਾ ਆਕੇ ਲੋਕ ਕੁਝ ਸਿਆਣੇ ਹੋ ਗਏ ਹੋਣੇ ਆਂ ਇਸ ਪੱਖੋਂ, ਪਰ ਇੱਥੇ ਤਾਂ——

ਚੇਲਾ : ਉਹ ਕਿਵੇਂ ?

ਬਾਬਾ : ਇੱਥੇ ਤਾਂ ਇਕ ਅਖ਼ਬਾਰ ਈ ਦੇਖ ਲਓ। 20-20 ਐਡਾਂ ਲੱਭ ਜਾਣਗੀਆਂ। ਜੇ ਭਾਈ ਇਨਕਮ ਚੰਗੀਆ ਤਾਂ ਹੀ ਤਾਂ—— (ਗੁੱਝੀ ਹਾਸੀ ਹੱਸਦਾ ਹੋਇਆ) ਅਸੀਂ ਕਿਤੇ ਮਾਤੜਾਂ ਨੇ ਆਪਣੀਆਂ ਜੇਬਾਂ ਚੋਂ ਪੈਸੇ ਖ਼ਰਚ ਕਰਨੇ ਨੇ। (ਬਾਬਾ ਜੇਬ 'ਚ ਹੱਥ ਪਾ ਕੇ ਪੈਸੇ ਕੱਢਣ ਦਾ ਐਕਸ਼ਨ ਕਰਦਾ ਹੈ।)

ਚੇਲਾ : ਬਾਬਾ ਜੀ ਕਈ ਤਾਂ ਜੋਤਸ਼ੀ ਜੁਤਸ਼ੀ ਜਿਹੇ ਹੀ ਨੇ।

ਬਾਬਾ : ਓ ਹੈ ਤਾਂ ਆਪਣੀ ਕੈਟਾਗਰੀ ਦੇ ਹੀ। ਦਿਮਾਗ ਤੋਂ ਕੰਮ ਲੈਣ ਵਾਲੇ।

ਚੇਲਾ : ਨਾ ਤੁਹਾਡੇ ਕਹਿਣ ਦਾ ਮਤਲਬ ਬਾਕੀ ਦੁਨੀਆਂ ਦਿਮਾਗ ਈ ਨੀ ਵਰਤਦੀ।

ਬਾਬਾ : ਵਰਤਦੀ, ਵਰਤਦੀ ਕਿਉਂ ਨੀਂ, ਵਰਤਦੀ ਆ ਜਿੱਥੇ ਚੰਮ ਕਟਾਉਣਾ ਹੋਵੇ। ਜਿਹੜੇ ਸਾਡੀ ਸ਼ਰਨ ਆਉਂਦੇ ਆ। ਉਹ ਤਾਂ

ਭੇਡਾਂ ਨੇ ਭੇਡਾਂ, ਜੋ ਮੈਂ ਮੈਂ ਕਰਦੀਆਂ ਇੱਕੋ ਪਾਸੇ ਆ ਜਾਂਦੀਆਂ ਨੇ। ਤੂੰ ਅੱਜ ਥੋੜਾ ਚੁਸਤ ਹੋ ਕੇ ਰਹੀਂ। ਖਿਆਲ ਰੱਖੀਦੈ ਸਭ ਪਾਸੇ, (ਕੋਲ ਨੂੰ ਹੋ ਕੇ) ਫਿਰ ਵੀ ਬਿਗਾਨੇ ਦੇਸ਼ 'ਚ ਆਂ।

ਚੇਲਾ : ਆਪਾਂ ਨੂੰ ਆਪਣੇ ਸ਼ਰਧਾਲੂਆਂ ਦੇ ਸਿਰ ਤੇ ਕਾਹਦਾ ਡਰ।

ਬਾਬਾ : ਡਰ ਡੁਰ ਤਾਂ ਹੋਰ ਕੋਈ ਨੀਂ, ਸੁਣਿਐ ਤਰਕਸ਼ੀਲ ਇੱਥੇ ਵੀ ਨੇ।

ਚੇਲਾ : ਅੱਛਿਆ (ਹੈਰਾਨ ਹੋ ਕੇ) ਸਤਿ ਬਚਨ ਬਾਬਾ ਜੀ (ਹੱਸਦੇ ਹਨ, ਇੰਨੇ ਨੂੰ ਬੈੱਲ ਹੁੰਦੀ ਹੈ।) ਹੋਗੀ ਬੈੱਲ, ਆ ਗਿਆ ਕੋਈ। ਚੇਲਾ ਭੱਜ ਕੇ ਪੱਖੀ ਚੱਕਦਾ ਹੈ ਤੇ ਬਾਬਾ ਜੀ ਨੂੰ ਝੱਲਣ ਲੱਗਦਾ ਹੈ। ਕਾਫੀ ਜ਼ਨਾਨੀਆਂ ਆਉਂਦੀਆਂ ਹਨ। ਮੱਥਾ ਟੇਕ ਟੇਕ ਬੈਠੀ ਜਾਂਦੀਆਂ ਹਨ। ਚੇਲਾ ਉਹਨਾਂ ਵੱਲ ਕੁਨੱਖੀ ਨਜ਼ਰ ਨਾਲ ਦੇਖਦਾ ਹੈ। ਕਦੇ ਪੱਖਾ ਬੀਬੀਆਂ ਨੂੰ ਝੱਲਣ ਲੱਗ ਜਾਂਦਾ ਹੈ।)

ਚੇਲਾ : ਬਾਬਾ ਜੀ ਸਮਾਧੀ ਖੋਲ੍ਹੋ। ਬੀਬੀਆਂ ਆਈਆਂ ਨੇ, ਇਹਨਾਂ ਦੇ ਦੁੱਖ ਨਵਿਰਤ ਕਰੋ।

ਬਾਬਾ : ਵਾਹਿਗੁਰੂ ਵਾਹਿਗੁਰੂ, ਸਤਿਨਾਮ ਵਾਹਿਗੁਰੂ, ਅਉ ਲੱਖ ਨਿਰੰਜਣ, ਸਤਿ ਕਰਤਾਰ, ਹਰੀ ਓਮ ਹਰੀ ਓਮ ਸਭ ਦਾ ਭਲਾ ਕਰੀਂ ਸੱਚੇ ਪਾਤਸ਼ਾਹ।
(ਕਹਿੰਦਾ ਹੋਇਆ ਅੱਖਾਂ ਖੋਲ੍ਹਦਾ ਹੈ।)

ਚੇਲਾ : (ਬੀਬੀਆਂ ਨੂੰ) ਬੀਬੀ ਜੀ ਪੁੱਛੋ, ਕੀ ਪੁੱਛਣਾ ਚਾਹੁੰਦੇ ਹੋ ?

ਮਨਜੀਤ : ਬਾਬਾ ਜੀ ਤਾਂ ਜਾਣੀਜਾਣ ਨੇ। ਇਹਨਾਂ ਤੋਂ ਕੀ ਭੁੱਲਿਆ ਹੋਇਆ।

ਅਵਾਜ਼ : ਇਹ ਮਰਦਮਸ਼ਮਾਰੀ ਦਾ ਅਫ਼ਸਰ ਰਿਹੈ ਜਿਹੜਾ ਇਹਨੂੰ ਸਭ ਪਤਾ ਹੋਊ।

ਚੇਲਾ : ਬੀਬੀ ਹੱਥ ਅੱਗੇ ਕਰੋ।

ਮਨਜੀਤ : ਬਾਬਾ ਜੀ ਘਰ ਵਿਚ ਕਲੇਸ਼ ਰਹਿੰਦੈ।

ਬਾਬਾ : ਬੱਸ ਬੱਸ ਬੱਸ, ਮੈਂ ਸਭ ਕੁਛ ਪੜ੍ਹ ਰਹਾਂ ਹੂੰ। ਧੀਰੇ ਧੀਰੇ , ਮੈਂ ਸਭੀ ਕੁਛ ਪੜ੍ਹ ਰਹਾਂ ਹੂੰ। ਆਪਕਾ ਪਤੀ ਸ਼ਰਾਬ ਪੀਤਾ ਹੈ, ਉਸੀ ਸੇ ਕਲੇਸ਼ ਬੜਤਾ ਹੈ।

ਮਨਜੀਤ : ਹਾਂ ਜੀ ਬਾਬਾ ਜੀ।

ਬਾਬਾ : ਮੇਰੇ ਕੋ ਤੋ ਔਰ ਵੀ ਬਹੁਤ ਕੁਛ ਦਿਖਾਈ ਪੜਤਾ ਹੈ ਕਿ ਆਪਕਾ ਪਤੀ ਕਾਮ ਬਹੁਤ ਕਰਤਾ ਹੈ, ਪੈਸਾ ਆਤਾ ਬਹੁਤ ਹੈ ਪਰ ਬਨਤਾ ਕੁਛ ਨਹੀਂ।



ਅਵਾਜ਼ : ਜਦੋਂ ਥੋਡੇ ਵਰਗੀਆਂ ਗਿਲਝਾਂ ਝਪੁੱਟ ਮਾਰਨ ਨੂੰ ਬੈਠੀਆਂ ਨੇ ਉਹ ਕਿਸੇ ਦਾ ਕੀ ਬਣਨ ਦੇ ਦੇਣਗੀਆਂ।

ਮਨਜੀਤ : ਇਹ ਤਾਂ ਬਾਬਾ ਜੀ ਤੁਸੀਂ ਜਮਾਂ ਈ ਸੋਲ੍ਹਾਂ ਆਨੇ ਸੱਚ ਗੱਲ ਦੱਸੀ ਆ। ਕੰਮ ਤਾਂ ਬਹੁਤਾ ਈ ਕਰਦੈ ਪਰ ਬਣਦਾ ਫੇਰ ਵੀ ਕੁਸ਼ ਨੀਂ।

ਬਾਬਾ : ਧੀਰਜ ਰੱਖ ਬੀਬਾ ਧੀਰਜ, ਅਬ ਹਮ ਆ ਗਏ ਹੈਂ ਆਪਕੇ ਸਿਰ ਪਰ ਹਾਥ ਰੱਖਨੇ ਕੇ ਲੀਏ।

ਮਨਜੀਤ : ਬਾਬਾ ਜੀ ਸਾਡੇ ਘਰ ਦਾ ਤਾਂ ਬੁਰਾ ਹਾਲ ਹੋਇਆ ਪਿਐ। ਕੋਈ ਉਪਾਅ ਦੱਸੋ।

ਬਾਬਾ : ਸਭੀ ਕੁਛ ਠੀਕ ਹੋ ਜਾਏਗਾ, (ਜੇਬ ਵਿਚੋਂ ਇਕ ਛੋਟਾ ਜਿਹਾ ਪੇਪਰ ਤੇ ਪੈੱਨ ਕੱਢਦਾ ਹੈ ਉਸਤੇ ਕੁਝ ਲਿਖ ਕੇ ਦਿੰਦਾ ਹੈ।) ਮੈਂ ਆਪਕੋ ਯੇਹ ਤਵੀਤ ਲ਼ਿਖ ਕਰ ਦੇਤਾ ਹੂੰ, ਯੇ ਆਪਨੇ ਘਰ ਕੀ ਦੇਹਲੀਆਂ ਕੇ ਨੀਚੇ ਦਬਾ ਦੇਨਾ ਹੈ।

ਚੇਲਾ : ਬੀਬੀ ਜੀ ਫ਼ਿਕਰ ਨਾ ਕਰੋ, ਸਭ ਕੁਛ ਠੀਕ ਹੋ ਜਾਏਗਾ। ਯਕੀਨ ਕਰੋ ਮਹਾਂਪੁਰਸ਼ਾਂ ਤੇ, ਤੁਹਾਡੀ ਸ਼ਰਧਾ ਹੋਣੀ ਚਾਹੀਦੀ ਹੈ।

ਮਨਜੀਤ : (ਜੇਬ ਵਿਚੋਂ ਪੰਜਾਹ ਡਾਲਰ ਦਾ ਨੋਟ ਕੱਢਦੀ ਹੈ ਤੇ ਬਾਬਾ ਜੀ ਨੂੰ ਮੱਥਾ ਟੇਕਣ ਲੱਗਦੀ ਹੈ।) ਬਾਬਾ ਜੀ ਅੱਜ ਤਾਂ ਮੇਰੇ ਕੋਲ ਐਨੇ ਈ ਸੀ। ਮੇਰੇ ਸਿਰ ਰਿਹਾ ਉਧਾਰ ਆਉਂਦੀ ਜਾਂਦੀ ਬਾਕੀ ਗੁਰਮੇਲੋ ਨੂੰ ਫੜਾ ਜੂੰ।
(ਬਾਬਾ ਡਾਲਰਾਂ ਨੂੰ ਪਰੇ ਧੱਕ ਰਿਹਾ ਹੈ, ਜਿਵੇਂ ਹੱਥ ਨਾ ਲਗਾ ਰਿਹਾ ਹੋਵੇ।)

ਚੇਲਾ : ਬੀਬੀ ਜੀ, ਬਾਬਾ ਜੀ ਮਾਇਆ ਨੂੰ ਹੱਥ ਨਹੀਂ ਲਾਉਂਦੇ। ਇਹ ਸੇਵਾ ਮੈਨੂੰ ਦਿਓ। (ਆਪ ਅੱਗੇ ਹੋ ਕੇ ਪੈਸੇ ਫੜ੍ਹਦਾ ਹੈ।)

ਮਨਜੀਤ : ਧੰਨ ਭਾਗ ਬਾਬਾ ਜੀ ਮੇਰੇ ਧੰਨਭਾਗ ਜਿਹੜੇ ਤੁਹਾਡੇ ਦਰਸ਼ਨ ਹੋ ਗਏ। (ਮੱਥਾ ਟੇਕ ਕੇ ਚਲੀ ਜਾਂਦੀ ਹੈ।)

ਚੇਲਾ : ਬੀਬੀ ਜੀ ਤੁਸੀਂ ਆ ਜਾਓ ਅੱਗੇ ਪਹਿਲਾਂ ਮੈਨੂੰ ਤੁਸੀਂ ਕਾਹਲ਼ੀ 'ਚ ਲੱਗਦੇ ਓਂ।

ਬਲਵੀਰ : ਬਾਬਾ ਜੀ ਤਾਂ ਬਾਬਾ ਜੀ ਆਹ ਤਾਂ ਚੇਲੇ ਵੀ ਜਾਣੀਜਾਣ ਨੇ, ਮੈਨੂੰ ਤਾਂ ਸੱਚੀਂ ਕਾਹਲੀ ਆ ਬਾਬਾ ਜੀ, ਮੈਂ ਤਾਂ ਕੰਮ ਤੇ ਲੱਗਣੈ। (ਹੱਥ ਅੱਗੇ ਕਰਦੀ ਹੈ।)

ਬਾਬਾ : ਬੀਬਾ ਇਤਮੀਨਾਨ ਸੇ ਬੈਠੋ, ਇਤਨੀ ਬੇਚੈਨੀ ਕਿਉਂ ਹੈ ?

ਬਲਵੀਰ : ਕੀ ਕਰਾਂ ਬਾਬਾ ਜੀ, ਮੈਂ ਤਾਂ ਭੋਰਾ ਭੋਰਾ ਪਿੰਜੀ ਪਈ ਆਂ। (ਰੋਣ ਲੱਗਦੀ ਹੈ।)

ਬਾਬਾ : ਬੀਬਾ ਰੋ ਮੱਤ, ਅਬ ਫ਼ਿਕਰ ਮੱਤ ਕਰੋ। ਹਮ ਆਪ ਕੇ ਬਾਰੇ ਸੋਚ ਰਹੇ ਹੈਂ।

ਬਲਵੀਰ : ਬਾਬਾ ਜੀ ਮੈਂ ਤਾਂ ਆਪਣੇ ਮੁੰਡੇ ਵਲੋਂ ਬਹੁਤੀ ਤੰਗ ਆਂ।

ਬਾਬਾ ਜੀ : ਕਿਆ ਹੂਆ।

ਬਲਵੀਰ : ਬਾਬਾ ਜੀ ਤੁਸੀਂ ਤਾਂ ਜਾਣੀਜਾਣ ਓਂ, ਉਹ ਤਾਂ ਡਰੱਗ 'ਚ ਪੈ ਗਿਆ। ਮੈਨੂੰ ਦੱਸੋ ਉਹ ਮੁੜ ਕੇ ਕਿਵੇਂ ਆਊਗਾ।

ਬਾਬਾ : ਉਸਕੇ ਜੋ ਗ੍ਰਹਿ ਹੈਂ ਵੋ ਬਿੱਖਰੇ ਪੜੇਂ ਹੈ, ਮੁਝੇ ਇਕੱਠੇ ਕਰਨੇ ਪੜੇਂਗੇ। ਇਸ ਪੇ ਜਿਆਦਾ ਸਮਾਂ ਲੱਗੇਗਾ।

ਬਲਵੀਰ : ਕੁਸ਼ ਕਰੋ ਬਾਬਾ ਜੀ, ਮੈਨੂੰ ਪੈਸਿਆਂ ਦੀ ਪ੍ਰਵਾਹ ਨੀਂ ਜਿੰਨੇ ਲੱਗਣਗੇ ਮੈਂ ਦਿਊਂ, ਸਾਰੀ ਦਿਹਾੜੀ ਕੰਮ ਕਰੀਦਾ, ਇਹਨਾਂ ਜੁਆਕਾਂ ਪਿੱਛੇ ਹੀ।

ਬਾਬਾ : ਮੈਂ ਉਸਕੇ ਨਕਛੱਤਰ ਦੇਖ ਰਹਾਂ ਹੂੰ, ਵੋ ਤੋ ਬਹੁਤ ਚਮਕ ਰਹੇਂ ਹੈਂ।

ਬਲਵੀਰ : ਸੱਚੀਂ ਬਾਬਾ ਜੀ, ਮੇਰਾ ਮੁੰਡਾ ਘਰ ਮੁੜ ਆਊ।

ਬਾਬਾ : ਮੁੜੇਗਾ, ਗਰ ਜ਼ਰੂਰ ਮੁੜੇਗਾ, ਹਮ ਉਸਕੋ ਮਜ਼ਬੂਰ ਕਰ ਦੇਂਗੇ। ਯੇ ਤੋ ਬਹੁਤ ਕਾਮ ਕਾ ਲੜਕਾ ਹੈ। ਮੁਜੇ ਉਸਕਾ ਫ਼ੋਨ ਦੇ ਕਰ ਜਾਨਾ।

ਅਵਾਜ਼ : ਆਹੋ ਇਹ ਉਹਦੇ ਨਾਲ ਸਿੱਧੀ ਡੀਲ ਬਣਾ ਲੈਣਗੇ ਕਿਉਂਕਿ ਇਹਨਾਂ ਕੋਲ ਹੋਰ ਗਾਹਕ ਵਥੇਰੇ। ਕੀ ਪਤਾ ਚੋਲੇ 'ਚ ਪਾਕੇ ਅਗਲੀ ਸ਼ਿੱਪਮਿੰਟ ਲੈ ਆਉਣ।

ਬਲਵੀਰ : ਲਓ ਬਾਬਾ ਜੀ ਲਓ, (ਸੌ ਡਾਲਰ ਦਾ ਮੱਥਾ ਟੇਕ ਦੀ ਹੈ।) ਫੇਰ ਬਾਬਾ ਜੀ ਕਦੋਂ ਆਵਾਂ।

ਬਾਬਾ : ਕੱਲ੍ਹ ਆ ਜਾਨਾ ਹਮ ਆਪਕਾ ਬੰਦੋਬਸਤ ਕਰਕੇ ਰੱਖੇਂਗੇ।

ਚੇਲਾ : ਬੀਬੀ ਜੀ ਹੁਣ ਤੁਸੀਂ ਅੱਗੇ ਆਓ। ਜਲਦੀ ਜਲਦੀ ਪੁੱਛੋ, ਬਾਬਾ ਜੀ ਦੀ ਅੰਪਾਇੰਟਮੈਂਟ ਹੈ ਇੰਨਾ ਨੇ ਜਲਦੀ ਜਾਣਾ ਹੈ।

ਸੁਰਿੰਦਰ : ਬਾਬਾ ਜੀ ਮੈਂ ਤਾਂ ਬਾਹਲੀ ਦੁੱਖੀ ਆਂ। ਘਰ ਦੇ ਸਾਰੀ ਦਿਹਾੜੀ ਤਾਨੇ ਮਿਹਣੇ ਦਿੰਦੇ ਨੇ।

ਬਾਬਾ : ਕਿਆ ਬਾਤ ਹੈ ?

ਸੁਰਿੰਦਰ : ਬਾਬਾ ਜੀ ਤਿੰਨ ਕੁੜੀਆਂ ਹੋ ਗਈਆਂ ਮੁੰਡੇ ਦੀ 'ਡੀਕ 'ਚ।



ਹੁਣ ਕੀ ਕਰਾਂ ?

ਬਾਬਾ : ਆਪ ਕੋ ਮੁੰਡਾ ਚਾਹੀਏ———

ਅਵਾਜ਼ : ਆਹੋ ਇਹਨੇ ਤਾਂ ਮੁੰਡਿਆਂ ਦੀ ਦੁਕਾਨ ਲਾਈ ਹੋਈਆ ਜਿਹੜੇ ਥੋਕ 'ਚ ਵੇਚਣੇ ਨੇ, ਥੋਡੇ ਕਹਿ ਕੇ।

ਸੁਰਿੰਦਰ : ਹਾਂ ਜੀ ਹਾਂ ਬਾਬਾ ਜੀ ਮੈਂ ਤਾਂ ਬਹੁਤੀ ਓ ਮਿੰਨਤ ਕਰਦੀ ਆ ਤੁਸੀਂ ਕੁਛ ਕਰੋ, ਮੈਂ ਤਾਂ ਥੋਡੇ ਚਰਨ ਧੋ ਧੋ ਪੀਊਂ, ਰੱਬ ਇਕ ਵਾਰ ਭੁੱਲ ਜਵੇ।

ਬਾਬਾ : ਆਪ ਕੇ ਘਰ ਉਪਰ ਸਾੜ੍ਹਸਤੀ ਕੀ ਕਰੋਪੀ ਹੈ। ਉਸਕੋ ਭਗਾਨਾ ਪੜੇਗਾ।

ਸੁਰਿੰਦਰ : ਬਾਬਾ ਜੀ ਉਹ ਕੀ ਹੁੰਦੀ ਹੈ ?

ਬਾਬਾ : ਵੋ ਬਹੁਤ ਕਰੜੀ ਛਾਇਆ ਹੋਤੀ ਹੈ ਜਿਸਨੇ ਆਪ ਕੇ ਪਤੀ ਕੋ ਬਾਂਧ ਕੇ ਰੱਖਾ ਹੈ।

ਸੁਰਿੰਦਰ : ਫਿਰ ਕੀ ਕਰਾਂ ਬਾਬਾ ਜੀ, ਇਹਦਾ ਉਪਾਅ ਦੱਸੋ।

ਬਾਬਾ : ਯੇ ਰਾਖ ਹੈ ਇਸਕੋ ਦੂਧ ਮੇਂ ਮਿਲਾ ਕਰ, ਆਪਨੇ ਪਤੀ ਕੋ ਖਿਲਾ ਦੇਨਾ, ਕਰ ਸਕਤੀ ਹੋ ?

ਸੁਰਿੰਦਰ : ਕਰ ਕਿਉਂ ਨੀਂ ਸਕਦੀ, ਮੁੰਡੇ ਲਈ ਤਾਂ ਮੈਂ ਜੋ ਕੁਛ ਵੀ ਕਹੋਂਗੇ ਉਹ ਵੀ ਕਰੂੰ। ਨਾਲੇ ਰਾਤ ਨੂੰ ਤਾਂ ਜਦੋਂ ਉਹਦੀ ਘੁੱਟ ਪੀਤੀ ਹੋਣੀਆ ਉਸ ਵੇਲੇ ਰਾਖ਼ ਤਾਂ ਕੀ ਜ਼ਹਿਰ ਵੀ ਗਟਾਗਟ ਪਿਆਦੂੰ। ਉਹਨੂੰ ਕੀ ਪਤਾ ਲੱਗਣਾ।

ਬਾਬਾ : ਯੇ ਕਾਮ ਥੋੜਾ ਮੁਸ਼ਕਲ ਹੈ ਥੋੜਾ ਸੰਭਲ ਕੇ ਕਰਨਾ।

ਸੁਰਿੰਦਰ : ਇਹਦਾ ਤਾਂ ਮੈਨੂੰ ਪਤਾ ਲੱਗ ਗਿਆ, ਤੁਸੀਂ ਇਹ ਦੱਸੋ ਉਸਤੋਂ ਬਾਅਦ ਕੀ ਕਰਨਾ।

ਬਾਬਾ : ਫਿਰ ਮੇਰੇ ਪਾਸ ਦੁਬਾਰਾ ਆਨਾ।

ਅਵਾਜ਼ : ਬਾਬਾ ਜੀ ਬੇਸਮੈਂਟ ਦਾ ਦਰਵਾਜ਼ਾ ਖੁੱਲਾ ਰੱਖਣਗੇ।

ਸੁਰਿੰਦਰ : ਬਾਬਾ ਜੀ ਪੈਸੇ ਕਿੰਨੇ ?

ਬਾਬਾ : ਪੈਸੋਂ ਕੀ ਚਿੰਤਾ ਨਾ ਕਰਨਾ, ਹਮੇਂ ਤੋ ਯੇ ਹੀ ਖ਼ੁਸ਼ੀ ਹੈ ਕਿ ਹਮ ਆਪ ਕੋ ਖ਼ੁਸ਼ ਕਰ ਸਕੇਂਗੇ।

ਸੁਰਿੰਦਰ : ਬਾਬਾ ਜੀ ਮੇਰੇ ਧੰਨਭਾਗ। *(ਪੰਜਾਹ ਡਾਲਰ ਦਾ ਮੱਥਾ ਟੇਕ ਕੇ ਖ਼ੁਸ਼ੀ ਖ਼ੁਸ਼ੀ ਜਾਂਦੀ ਹੈ।)*

*(ਬਾਬਾ ਤੇ ਚੇਲਾ ਉਹਨਾਂ ਨੂੰ ਜਾਂਦੀਆਂ ਦੇਖ ਕੇ ਅੱਖ ਮਿਲਾਉਂਦੇ ਹਨ।)*

ਚੇਲਾ : ਦੇਖਿਆ ਫੇਰ ਬਾਬਾ ਜੀ, ਮੈਂ ਕਿਹਾ ਸੀ ਨਾ ਥੋਨੂੰ ਬਈ ਘਬਰਾਓ ਨਾ, ਮੈਂ ਤਾਂ ਕੈਨੇਡਾ ਦਾ ਰੌਂ ਈਂ ਦੇਖ ਲਿਆ ਸੀ।

ਬਾਬਾ : ਬੰਦਾ ਬਈ ਤੂੰ ਸੱਚੀਓਂ ਪਾਰਖੂ ਐਂ, ਮੰਨ ਗੇ ਬਈ ਅੱਜ ਤੈਨੂੰ। ਹੁਣ ਆਪਣੀਆਂ ਪੌਂ ਬਾਰਾਂ ਨੇ। ਉਹ ਫ਼ੋਨ ਸਾਂਭ ਕੇ ਰੱਖੀਂ ਉਹ ਬੀਬੀ ਦਾ ਆਪਾਂ ਨੇ ਇਲਾਜ ਵੀ ਕਰਨੈ।
(ਹੱਸਦਾ ਹੈ।)

ਚੇਲਾ : ਇਹ ਤਾਂ ਕੰਮ ਦਾ ਫ਼ੋਨ ਐਂ, ਚਲੋ ਚੱਲੀਏ ਅੱਜ ਕਿਤੇ ਗੇੜੀ ਵੀ ਦੇ ਆਈਏ ਕੈਨੇਡਾ'ਚ। ਲੈ ਲਈਏ ਏਥੋਂ ਦੀ ਵੀ ਆਬੋ ਹਵਾ।

ਬਾਬਾ : ਚੱਲ ਚੱਲ ਚੱਲੀਏ ਗੁਰਮੇਲੋ ਨੂੰ ਕਹਿ, ਆਹ ਸਾਰਾ ਕੁਝ ਸਾਂਭ ਦੇਵੇ।

ਚੇਲਾ : ਓ. ਕੇ ਬਾਬਾ ਜੀ ਸਤਿ ਬਚਨ (ਦੋਨੋ ਹੱਸਦੇ ਹਨ ਤੇ ਚਲੇ ਜਾਂਦੇ ਹਨ।)

## ਸੀਨ ਤੀਜਾ

(ਸੁਰਿੰਦਰ ਬਹੁਤ ਖੁਸ਼ ਹੈ, ਉਸਨੂੰ ਯਕੀਨ ਹੋ ਗਿਆ ਹੈ ਕਿ ਬਾਬਾ ਜੀ ਨੇ ਉਸਦਾ ਇਲਾਜ ਕਰ ਦਿੱਤਾ ਹੈ। ਜੋ ਵੀ ਰਹਿੰਦਾ ਹੋਵੇਗਾ ਉਹ ਦੁਬਾਰਾ ਬੁਲਾਇਆ ਹੈ ਉਦੋਂ ਠੀਕ ਕਰ ਦੇਵੇਗਾ।)

ਹਰਬੰਸ : ਭੈਣਜੀ ਬੜੀ ਖੁਸ਼ ਲੱਗਦੀ ਆਂ ਕਿੱਧਰ ਜਾ ਆਈ।

ਸੁਰਿੰਦਰ : ਭੈਣੇ ਮੈਂ ਤਾਂ ਅੱਜ ਬਾਬਾ ਜੀ ਦੇ ਦਰਸ਼ਨ ਕਰਕੇ ਆਈ ਆਂ।

ਹਰਬੰਸ : ਕਿੱਥੇ ?

ਸੁਰਿੰਦਰ : ਗੁਰਮੇਲੋ ਭੈਣ ਦੇ ਘਰ ਬਹੁਤ ਹੀ ਕਰਨੀ ਵਾਲੇ ਬਾਬੇ ਆਏ ਨੇ।

ਹਰਬੰਸ : ਕਿੱਥੋਂ ਆਏ ਨੇ ?

ਸੁਰਿੰਦਰ : ਸੁਣਿਐ ਪੰਜਾਬ ਤੋਂ, ਲੁਧਿਆਣੇ ਤੋਂ।

ਹਰਬੰਸ : ਕਿਤੇ ਬਾਬਾ ਕਰਮ ਸਿੰਘ ਤਾਂ ਨੀਂ ?

ਸੁਰਿੰਦਰ : ਹਾਂ ਹਾਂ ਉਹੀ ਨਾਂ ਦੱਸਦੇ ਸੀ।

ਹਰਬੰਸ : ਉਹ ਕੀ ਕਹਿੰਦਾ ?

ਸੁਰਿੰਦਰ : ਉਹਨੇ ਤਾਂ ਸੱਭੋ ਕੁਛ ਸੱਚੋ ਸੱਚ ਦੱਸਿਐ ਕਿ ਮੇਰੇ ਮੁੰਡਾ ਕਿਉਂ ਨੀਂ ਹੁੰਦਾ।

ਹਰਬੰਸ : ਕਿਉਂ ? ਕਿਉਂ ਨੀਂ ਹੁੰਦਾ ?

ਸੁਰਿੰਦਰ : ਸਾੜ੍ਹਸਤੀ ਦੀ ਕਰੋਪੀ ਆ। ਹੁਣ ਉਸਨੇ ਰਾਖ ਦਿੱਤੀ ਆ।



ਕਹਿੰਦਾ ਸਭ ਕੁਛ ਠੀਕ ਹੋ ਜੂ।

ਹਰਬੰਸ : ਕੱਲੀ ਰਾਖ ਨਾਲ।

ਸੁਰਿੰਦਰ : ਨਹੀਂ ਸ਼ਾਮ ਨੂੰ ਉਸਨੇ ਫਿਰ ਬੁਲਾਇਐ।

ਹਰਬੰਸ : ਅੱਛਿਆ ਮੈਂ ਇਹਨੂੰ ਜਾਣ ਦੀਆਂ ਇਹ ਪੂਰਾ ਮੁਸਟੰਡਾ ਆ।

ਸੁਰਿੰਦਰ : ਨਾ ਭੈਣੇ ਐਂ ਨਾ ਕਹਿ, ਆਪਾਂ ਕਾਹਨੂੰ ਪਾਪ ਚੜ੍ਹਾਉਣਾ ਇਹ ਕਹਿ ਕੇ।

ਹਰਬੰਸ : ਤੁਹਾਨੂੰ ਪਤੈ ਇਹਦੇ ਤਾਂ ਆਪ ਦੇ ਪੰਜ ਕੁੜੀਆਂ ਨੇ, ਮੁੰਡਾ ਕੋਈ ਨਹੀਂ। ਇਹ ਵੀ ਆਵਦੀ ਘਰ ਵਾਲੀ ਨੂੰ ਵਥੇਰਾ ਕੁੱਟਦਾ ਰਿਹੈ।

ਸੁਰਿੰਦਰ : ਨਾ ਤੈਨੂੰ ਇਹ ਕਿਵੇਂ ਪਤੈ ?

ਹਰਬੰਸ : ਥੋਨੂੰ ਪਤਾ ਈ ਆ ਕਿ ਮੇਰੇ ਪੇਕੇ ਵੀ ਤਾਂ ਲੁਧਿਆਣੇ ਈ ਨੇ। ਇਹ ਸਾਡੇ ਗੁਆਂਢ 'ਚ ਰਹਿੰਦੈ। ਮੇਰੀ ਇੰਡੀਆ ਗੱਲ ਤਾਂ ਹੁੰਦੀ ਰਹਿੰਦੀਆ, ਮੇਰਾ ਭਰਾ ਦੱਸਦਾ ਸੀ ਕਿ ਇਹ ਤਾਂ ਲੋਕਾਂ ਨੂੰ ਲੁੱਟ ਲੁੱਟ ਕੇ ਬਹੁਤ ਵੱਡੀ ਕੋਠੀ ਪਾਈ ਬੈਠੇ ਤੇ ਮਣਾਂ ਮੂੰਹੀ ਜ਼ਮੀਨ ਖਰੀਦੀ ਜਾਂਦੈ ਦਿਨੋ ਦਿਨ।

ਸੁਰਿੰਦਰ : ਕੁੜੇ ਗੁਰਮੇਲੋ ਹੋਰਾਂ ਨੂੰ ਪਤਾ ਨੀਂ ਹੋਣਾ ਇਸ ਗੱਲ ਦਾ।

ਹਰਬੰਸ : ਪਤਾ ਕਿਉਂ ਨੀਂ, ਸਭ ਪਤੈ। ਅਗਲੇ ਤਾਂ ਹਿੱਸਾ ਪੱਤੀਆਂ ਕਰਕੇ, ਰਲ਼ ਮਿਲ ਕੇ ਈ ਲੁੱਟਦੇ ਨੇ। ਉਹ ਐਂਵੇ ਨੀਂ ਇਹਨਾਂ ਨੂੰ ਸੱਦ ਕੇ ਆਵਦੇ ਘਰਾਂ 'ਚ ਬੈਠਾ ਲੈਂਦੇ। ਸਮਝਣ ਦੀ ਤਾਂ ਥੋਨੂੰ ਲੋੜ ਐ ਭੋਲ਼ੇ ਭਾਲ਼ੇ ਲੋਕਾਂ ਨੂੰ, ਜਿਹੜੇ ਦਿਨ ਦੁਪਹਿਰੇ ਇਹਨਾਂ ਦੀ ਲੁੱਟ ਦਾ ਸ਼ਿਕਾਰ ਬਣਦੇ ਓਂ।

ਸੁਰਿੰਦਰ : ਨਾ ਸੱਚੀਂ ਭੈਣੇ, ਤੂੰ ਸੱਚੀਂ ਜਾਣਦੀਆ ਬਾਬਾ ਜੀ ਨੂੰ। ਉਹਦੇ ਸੱਚੀਂ ਪੰਜ ਕੁੜੀਆਂ ਨੇ।
(ਉਸੇ ਮੁਦਰਾ ਵਿਚ ਦੋਨੋਂ ਸਟਿਲ ਹੋ ਜਾਂਦੀਆਂ ਹਨ।)
(ਪਰਦਾ ਡਿੱਗਦਾ ਹੈ।)

ਪ੍ਰੋਗਰੈਸਿਵ ਕਲਚਰਲ ਨਾਰੀ ਐਸੋਸੀਏਸ਼ਨ ਦੀ ਸਟੇਜ ਤੋਂ “ਲਾਲਸਾ” ਨਾਟਕ ਪਹਿਲੀ ਵਾਰ 26 ਜੂਨ 2011 ਨੂੰ ਸਰ੍ਹੀ ਦੇ ਬੈਂਕੁਇਟ ਹਾਲ ਵਿਚ 1200 ਦੇ ਕਰੀਬ ਔਰਤਾਂ ਦੇ ਇਕੱਠ ਵਿਚ ਖੇਡਿਆ ਗਿਆ। ਇਸ ਨੂੰ ਪ੍ਰੋਗਰੈਸਿਵ ਨਾਰੀ ਐਸੋਸੀਏਸ਼ਨ ਦੀਆਂ ਹੇਠ ਲਿਖੀਆਂ ਕਲਾਕਾਰਾਂ ਦੀ ਅਣਥੱਕ ਮਿਹਨਤ ਨਾਲ ਮੰਚਤ ਕੀਤਾ ਗਿਆ।

ਮਨਜੀਤ ਗਿੱਲ
ਪਰਮਜੀਤ ਗਿੱਲ
ਸੰਤੋਖ ਭੁੱਲਰ
ਅਮਰਜੀਤ ਮੁੰਡੀ
ਮਨਜੀਤ ਦੁਸਾਂਝ
ਬਲਜਿੰਦਰ ਸਿੱਧੂ
ਡੌਲੀ ਥਿੰਦ
ਮਨਜੀਤ ਕੰਗ
ਪਰਮਿੰਦਰ ਸਵੈਚ

# ਲਕੀਰਾਂ ਦੇ ਪਾਰ



## ਪਾਤਰ

| | | |
|---|---|---|
| ਦਾਦਾ | – | ਉਮਰ 65 ਸਾਲ |
| ਦਾਦੀ | – | ਉਮਰ 62 ਸਾਲ |
| ਸੱਤੋ | – | ਉਹਨਾਂ ਦੀ ਨੂੰਹ ਉਮਰ 40 ਸਾਲ |
| ਕਿਰਨ | – | ਦਾਦੀ ਦੀ ਪੋਤੀ |
| ਪ੍ਰੀਤੀ | – | ਦਾਦੀ ਦੀ ਪੋਤੀ |
| ਨਵੀ | – | ਪ੍ਰੀਤੀ ਦੀ ਸਹੇਲੀ |

ਸਮਾਂ – ਦੁਪਹਿਰ ਤੋਂ ਬਾਅਦ ਦਾ ਸਮਾਂ
ਸਥਾਨ – ਕੈਨੇਡਾ ਦੇ ਘਰ ਦਾ ਸੀਨ

*(ਦਾਦੀ ਸੋਫੇ ਤੇ ਬੈਠੀ ਸਵਾਟਰ ਬੁਣ ਰਹੀ ਹੈ ਉਸਦੀਆਂ ਦੋ ਪੋਤੀਆਂ ਤੇ ਉਹਨਾਂ ਦੀ ਫਰੈਂਡ ਬਾਹਰੋਂ ਆਈਆਂ ਹਨ, ਉਹਨਾਂ ਦੇ ਹੱਥ ਵਿਚ ਕਿਤਾਬਾਂ ਹਨ, ਉਹਨਾਂ ਦੇ ਛੋਟੇ ਛੋਟੇ ਕੱਪੜੇ ਪਾਏ ਹੋਏ ਹਨ।)*

ਪ੍ਰੀਤੀ : ਚੱਲ ਨਵੀ, ਆਪਾਂ ਜੱਸੀ ਭੈਣ ਦੇ ਵਿਆਹ ਲਈ ਡਾਂਸ ਦੀ ਪ੍ਰੈਕਟਿਸ ਕਰੀਏ।

ਨਵੀ : ਜੇ ਸੀ.ਡੀ. ਹੈਗੀ ਆ ਤਾਂ ਕਰ ਲੈਂਦੇ ਆਂ। ਆਜਾ ਕਿਰਨ ਡਾਂਸ ਕਰੀਏ।

ਕਿਰਨ : ਚੱਲੋ ਚੱਲੋ *(ਸਟੀਰਿਓ ਸਿਸਟਮ ਵਿਚ ਸੀ.ਡੀ. ਪਾਉਂਦੀਆਂ ਹਨ। ਉਹ ਤਿੰਨੇ ਨੱਚਣ ਲੱਗਦੀਆਂ ਹਨ। ਗੀਤ ਚੱਲਦਾ ਹੈ।)*

*ਲ਼ੁੱਕ ਟਵੰਟੀ ਏਟ ਕੁੜੀ ਦਾ*
*ਫੋਰਡੀ ਸੈਵਨ ਵੇਟ ਕੁੜੀ ਦਾ*

ਦਾਦੀ : (ਦਾਦੀ ਉਹਨਾਂ ਵੱਲ ਕੁਨੱਖੀ ਨਜ਼ਰ ਨਾਲ ਦੇਖਦੀ ਹੈ ਤੇ ਨਾ ਵਿਚ ਸਿਰ ਮਾਰਦੀ ਹੈ।) ਵਾਅਗੁਰੂ, ਵਾਅਗੁਰੂ, ਆਹ ਕੁੜੀਆਂ ਦੀ ਕੀ ਮੱਤ ਮਾਰੀ ਹੋਈ ਆ। ਹਾ—ਹਾਅ -ਆ (ਮੱਥੇ ਤੇ ਹੱਥ ਮਾਰਦੀ ਹੈ। ਇੰਨੇ ਨੂੰ ਬਾਹਰ ਬੈੱਲ ਹੁੰਦੀ।

ਪ੍ਰੀਤੀ : ਦਾਦਾ ਜੀ ਆ ਗਏ, ਦਾਦਾ ਜੀ ਆ ਗਏ। (ਕਹਿ ਕੇ ਕੁੜੀਆਂ ਅੰਦਰ ਨੂੰ ਭੱਜ ਦੀਆਂ ਹਨ। ਦਾਦੀ ਦਰਵਾਜਾ ਖੋਲ੍ਹਦੀ ਹੈ।)

ਦਾਦਾ : (ਖਿੱਝ ਕੇ) ਕਿੰਨਾ ਚਿਰ ਹੋ ਗਿਆ ਮੈਨੂੰ ਬੈੱਲ ਕਰਦੇ ਨੂੰ, ਤੂੰ ਡੋਰ ਕਿਉਂ ਨੀਂ ਖੋਲ੍ਹਿਆ। ਕੀ ਕਰੀ ਜਾਂਦੀ ਸੀ ਅੰਦਰ?

ਦਾਦੀ : ਕੁੜੀਆਂ ਐਥੇ ਨੱਚਣ ਲੱਗੀਆਂ ਹੋਈਆਂ ਸੀ, ਸੀ. ਡੀ .ਦੀ ਅਵਾਜ਼ ਉੱਚੀ ਸੀ ਤਾਂ ਕੁਸ਼ ਸੁਣਿਆ ਨੀ।



ਦਾਦਾ : ਸੁਣਨਾ ਕਾਹਨੂੰ ਆ ਚਾਹੇ ਬੰਦਾ ਬਾਹਰ ਖੜ੍ਹਾ ਸੁੱਕ ਜਾਵੇ।

ਦਾਦੀ : ਲੈ ਦੱਸ, ਮੇਰਾ ਕੀ ਕਸੂਰ ਆ, ਦੱਸ ਤਾਂ ਦਿੱਤਾ ਬਈ ਗੱਲ ਕੀ ਸੀ।

ਦਾਦਾ : ਚੰਗਾ, ਚੰਗਾ ਐਥੋਂ ਮੇਰੀ ਵੱਡੀ ਜੈਕਟ ਲਿਆ ਕੇ ਦੇ।

ਦਾਦੀ : (ਜੈਕਟ ਲਿਆ ਕੇ ਦਿੰਦੀ ਹੋਈ) ਮੈਂ ਕਿਹਾ ਸੁਣਦੇ ਨੀਂ, ਮੈਨੂੰ ਤਾਂ ਅੱਜ ਫ਼ਿਕਰ ਜਿਹਾ ਹੀ ਹੋ ਗਿਆ, ਕੁੜੀਆਂ ਨੂੰ ਨੱਚਦੀਆਂ ਦੇਖ ਕੇ।

ਦਾਦਾ : ਕਿਉਂ ਕੀ ਹੋ ਗਿਆ?

ਦਾਦੀ : ਇਹ ਤਾਂ ਨਿੱਕੇ ਨਿੱਕੇ ਜਿਹੇ ਕੱਪੜੇ ਪਾ ਕੇ, ਹੋਰ ਈ ਤਰ੍ਹਾਂ ਦੇ ਗੀਤਾਂ ਤੇ ਭੈੜਾ ਜਿਹਾ ਨੱਚਦੀਆਂ ਸੀ, ਮੈਨੂੰ ਤਾਂ ਸ਼ਰਮ ਈ ਆਈ ਜਾਵੇ, ਮੈਂ ਤਾਂ ਗਹਿ ਗਹਿ ਜਾਵਾਂ, ਬਈ ਇਹ ਭੋਰਾ ਭਰ ਜੁਆਕੜੀਆਂ ਕਰਦੀਆਂ ਕੀ ਨੇ?

ਦਾਦਾ : ਤੂੰ ਸਾਰਾ ਦਿਨ ਘਰ ਬੈਠੀ ਰਹਿੰਦੀਆ। ਤੂੰ ਇਹਨਾਂ ਨੂੰ ਇੰਨਾ ਨੀ ਸਮਝਾ ਸਕਦੀ।

ਦਾਦੀ : ਸਮਝਾਉਣ ਦੀ ਕੀ ਗੱਲ ਐ। ਊਂ ਤਾਂ ਮੇਰੀਆਂ ਪੋਤੀਆਂ ਵਥੇਰੀਆਂ ਚੰਗੀਆਂ ਨੇ, ਮੈਨੂੰ ਬਥੇਰਾ ਪਿਆਰ ਕਰਦੀਆਂ ਨੇ। ਇਹਨਾਂ ਦਾ ਨੱਚਣਾ ਈ ਮੈਨੂੰ ਚੰਗਾ ਨੀ ਲੱਗਿਆ।

ਦਾਦਾ : ਚੰਗਾ ਮੈਂ ਤਾਂ ਜਾਣਾ ਸੀ, ਮੇਹਰ ਸਿਉਂ ਬਾਹਰ ਖੜ੍ਹੇ, ਘੰਟੇ ਕੁ ਤੱਕ ਵਾਪਸ ਆਉਂਨੇ ਆ।

ਦਾਦੀ : ਹੁਣ ਤਾਂ ਅਜੇ ਆਂਏ ਉਂ, ਹੁਣੇ ਤੁਰ ਪਏ। ਮੈਨੂੰ ਨੀ ਇਹ ਚੰਗਾ ਲੱਗਦਾ, ਮੈਂ ਸਾਰੀ ਦਿਹਾੜੀ ‘ਕੱਲੀ ਘਰੇ ਕੀ ਕਰਾਂ।

ਦਾਦਾ : ਮੈਂ ਛੇਤੀ ਓ ਮੁੜ ਆਉਣਾ।

ਦਾਦੀ : ਮੁੜ ਆਉਣਾ ਇਹਨਾਂ ਨੇ ਛੇਤੀ, ਔਹ ਗਏ ਔਹ ਗਏ। ਸਾਰਾ ਟੱਬਰ ਕਾਰਾਂ ਲੈ ਕੇ ਔਹ ਗਿਆ, ਔਹ ਗਿਆ, ਸਾਰਾ ਦਿੱਲੀ ਦੱਖਣ, ਵੈਨਕੂਵਰ, ਐਬਸਫੋਰਡ ਸਭ ਗਾਹ ਆਉਂਦੇ ਨੇ, ਮੈਂ ਐਥੇ ‘ਕੱਲੀ ਘਰੇ ਖੂੰਜੇ ਲੱਗੀ ਬੈਠੀ ਰਹਿੰਦੀ ਆਂ।

ਦਾਦਾ : ਤੈਨੂੰ ‘ਕੱਲੀ ਨੂੰ ਕੀ ਆ ਘਰੇ।

ਦਾਦੀ : ਕਿਉਂ? ਮੇਰਾ ਜੀਅ ਨੀਂ ਕਰਦਾ ਕਿ ਮੈਂ ਵੀ ਕੋਈ ਬਾਹਰਲੀ ਆਬੋ ਹਵਾ ਲੈ ਲਾਂ।

ਦਾਦਾ : ਕੋਈ ਨੀ ਆਹ ਆਪਣੇ ਗਰਮੀਆਂ ’ਚ ਪੀ.ਐਨ.ਈ. ਆਉਣ ਵਾਲੀ ਆ। ਉਹਦੇ ਤੇ ਲੈ ਕੇ ਚੱਲੂੰ ਵੈਨਕੂਵਰ। (ਲਾਚੜ ਕੇ)

ਦੋਨੋਂ ਚੱਲਾਂਗੇ। ਨਾਲੇ ਤੈਨੂੰ ਬਾਹਰਲੀ ਹਵਾ ਲਵਾ ਦੂੰ।

ਦਾਦੀ : ਹੋਅ–ਰ ਹੁਣ ਤੂੰ ਮੈਨੂੰ ਬੁੜ੍ਹੀ ਹੋਈ ਨੂੰ ਪੀਘਾਂ ਝੁਟਾਏਂਗਾ।

ਦਾਦਾ : (ਨੇੜੇ ਹੋ ਕੇ ਪਿਆਰ ਕਰਨ ਦੇ ਰੌਂ ਵਿਚ) ਮੇਰੇ ਲਈ ਤਾਂ ਬਲਵੰਤ ਕੁਰੇ ਤੂੰ ਉਹੀ ਆ। ਜਵਾਨੀ ਦੇ ਦਿਨਾਂ ਵਾਲੀ।

ਦਾਦੀ : (ਸੰਗ ਕੇ ਪਰੇ ਨੂੰ ਹੁੰਦੀ ਹੈ।) ਜਾ ਵੇ ਪਰੇ, ਲੱਗਿਆ ਹੇਜ ਕਰਨ ਦਿਨ ਦੁਪਹਿਰੇ, ਦੱਸ ਜੁਆਕ ਦੇਖਣਗੇ ਕੀ ਕਹਿਣਗੇ। ਸੰਗ ਤਾਂ ਨੀਂ ਆਉਂਦੀ।

ਦਾਦਾ : ਸੰਗਣ ਨੂੰ ਕੀ ਆ, ਜੁਆਕਾਂ ਨੂੰ ਕਿਹੜਾ ਪਤਾ ਨਹੀਂ।

ਦਾਦੀ : ਚੰਗਾ, ਚੰਗਾ ਵਡਿਆਉਣ ਲਈ ਤਾਂ ਬਹੁਤ ਕੁਝ ਕਹੋਂਗੇ। ਲੈ ਕੇ ਜਾਣ ਵਾਲਿਆਂ ਨੂੰ ਮੈਂ ਵੀ ਜਵਾਨੀ ਵੇਲੇ ਦੀ ਓ ਜਾਣਦੀ ਆਂ।

ਦਾਦਾ : (ਜਾਂਦਾ ਹੋਇਆ) ਫਿਰ ਐਂਤਕੀ ਦੇਖੀਂ ਤੇਰੇ ਸਾਰੇ ਉਲਾਂਭੇ ਪੂਰੇ ਕਰ ਦੇਣੇ ਨੇ।

ਦਾਦੀ : ਚੰਗਾ ਚੰਗਾ ਜਾਓ, ਸੇਖ਼ਚਿਲੀ ਕਿਸੇ ਥਾਂ ਦੇ। *(ਦਾਦਾ ਚਲਿਆ ਜਾਂਦਾ ਹੈ, ਉਹ ਫਿਰ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਜਾਂਦੀ ਹੈ।)*

ਦਾਦੀ : ਊਂ ਤਾਂ ਮੈਂ ਵੀ ਬੁੜ੍ਹੀਆਂ ਨਾਲ ਪਾਰਕ 'ਚ ਜਾ ਹੀ ਸਕਦੀ ਆਂ, ਪਰ ਮੈਨੂੰ ਚੰਗਾ ਜਿਹਾ ਨਹੀਂ ਲੱਗਦਾ ਆਪਦੇ ਹੀ ਬੱਚਿਆਂ ਦੀਆਂ ਚੁਗਲੀਆਂ ਕਰੀ ਜਾਂਦੀਆਂ ਨੇ ਉੱਥੇ ਬਹਿ ਕੇ। ਆਵਦੇ ਬੱਚੇ ਨੇ, ਆਖ਼ਰਕਾਰ, ਆਵਦਿਆਂ ਨੇ ਹੀ ਕੰਮ ਆਉਣਾ ਹੁੰਦੈ। ਐਥੇ ਵੀ ਤਾਂ ਸਾਰੀ ਦਿਹਾੜੀ ਸਲਾਈਆਂ ਨਾਲ ਜੁਝ ਮਾਰ ਮਾਰ ਕੇ ਥੱਕੀ ਪਈ ਆਂ। ਜੇ ਕਦੇ ਜੁਆਕਾਂ ਨੂੰ ਕਹੂੰਗੀ ਨਾਲ ਲੈ ਜਾਓ। ਉਹ ਕਹਿ ਦਿੰਦੇ ਨੇ, "ਤੂੰ ਥੱਕ ਛੇਤੀ ਜਾਂਦੀ ਐਂ"। ਗੱਲ ਤਾਂ ਉਹਨਾਂ ਦੀ ਵੀ ਠੀਕ ਈ ਆ। ਹੁਣ ਗੋਡੇ ਵੀ ਐਨੇ ਨੀ ਤੁਰਦੇ। ਪਰ ਫੇਰ ਵੀ ਮਨ ਤਾਂ ਕਰਦਾ ਈ ਆ। ਜੁਆਕਾਂ ਤੇ ਤਾਂ ਕਾਹਦਾ ਹਿਰਖ ਆ, ਹਿਰਖ ਤਾਂ ਮੈਨੂੰ ਜੀਤੇ ਦੇ ਬਾਪੂ ਤੇ ਆ, ਬਈ ਤੂੰ ਮੇਰੇ ਕੋਲ ਬੈਠ, ਆਪਾਂ ਦੁੱਖ ਸੁੱਖ ਕਰੀਏ, ਹੋਰ ਇੱਥੋਂ ਲੈ ਵੀ ਕੀ ਜਾਣੈ। ਆਹੀ ਜਿਹੜੀਆਂ ਚਾਰ ਘੜੀਆਂ ਪਿਆਰ ਨਾਲ ਬਹਿ ਕੇ ਕੱਟ ਜਾਣੀਆਂ ਨੇ।

*(ਇੰਨੇ ਨੂੰ ਕੁੜੀਆਂ ਅੰਦਰੋਂ ਬਾਹਰ ਆ ਜਾਂਦੀਆਂ ਹਨ ਤਾਂ ਉਸਦੀ ਗੱਲਾਂ ਦੀ ਲੜੀ ਟੁੱਟਦੀ ਹੈ। ਕੁੜੀਆਂ ਦੇ ਘੱਗਰੇ ਪਾਏ*



*ਹੋਏ ਹਨ ਤੇ ਵਧੀਆ ਕੱਪੜੇ ਪਾਏ ਹੋਏ ਹਨ। ਉਹ ਦੇਖ ਕੇ ਖ਼ੁਸ਼ ਹੁੰਦੀ ਹੈ।)*

ਦਾਦੀ : ਪ੍ਰੀਤੀ, ਹੁਣ ਵਥੇਰੇ ਸੋਹਣੇ ਕੱਪੜੇ ਪਾ ਕੇ ਆ ਗਈਆਂ, ਦੇਖ ਮੇਰੀਆਂ ਧੀਆਂ ਕਿੰਨੀਆਂ ਸੋਹਣੀਆਂ ਲੱਗਦੀਆਂ ਨੇ, ਮੇਰੇ ਬੱਚੇ ਜਿਉਂਦੇ ਵਸਦੇ ਰਹਿਣ। (ਉਹ ਦਾਦੀ ਨੂੰ ਪਿਆਰ ਕਰਦੀਆਂ ਹਨ।) ਪੁੱਤ ਜਿਹੜੇ ਗੀਤ ਤੇ ਪਹਿਲਾਂ ਨੱਚਦੀਆਂ ਸੀ ਉਹ ਮੈਨੂੰ ਸੋਹਣਾ ਨੀ ਲੱਗਿਆ। ਪੁੱਤ ਚੰਗੇ ਘਰਾਂ ਦੀਆਂ ਧੀਆਂ ਇਹੋ ਜਿਹੇ ਗੀਤਾਂ ਤੇ ਨੀਂ ਨੱਚਦੀਆਂ ਹੁੰਦੀਆਂ।

ਕਿਰਨ : ਕਾਹਤੇ ਬੀਜੀ ਥੋਨੂੰ ਚੰਗਾ ਨੀਂ ਲੱਗਿਆ। ਅਸੀਂ ਤਾਂ ਜੱਸੀ ਭੈਣ ਦੇ ਵਿਆਹ ਤੇ ਗਿੱਧਾ ਭੰਗੜਾ ਤੇ ਡਾਂਸ ਵੀ ਕਰਨਾ ਆ ਤੇ ਜਾਗੋ ਵੀ ਕੱਢਣੀ ਆ।

ਪ੍ਰੀਤੀ : ਆਜੋ ਆਪਾਂ ਬੀਜੀ ਨੂੰ ਗਿੱਧਾ ਪਾ ਕੇ ਦਿਖਾਉਂਨੇ ਆਂ, ਦੇਖੋ ਬੀਜੀ।

ਦਾਦੀ : ਚੰਗਾ ਦਿਖਾਓ

ਪ੍ਰੀਤੀ : ਸੱਸ ਮੇਰੀ ਨੇ ਜੂੜਾ ਕੀਤਾ ਸੱਸ ਮੇਰੀ ਨੇ ਜੂੜਾ ਕੀਤਾ
ਵਿਚੋਂ ਨਿਕਲੀ ਜੂੰ ਸੱਸੇ ਚੰਦਰੀਏ ਕਿਉਂ ਫੈਸ਼ਨ ਕਰਦੀ ਤੂੰ।

ਦਾਦੀ : ਊਂ ਹੂੰ, ਨੀ ਜਾ ਪਰੇ, ਇਹ ਵੀ ਕੋਈ ਬੋਲੀ ਆ।

ਨਵੀ : ਬੀਜੀ ਮੇਰੀ ਬੋਲੀ ਸੁਣੋ, ਮੇਰੀ ਬਹੁਤ ਸੋਹਣੀ ਆ।

ਦਾਦੀ : ਚੰਗਾ ਤੂੰ ਪਾ।

ਨਵੀ : ਬਾਰੀਂ ਬਰਸੀਂ ਖੱਟਣ ਗਿਆ ਸੀ
ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਇਆ ਟੱਲ
ਬੁੜ੍ਹੀ ਨੂੰ ਭੌਂਕਣ ਦੇ ਮੇਲਾ ਦੇਖਣ ਚੱਲ–––––।

ਨਵੀ : ਬੀਜੀ ਮੇਰੀ ਬੋਲੀ ਠੀਕ ਆ ਨਾ।

ਦਾਦੀ : ਧੀਏ ਤੁਸੀਂ ਇਹ ਕੀ ਕਰਦੀ ਓਂ। ਨਾ ਐਹੋ ਜਿਹੀਆਂ ਬੋਲੀਆਂ ਪਾ ਕੇ ਗਿੱਧਾ ਪਾਉਂਗੀਆਂ।

ਕਿਰਨ : ਬੀਜੀ ਚੰਗਾ ਹੁਣ ਮੈਂ ਸੋਹਣੀ ਬੋਲੀ ਪਾਉਂਨੀਆਂ, ਤੁਸੀਂ ਸਾਰੇ ਗਿੱਧਾ ਚੰਗੀ ਤਰ੍ਹਾਂ ਪਾਇਓ।

ਦਾਦੀ : ਤੂੰ ਵੀ ਜਿਹੜਾ ਲ਼ੱਲ਼ਰ ਲਾਉਣਾ ਤੂੰ ਵੀ ਲਾ ਕੇ ਦਿਖਾ ਦੇ।

ਕਿਰਨ : ਸੱਸਾਂ, ਸੱਸਾਂ ਹਰ ਕੋਈ ਕਹਿੰਦਾ
ਸੱਸਾਂ, ਸੱਸਾਂ ਹਰ ਕੋਈ ਕਹਿੰਦਾ

ਸੱਸਾਂ ਕੀਹਨੇ ਬਣਾਈਆਂ
ਮੇਰੇ ਸਤਿਗੁਰ ਨੇ
ਮਗਰ ਚੁੜੇਲਾਂ ਲਾਈਆਂ————।

ਦਾਦੀ : ਪੁੱਤ ਇਹ ਬੋਲੀਆਂ ਤੁਸੀਂ ਕਿੱਥੋਂ ਸੁਣੀਆਂ ਨੇ ?

ਨਵੀ : ਅਸੀਂ ਤਾਂ ਮੰਮੀ ਤੋਂ ਈ ਸੁਣੀਆਂ ਨੇ। ਸਾਰੇ ਇਹੋ ਜਿਹੀਆਂ ਬੋਲੀਆਂ ਈ ਪਾਉਂਦੇ ਨੇ, ਇਹਨਾਂ 'ਚ ਕੀ ਰੌਂਗ ਆ ?

ਦਾਦੀ : ਰੌਂਗ ਤਾਂ ਇਹੀ ਆ ਬਈ ਇਹਨਾਂ ਦਾ ਮਤਲਬ ਬਹੁਤ ਗ਼ਲਤ ਨਿਕਲਦੈ। ਆਪਦੀ ਮੰਮੀ ਨੂੰ ਬੁਲਾ, ਉਹਨੂੰ ਪੁੱਛਾਂ। ਬਈ ਉਹ ਥੋਨੂੰ ਇਹਨਾਂ ਦਾ ਮਤਲਬ ਕਿਉਂ ਨੀਂ ਦੱਸਦੀ। ਕੁੜੇ ਸੱਤੋ——

ਸੱਤੋ : ਹਾਂ ਜੀ, ਬੀਜੀ।

ਦਾਦੀ : ਧੀਏ ਮੈਂ ਤਾਂ ਪ੍ਰੀਤੀ ਹੋਰਾਂ ਤੋਂ ਬੋਲੀਆਂ ਸੁਣ ਕੇ ਹੀ ਹੈਰਾਨ ਰਹਿ ਗਈ, ਅੱਜ ਕਹਿੰਦੀਆਂ ਤੈਥੋਂ ਸੁਣੀਆਂ ਨੇ।

ਸੱਤੋ : ਕਿਹੜੀਆਂ ਬੋਲੀਆਂ ਬੀਜੀ ?

ਦਾਦੀ : ਇਹ ਤਾਂ ਸੱਸ ਦੇ ਵਿਰੁੱਧ ਹੀ ਬੋਲੀ ਜਾਂਦੀਆਂ ਨੇ। ਇਹਨਾਂ ਨੇ ਬਿਗ਼ਾਨੇ ਘਰ ਜਾਣੈ, ਜੇ ਅਗਲੀ ਨੇ ਗੁੱਸਾ ਕਰ ਲਿਆ, ਇਹਨਾਂ ਨੂੰ ਤਾਂ ਇਹਦਾ ਮਤਲਬ ਵੀ ਨਹੀਂ ਪਤਾ।

ਸੱਤੋ : ਬੀਜੀ ਇਹ ਬੋਲੀਆਂ ਤਾਂ ਉਹੀ ਬੋਲੀਆਂ ਨੇ, ਜਿਹੜੀਆਂ ਅਸੀਂ ਥੋਤੋਂ ਸੁਣੀਆਂ ਨੇ, ਉਹੀ ਗਹਾਂ ਇਹਨਾਂ ਨੇ ਸੁਣ ਲੀਆਂ।

ਦਾਦੀ : ਧੀਏ, ਇਹ ਤਾਂ ਪੁਰਾਣੇ ਜ਼ਮਾਨੇ ਦੀਆਂ ਬੋਲੀਆਂ ਸੀ, ਜਦੋਂ ਕੁੜੀਆਂ ਸੱਸਾਂ ਤੋਂ ਤੰਗ ਹੋ ਕੇ ਆਪਦੇ ਪੇਕੇ ਆ ਕੇ ਇਹ ਬੋਲੀਆਂ ਪਾਉਂਦੀਆਂ ਸੀ, ਤੀਆਂ ਦੇ ਮੇਲੇ ਤੇ।

ਸੱਤੋ : ਆਹੋ ਬੀਜੀ ਐਥੇ ਤਾਂ ਹੁਣ ਸਭ ਸੱਸਾਂ, ਨੋਹਾਂ, ਕੁੜਮ, ਕੁੜਮਣੀਆਂ ਸਭ ਇਕੱਠੇ ਨੱਚਦੇ ਨੇ।

ਦਾਦੀ : ਸਾਡੇ ਜ਼ਮਾਨੇ ਵਿਚ ਤਾਂ ਕੁੜੀਆਂ ਸੱਸਾਂ ਤੋਂ ਬਹੁਤ ਡਰਦੀਆਂ ਸੀ, ਸਾਹਮਣੇ ਥੋੜਾ ਕੁਸ਼ ਕਹਿ ਸਕਦੀਆਂ ਸੀ। ਅੱਗੇ ਪਿੱਛੇ ਕੁੜੀਆਂ ਨੇ ਗੀਤਾਂ, ਬੋਲੀਆਂ ਰਾਂਹੀ ਆਪਣੀ ਭੜਾਸ ਕੱਢਣੀ।

ਸੱਤੋ : ਗੱਲ ਤਾਂ ਥੋੜੀ ਠੀਕ ਆ ਬੀਜੀ, ਅਗਲਾ ਗੁੱਸਾ ਵੀ ਕਰ ਹੀ ਸਕਦੈ। ਨਾਲੇ ਹੁਣ ਰਿਸ਼ਤੇ ਕਦਰ ਦੇ ਨੇ। ਹੁਣ ਛੋਟੇ ਵੱਡੇ ਦਾ ਫਰਕ ਨੀ ਸਗੋਂ ਇੱਜ਼ਤ ਕਰੋ ਇੱਜ਼ਤ ਕਰਾਓ।

ਦਾਦੀ : ਤਾਂ ਹੀ ਤਾਂ ਧੀਏ, ਮੈਂ ਤੈਨੂੰ ਕਹਿੰਨੀਆਂ ਕਿ ਹੁਣ ਆਪਾਂ ਉਹੀ ਲਕੀਰ ਦੇ ਫ਼ਕੀਰ ਨਾ ਬਣੀ ਜਾਈਏ। ਬੱਚਿਆਂ ਨੂੰ ਵਧੀਆ



ਚੰਗੀਆਂ ਗੱਲਾਂ ਦੱਸੀਏ, ਆਪਣੇ ਸੁਹਿਰਦ ਤੇ ਚੰਗੇ ਸਭਿਆਚਾਰ ਦੀਆਂ। ਸੁੱਖ ਨਾਲ ਨੱਚਣ ਟੱਪਣ ਜ਼ਿੰਦਗੀਆਂ ਮਾਨਣ, ਇਹਨਾਂ ਦੀ ਉਮਰ ਆ। ਪਰ ਇਹ ਨਾ ਹੋਵੇ ਕਿ ਦੇਖਣ ਵਾਲਾ ਵੀ ਸ਼ਰਮਸ਼ਾਰ ਹੋਵੇ। ਨਾਲੇ ਧੀਏ, ਇਹਨਾਂ ਨੂੰ ਗਾਣਿਆਂ ਦੇ ਅਰਥ ਦੱਸਿਆ ਕਰੋ। ਬੱਚਿਆਂ ਨੂੰ ਕੀ ਪਤਾ ਇਹ ਤਾਂ ਵਿਚਾਰੇ ਕੋਰੇ ਕਾਗਜ਼ ਨੇ ਅਣਭੋਲ ।

ਸੱਤੋ : ਆਹੋ ਇਹਨਾਂ ਨੂੰ ਤਾਂ ਜੋ ਸਿਖਾਵਾਂਗੇ ਉਹ ਸਿੱਖ ਜਾਣਗੇ। ਨਵੀ ਐਥੇ ਮੈਂ ਇਕ ਨਵੀਂ ਸੀ. ਡੀ. ਲਿਆਂਦੀ ਸੀ, ਉਹ ਲਾ ਕੇ ਦਿਖਾ ਬੀਜੀ ਨੂੰ, ਜੇ ਇਹ ਇਹਨਾਂ ਨੂੰ ਪਸੰਦ ਆ।

(ਉਹ ਸਾਰੀਆਂ ਇਕ ਚੰਗੇ ਤੇ ਸਭਿਅਕ ਗੀਤ ਤੇ ਡਾਂਸ ਕਰਨ ਲਗਦੀਆਂ ਹਨ। ਦਾਦੀ ਦੇਖ ਕੇ ਖ਼ੁਸ਼ ਹੁੰਦੀ ਹੈ। ਗੀਤ ਦੇ ਖ਼ਤਮ ਹੋਣ ਤੇ ਸਾਰੀਆਂ ਨੂੰ ਪਿਆਰ ਦਿੰਦੀ ਹੈ। ਤੇ ਸਟੇਜ ਤੋਂ ਚਲੀਆਂ ਜਾਂਦੀਆਂ ਹਨ।)

ਪਰਦਾ ਡਿੱਗਦਾ ਹੈ।

ਸਮਾਪਤ

ਇਹ ਲਘੂ ਨਾਟਕ ਜੂਨ 2011 ਵਿਚ ਪ੍ਰੋਗਰੈਸਿਵ ਨਾਰੀ ਕਲਚਰਲ ਐਸੋਸ਼ੀਏਸ਼ਨ ਦੀ ਮੈਂਬਰ ਮਨਜੀਤ ਦੁਸਾਂਝ ਦੀ ਮਦਦ ਨਾਲ ਲਿਖਿਆ ਗਿਆ ਤੇ ਵਾਇਸਰਾਏ ਹਾਲ ਵਿਚ ਤਕਰੀਬਨ 1300 ਔਰਤਾਂ ਦੇ ਇਕੱਠ ਵਿਚ ਮੰਚਿਤ ਕੀਤਾ ਗਿਆ। ਇਸ ਨੂੰ ਮੰਚਿਤ ਕਰਨ ਸਮੇਂ ਹੇਠ ਲਿਖੇ ਕਲਾਕਾਰਾਂ ਨੇ ਆਪਣੀ ਭੂਮਿਕਾ ਬਾਖੂਬੀ ਨਿਭਾਈ।

ਪਰਮਿੰਦਰ ਸਵੈਚ
ਮਨਜੀਤ ਦੁਸਾਂਝ
ਅਮਰਜੀਤ ਮੁੰਡੀ
ਮਨਜੀਤ ਗਿੱਲ
ਡੌਲੀ ਥਿੰਦ
ਜਾਸਵਿਨ ਮਾਨ

# ਕਾਗਜ਼ ਦੇ ਫੁੱਲ



## ਪਾਤਰ

| | | |
|---|---|---|
| ਕਮਲ | – | 45 ਸਾਲਾਂ ਦੀ ਔਰਤ |
| ਹਰਬੰਸ | – | ਕਮਲ ਦਾ ਪਤੀ |
| ਗੁਰਨਾਮ | – | ਕਮਲ ਦੀ ਸੱਸ |
| ਰਾਜਾ | – | ਕਮਲ ਦਾ ਬੇਟਾ |
| ਕੁਲਜੀਤ | – | ਕਮਲ ਦੀ ਸਹੇਲੀ |
| ਹਰਮੀਤ | – | ਕਮਲ ਦੀ ਸਹੇਲੀ |
| ਡਾਕਟਰ | | |
| ਨਰਸਾਂ | | |

ਸਥਾਨ - **ਕੈਨੇਡਾ 'ਚ ਰਹਿੰਦੇ ਪ੍ਰਵਾਸੀ ਦਾ ਘਰ**

## ਦ੍ਰਿਸ਼ ਪਹਿਲਾ

(ਕੈਨੇਡਾ ਦੇ ਚੰਗੇ ਖਾਂਦੇ ਪੀਂਦੇ ਘਰ ਦਾ ਸੀਨ ਹੈ। ਸੋਫੇ, ਕੌਫੀ ਟੇਬਲ ਤੇ ਛੋਟੇ ਟੇਬਲ ਵੀ ਪਏ ਹਨ। ਫੁੱਲਦਾਨ ਵੀ ਪਿਆ ਹੈ। ਆਪਣੀ ਲੋੜ ਮੁਤਾਬਕ ਘਰ ਨੂੰ ਸਜਾਇਆ ਜਾ ਸਕਦਾ ਹੈ। ਕਮਲ ਜਲਦੀ ਜਲਦੀ ਕੰਮ ਕਰ ਰਹੀ ਹੈ। ਜਿਵੇਂ ਕਾਫੀ ਸਾਰਾ ਸਮਾਨ ਪੈਕ ਕਰ ਰਹੀ ਹੋਵੇ ਕਿਤੇ ਜਾਣ ਦੀ ਤਿਆਰੀ ਹੋਵੇ। ਉਹ ਆਪਣੇ ਆਪ ਨਾਲ ਹੀ ਗੱਲਾਂ ਕਰ ਰਹੀ ਹੈ। ਫਿਰ ਉਸਦੀ ਸੁਰ ਕੁਝ ਉੱਚੀ ਹੁੰਦੀ ਹੈ।)

ਕਮਲ : ਮੈਂ ਰਾਤੀ ਸਾਰਿਆਂ ਨੂੰ ਸਮਝਾ ਕੇ ਪਈ ਆ ਕਿ ਟਾਈਮ ਨਾਲ ਉੱਠ ਖੜਿਓ, ਹੁਣ ਕੋਈ ਕੁਸਕਦਾ ਵੀ ਨਹੀਂ। ਮੈਂ ਤਾਂ ਸਾਰੇ ਕੰਮ ਵੀ ਨਿਬੇੜ ਦਿੱਤੇ ਨੇ, ਚਲੋ ਮੰਨਿਆ ਬੱਚਿਆਂ ਨੂੰ ਤਾਂ ਨੀਂਦ ਪਿਆਰੀ ਹੁੰਦੀ ਆ, ਆਪ ਵੀ ਕਿਹੜਾ ਉੱਠੇ ਨੇ ਹੁਣ ਤੱਕ।

ਹਰਬੰਸ : ਉਹ ਆ ਗਿਆ, ਆ ਗਿਆ। ਕਿਉਂ ਘਬਰਾਈ ਜਾਂਦੀ ਐਂ?

ਕਮਲ : ਘਬਰਾਉਣ ਦੀ ਗੱਲ ਨੀ। ਰਾਤ ਜਦੋਂ ਇਹ ਫ਼ੈਸਲਾ ਹੋ ਗਿਆ ਸੀ ਕਿ ਆਪਾਂ ਸਾਜਰੇ ਜਾਵਾਂਗੇ। ਫਿਰ ਤਾਂ ਉੱਠਣਾ ਹੀ ਚਾਹੀਦੈ।

ਹਰਬੰਸ : ਫ਼ੈਸਲਾ ਤੇਰੇ ਨਾਲ ਤਾਂ ਹੋ ਗਿਆ ਸੀ ਛੇਤੀ ਜਾਣ ਦਾ ਈ। ਪਰ ਬੱਚਿਆਂ ਨੇ ਮੈਨੂੰ ਮਨਾ ਲਿਆ ਸੀ, ਇਕ ਘੰਟਾ ਲੇਟ ਜਾਣ ਲਈ।

ਕਮਲ : ਨਾ ਫੇਰ ਮੈਨੂੰ ਕਿਉਂ ਨਹੀਂ ਦੱਸਿਆ?

ਹਰਬੰਸ : (ਦੋਨੋਂ ਹੱਥ ਜੋੜ ਕੇ) ਸਰਕਾਰ ਥੋਤੋਂ ਤਾਂ ਡਰਦਿਆਂ ਨੇ ਹੀ ਨਹੀਂ ਦੱਸਿਆ। ਹੋਰ ਰੋਹਬ ਪਾ ਫ਼ੈਸਲਾ ਆਪਦੇ ਹੱਕ ਵਿਚ ਹੀ ਨਾ ਕਰਾ ਲਵੇਂ।

ਕਮਲ : ਅੱਛਿਆ, ਰੋਹਬ ਪਾ ਕੇ?



ਹਰਬੰਸ : ਉਹ ਨਹੀਂ ਨਹੀਂ, ਮੇਰੀ ਜਾਨ, ਬਹੁਤੇ ਪਿਆਰ ਨਾਲ ਫਿਰ ਤੈਨੂੰ ਮੋੜ ਵੀ ਨਹੀਂ ਸਕਦੇ। ਜਦੋਂ ਤੂੰ ਪਿਆਰ ਤੇ ਦਲੀਲ ਨਾਲ ਕੋਨਵਿੰਨਸ ਕਰਦੀ ਐਂ।

ਕਮਲ : (ਨਿਹੋਰੇ ਨਾਲ) ਮੋੜ ਕਿਉਂ ਨਹੀਂ ਸਕਦੇ? ਚੋਰੀ ਚੋਰੀ ਲੀਡਰਾਂ ਵਾਂਗ ਗੱਠਜੋੜ ਕਰਕੇ ਫ਼ੈਸਲੇ ਤਾਂ ਨਵੇਂ ਬਣਾ ਕੇ ਬਹਿ ਜਾਂਦੇ ਉਂ।

ਹਰਬੰਸ : ਕਮਲ ਤੈਨੂੰ ਪਤਾ ਐ, ਅਸੀਂ ਤਾਂ ਤੇਰੇ ਬਿਨ੍ਹਾਂ ਕੱਖ ਦੇ ਵੀ ਨੀ। (ਲਾਚੜ ਕੇ) ਤਾਂ ਹੀ ਤਾਂ ਤੈਨੂੰ ਐਨਾ ਘੁੱਟ ਕੇ ਪਿਆਰ ਕਰਨ ਨੂੰ ਜੀਅ ਕਰਦੈ।

ਕਮਲ : (ਸੰਗ ਕੇ) ਜਾਓ, ਜਾਓ ਮੈਂ ਨੀਂ ਮੰਨਦੀ।

ਹਰਬੰਸ : ਉਹ ਤਾਂ ਬੱਚਿਆਂ ਨੇ ਕਹਿ ਦਿੱਤਾ ਤੇ ਮੈਂ ਮੰਨ ਲਿਆ। ਨਾਲੇ ਤੇਰੇ ਨਾਲ ਮਾੜੀ ਮੋਟੀ ਨੋਕ ਜੋਕ ਕਰਨ ਦਾ ਮੌਕਾ ਮਿਲ ਗਿਆ। ਤੂੰ ਤਾਂ ਕਦੇ ਲੜਨ ਦਾ ਮੌਕਾ ਵੀ ਨਹੀਂ ਦਿੰਦੀ।

ਕਮਲ : ਜਿਹੜੇ ਘਰਾਂ 'ਚ ਲੜਾਈਆਂ ਨੇ, ਉਹ ਘਰਾਂ ਦੇ ਘਰ ਤਬਾਹ ਹੋ ਜਾਂਦੇ ਨੇ। ਤੁਸੀਂ ਕਿਉਂ ਨੀਂ ਸੋਚਦੇ, ਸੁੱਖ ਹੋਵੇ ਸਾਡੇ ਘਰ ਤਾਂ। ਕਦੇ ਐਹੋ ਜਿਹਾ ਗਿੱਲ੍ਹਾ ਪੀਹਣ ਨਾ ਹੀ ਪਵੇ ਕਿ ਸਾਰੇ ਜੀਅ ਇਸ ਅੱਗ ਵਿਚ ਕੋਲਿਆਂ ਵਾਂਗੂੰ ਧੁੱਖਦੇ ਰਹਿਣ।

ਹਰਬੰਸ : ਤੂੰ ਤਾਂ ਗੱਲ ਹੋਰ ਈ ਕਿਧਰੇ ਨੂੰ ਲੈ ਗਈ। ਮੈਂ ਤਾਂ ਬਈ ਐਸ ਗੱਲ ਤੇ ਯਕੀਨ ਕਰਦਾਂ ਕਿ ਥੋੜ੍ਹੀ ਬਹੁਤ ਨੋਕ ਜੋਕ ਨਾਲ ਪਿਆਰ ਵੱਧਦੈ। ਮੈਂ ਤਾਂ ਤੇਰੇ ਨਾਲ ਐਨਾ ਕੁ ਲੜਿਆ ਈ ਕਰਨੈ।

ਕਮਲ : ਆਹੋ ਹੁਣ ਗੱਲਾਂ ਆਉਂਦੀਆਂ ਨੇ, ਮਿਲ ਜਾਂਦੀ ਨਾ ਕੋਈ ਕਪੱਤੀ, ਫਿਰ ਲੜਨ ਦਾ ਸਵਾਦ ਆ ਜਾਂਦਾ। ਫਿਰ ਰੋਂਦੇ ਅੱਖਾਂ 'ਚ ਘਸੁੰਨ ਦੇ ਦੇ ਕੇ।

ਹਰਬੰਸ : ਚਾਹੇ ਤੂੰ ਮੈਨੂੰ ਕੁਸ਼ ਕਹਿ ਲੈ ਮੈਂ ਤਾਂ ਤੈਨੂੰ ਰੱਜ ਰੱਜ ਪਿਆਰ ਵੀ ਕਰਨੈ ਤੇ ਲੜਨਾ ਵੀ ਆ।
(ਰਾਜਾ ਆਉਂਦਾ ਹੈ।)

ਕਮਲ : (ਚਿੰਤਾ ਨਾਲ) ਡੈਡੀ ਤੁਸੀਂ ਲੜਨਾ ਕਿਉਂ ਆਂ?

ਹਰਬੰਸ : ਇਹ ਤਾਂ ਤੁਹਾਡੀਆਂ ਸ਼ਰਾਰਤਾਂ ਨੇ, ਸਰਕਾਰ ਅੱਜ ਉਪਰ ਦੀ ਹੋਈ ਬੈਠੀਆ।

ਰਾਜਾ : ਡੈਡੀ ਸਾਡੀਆਂ ਕਾਹਦੀਆਂ ਸ਼ਰਾਰਤਾਂ?

ਹਰਬੰਸ : ਕਿਉਂ ਰਾਤ ਸਾਜਰੇ ਜਾਣ ਦਾ ਫ਼ੈਸਲਾ ਨੀ ਬਦਲਿਆ। ਮਾਂ ਤਾਂ ਥੋਡੀ ਬੀ. ਸੀ. ਦੀ ਪਾਰਲੀਮੈਂਟ 'ਚ ਐੱਚ. ਐੱਸ. ਟੀ ਦਾ ਮਸਲਾ ਬਣਾ ਕੇ ਬਹਿ ਗਈ। ਆਹ ਭੁਗਤਦਾ ਮੈਂ ਆ ਸਵੇਰ ਦਾ।

ਰਾਜਾ : ਡੈਡ, ਮਾਮ ਐਂ ਨੀਂ ਕਰਦੇ।

ਹਰਬੰਸ : (ਹੱਸ ਕੇ) ਇਕ ਆਹ ਆ ਗਿਆ ਮਾਂ ਦਾ ਵੱਡਾ ਚਮਚਾ, ਮਾਂ ਦੇ ਖਿਲਾਫ਼ ਤਾਂ ਇਕ ਗੱਲ ਨੀਂ ਸੁਣ ਸਕਦੇ।

ਕਮਲ : ਕੀ ਗੱਲ ਤੁਹਾਨੂੰ ਚਿੜ੍ਹ ਆਉਂਦੀ ਹੋਣੀ ਆ ਕਿ ਇਹ ਮੈਨੂੰ ਕੁਝ ਕਹਿਣ ਨਹੀਂ ਦਿੰਦੇ।

ਹਰਬੰਸ : ਉਹ ਨਈਂ ਨਈਂ, ਮੇਰੀ ਤਾਂ ਖ਼ੁਸ਼ੀ ਦੁੱਗਣੀ ਚੌਗੁਣੀ ਹੋ ਜਾਂਦੀ ਐ। ਜਦੋਂ ਮੈਂ ਦੇਖਦਾਂ ਕਿ ਇਹ ਮੇਰੇ ਨਾਲੋਂ ਵੀ ਤੈਨੂੰ ਵੱਧ ਪਿਆਰ ਕਰਦੇ ਨੇ। ਮੈਂ ਤਾਂ ਤੇਰਾ ਦੇਣ ਕਿਤੇ ਨਹੀਂ ਦੇ ਸਕਦਾ, ਤੂੰ ਹੀ ਤਾਂ ਦਿਨ ਰਾਤ ਦੀਆਂ ਸ਼ਿਫ਼ਟਾਂ ਲਾ ਕੇ ਮੇਰੇ ਮੰਮੀ ਡੈਡੀ ਤੇ ਭੈਣ ਭਰਾਵਾਂ ਨੂੰ ਇਥੇ ਸੱਦਿਆ। ਘਰ ਤੇ ਬੱਚਿਆਂ ਦਾ ਖਿਆਲ ਰੱਖਿਆ, ਛੋਟੇ ਭੈਣ ਭਰਾਵਾਂ ਦੇ ਵਿਆਹ ਕੀਤੇ। ਉਹ ਆਪਣੋ ਆਪਣੀ ਥਾਂਈਂ ਘੁੱਗ ਵਸਦੇ ਨੇ। ਤੇਰੀ ਮਿਹਨਤ ਕਰਕੇ ਈ ਇੰਡੀਆ 'ਚ ਚਾਰ ਸਿਆੜ ਖਰੀਦੇ ਆ ਤੇ ਪਿੰਡ 'ਚ ਕਹਿੰਦੀ ਕਹਾਉਂਦੀ ਕੋਠੀ ਖੜ੍ਹੀ ਕਰ ਲਈ ਆ।

ਕਮਲ : ਚਲੋ ਛੱਡੋ, ਕੰਮ ਤਾਂ ਬੰਦੇ ਦਾ ਕਰਮ ਆ। ਮੈਂ ਜੋ ਕੁਝ ਕੀਤਾ ਆਪਣਾ ਫਰਜ਼ ਸਮਝ ਕੇ ਕੀਤਾ। ਤੁਸੀਂ ਮੈਨੂੰ ਐਦਾਂ ਕਹਿ ਕਹਿ ਕੇ ਬਿਗ਼ਾਨੀ ਨਾ ਕਰਿਆ ਕਰੋ।

ਹਰਬੰਸ : ਕਮਲ ਆਹੀ ਤਾਂ ਤੇਰਾ ਵਡੱਪਣ ਆ ਕਿ ਤੂੰ ਸਾਰਾ ਕੁਝ ਕਰਕੇ ਵੀ ਜਿਤਾਉਂਦੀ ਨਹੀਂ ਸਗੋਂ ਸਾਰਿਆਂ ਨੂੰ ਬਹੁਤ ਪਿਆਰ ਕਰਦੀ ਐਂ। ਬੀਜੀ ਬਾਪੂ ਜੀ ਇੰਡੀਆ ਬੈਠੇ ਵੀ ਤੈਨੂੰ ਬਹੁਤ ਯਾਦ ਕਰਦੇ ਰਹਿੰਦੇ ਆ। ਰਾਜੇ ਦੇਖ ਉਏ, ਰੀਤੂ ਅਜੇ ਤੱਕ ਨਹੀਂ ਆਈ।

ਕਮਲ : ਆਹੋ ਸੱਚ ਬੀਜੀ ਬਾਪੂ ਜੀ ਹੋਰਾਂ ਦਾ ਵੀ ਹੁਣ ਮੁੜਨ ਦਾ ਟਾਈਮ ਹੋ ਗਿਆ ਹੋਣੈ। ਪੰਜ ਮਹੀਨੇ ਤਾਂ ਹੋ ਗਏ, ਤੁਸੀਂ ਉਹਨਾਂ ਦੀ ਸੀਟ ਬੁੱਕ ਕਰਾ ਦਿੱਤੀ ਸੀ।

ਹਰਬੰਸ : ਆਹੋ ਉਹਨਾਂ ਨੇ ਅਗਲੇ ਫਰਾਈ ਡੇ ਆ ਜਾਣੈ।

ਕਮਲ : ਲਓ ਰੀਤੂ ਵੀ ਆ ਗਈ, ਚਲੋ ਸਾਰੇ ਜਣੇ ਕਿਚਨ 'ਚ ਬਰੇਕਫਾਸਟ ਕਰੋ, ਤੇ ਚੱਲੀਏ ਫਿਰ ਧੁੱਪ ਚੜ੍ਹ ਆਉਣੀ ਐ।



ਪਾਰਕ ਵਿਚ ਬੈਠਣ ਨੂੰ ਅੱਜ ਕੱਲ ਦੇ ਦਿਨ੍ਹਾਂ ਵਿਚ ਢੁੱਕਵੀਂ ਜਗ੍ਹਾ ਵੀ ਨਹੀਂ ਮਿਲਦੀ ਹੁੰਦੀ।

ਹਰਬੰਸ : ਆਹ ਗੋਰੇ ਚੀਨੇ ਗਰਮੀ ਤੋਂ ਡਰਦੇ ਪਹਿਲਾਂ ਹੀ ਆ ਕੇ ਠੰਢੀਆਂ ਜਗ੍ਹਾ ਰੋਕ ਲੈਂਦੇ ਨੇ।

ਕਮਲ : ਚਲੋ ਚੱਲੀਏ, ਹੁਣ ਕਾਹਦੀ ਉਡੀਕ ਆ।

(ਸਾਰੇ ਜਣੇ ਸਮਾਨ ਚੁੱਕ ਕੇ ਜਾਂਦੇ ਹਨ। ਰੌਸ਼ਨੀ ਮੱਧਮ ਹੁੰਦੀ ਹੈ।)

## ਦ੍ਰਿਸ਼ ਦੂਜਾ

(ਜਦੋਂ ਦੁਬਾਰਾ ਰੌਸ਼ਨੀ ਆਉਂਦੀ ਹੈ ਤਾਂ ਕਮਲ ਸੋਫੇ ਤੇ ਪਈ ਹੈ, ਜਿਵੇਂ ਬਿਮਾਰ ਲੱਗਦੀ ਹੈ।)

ਗੁਰਨਾਮ : ਕੁੜੇ ਕਮਲ, ਅੱਜ ਕੰਮ ਤੇ ਨਹੀਂ ਗਈ, ਕੀ ਗੱਲ ਹੋਗੀ।

ਕਮਲ : ਬੀਜੀ ਪਤਾ ਨਹੀਂ ਮੇਰਾ ਸਰੀਰ ਕੰਮ ਜਿਹਾ ਨਹੀਂ ਕਰਦਾ, ਮੈਂ ਅੱਜ sick call ਕਰ ਦਿੱਤੀ ਸੀ, ਜਿਵੇਂ ਸਰੀਰ ਦਿਨੋ ਦਿਨ ਘਟਦਾ ਜਾਂਦੈ।

ਗੁਰਨਾਮ : ਜਦੋਂ ਅਸੀਂ ਇੰਡੀਆ ਨੂੰ ਗਏ ਆਂ, ਉਦੋਂ ਤਾਂ ਚੰਗੀ ਭਲੀ ਸੀ, ਆ ਕੇ ਦੇਖਿਆ ਜਿਵੇਂ ਤੂੰ ਕੋਈ ਕੰਮ ਕਰਕੇ ਰਾਜ਼ੀ ਓ ਨਹੀਂ।

ਕਮਲ : ਬੀਜੀ ਕੰਮ ਦੀ ਤਾਂ ਕੋਈ ਗੱਲ ਨਹੀਂ, ਉਹ ਤਾਂ ਔਖੀ ਸੌਖੀ ਕਰੀ ਓ ਜਾਂਦੀ ਆ। ਪਰ ਮੇਰਾ ਚਿੱਤ ਰਾਜ਼ੀ ਨੀਂ ਹੈਗਾ।

ਗੁਰਨਾਮ : ਇੰਡੀਆ ਵਾਲੇ ਮੁੰਡੇ ਨੇ ਤਾਂ ਥੋਡੇ ਕਹੇ ਤੇ ਵਿੱਢ ਵਿੱਢ ਲਿਆ, ਡੰਗਰਾਂ ਵਾਲਾ ਥਾਂ ਨਵਾਂ ਛੱਤਣ ਲੱਗ ਪਏ, ਜੇ ਕੰਮ ਤੇ ਨਾ ਗਈ ਤਾਂ ਪੈਸੇ ਕਿੱਥੋਂ ਭੇਜਾਂਗੇ।

ਕਮਲ : ਬੀਜੀ ਕੋਈ ਨੀ ਮੈਂ ਦੋ ਚਾਰ ਦਿਨਾਂ 'ਚ ਠੀਕ ਹੋ ਹੀ ਜਾਊਂਗੀ, ਕੱਲ ਟੈਸਟ ਕਰਾ ਕੇ ਆਈ ਆ, ਰੀਪੋਰਟ ਆਈ ਤੇ ਡਾਕਟਰ ਦਵਾਈ ਲਿਖ ਦੂ ਗਾ। ਕੰਮ ਤੇ ਕਿਉਂ ਨੀ ਜਾਣਾ? ਉਹ ਤਾਂ ਜਾਣਾ ਈ ਪੈਣੈ।

ਗੁਰਨਾਮ : ਐਥੇ ਦੇ ਤਾਂ ਡਾਕਟਰ ਵੀ ਰਿਪੋਰਟਾਂ ਉਡੀਕੀ ਜਾਂਦੇ ਨੇ, ਐਂ ਨੀ ਬਈ ਬੰਦਾ ਚੱਲ ਕੇ ਡਾਕਟਰ ਦੇ ਗਿਆ ਬਈ ਤਾਕਤ ਦਾ ਟੀਕਾ ਈ ਲਾ ਦੇਵੇ। ਏਸ ਗੱਲੋਂ ਇੰਡੀਆ ਦੇ ਡਾਕਟਰ ਭੋਰਾ ਹੀਲ ਹੁੱਲਤ ਨੀ ਕਰਦੇ, ਜਦੇ ਟੀਕਾ ਲਾ ਕੇ ਤੋਰ ਦਿੰਦੇ ਨੇ, ਬੰਦਾ ਨੌਂ ਬਰ ਨੌਂ।

ਕਮਲ : ਬੀਜੀ ਐਥੇ ਦੇ ਡਾਕਟਰ ਇਹ ਨਹੀਂ ਕਰ ਸਕਦੇ ਕਿ ਪਾਣੀ ਦਾ ਟੀਕਾ ਈ ਭਰ ਕੇ ਲਾ ਦੇਣ।

ਗੁਰਨਾਮ : ਟੀਕਾ ਚਾਹੇ ਪਾਣੀ ਦਾ ਹੋਵੇ ਚਾਹੇ ਤਾਕਤ ਦਾ, ਬੰਦੇ ਨੂੰ ਇਕ ਵਾਰੀ ਧਰਵਾਸਾ ਤਾਂ ਆ ਈ ਜਾਂਦੈ।

ਕਮਲ : ਬੀਜੀ ਧਰਵਾਸੇ ਨਾਲ ਕੀ ਹੋਊਗਾ, ਉੱਧਰ ਬਿਮਾਰੀ ਲੰਮੀ ਪੈਜੂ। ਜਿੰਨਾ ਚਿਰ ਬਿਮਾਰੀ ਪਤਾ ਨਹੀਂ, ਉਹਦਾ ਇਲਾਜ ਕਿਵੇਂ ਹੋਊ।

ਗੁਰਨਾਮ : ਅੱਜ ਹਰਬੰਸ ਅਜੇ ਤੱਕ ਨੀ ਅਇਆ, ਉਹਨੇ ਕਿਤੇ ਜਾਣਾ ਸੀ।

ਕਮਲ : ਬੀਜੀ ਪਤਾ ਨਹੀਂ, ਹੁਣ ਤਾਂ ਆਉਣ ਵਾਲੇ ਈ ਨੇ।

ਗੁਰਨਾਮ : ਮੈਂ ਤੈਨੂੰ ਪੀਣ ਲਈ ਚਾਹ ਬਣਾ ਕੇ ਦੇਵਾਂ।

ਕਮਲ : ਲਓ ਇਹ ਵੀ ਆ ਗਏ, ਹੁਣੇ ਯਾਦ ਕਰਦੇ ਸੀ।

ਹਰਬੰਸ : ਕਮਲ ਅੱਜ ਡਾਕਟਰ ਦੇ ਗਈ ਸੀ, ਕੀ ਕਹਿੰਦਾ ਡਾਕਟਰ?

ਕਮਲ : ਅਜੇ ਤਾਂ ਟੈਸਟ ਕਰਵਾਏ ਨੇ, ਕਹਿੰਦਾ ਸੀ ਛੇਤੀ ਰਿਪੋਰਟ ਭੇਜਣ ਲਈ ਕਿਹੈ।

ਹਰਬੰਸ : ਉਂਝ ਉਹਨੇ ਚੈੱਕ ਕੀਤਾ ਹੋਣੈ।

ਕਮਲ : ਹਾਂ ਚੈੱਕ ਤਾਂ ਕੀਤੈ, ਥੋੜਾ ਬੁਖਾਰ ਵੀ ਰਹਿੰਦੈ। ਅਜੇ ਤਾਂ Tylenol ਲੈਣ ਲਈ ਕਿਹੈ। ਚੰਗਾ ਜਾਓ, ਤੁਸੀਂ ਨਹਾ ਧੋ ਲਉ। ਮੈਂ ਰਾਜੇ ਨੂੰ ਸੌਕਰ ਗੇਮ ਤੇ ਲੈ ਕੇ ਚੱਲੀਆਂ, ਆ ਕੇ ਬੈਠਦੇ ਆਂ।
(ਕਮਲ ਤੇ ਰਾਜਾ ਚਲੇ ਜਾਂਦੇ ਹਨ।)

ਗੁਰਨਾਮ : ਹਰਬੰਸ, ਕਮਲ ਤਾਂ ਸਾਰੀ ਦਿਹਾੜੀ ਪਈ ਓ ਰਹਿੰਦੀ ਆ। ਅੱਜ ਕੰਮ ਤੇ ਵੀ ਨਹੀਂ ਗਈ, ਜੇ ਐਦਾਂ ਈ ਛੁੱਟੀਆਂ ਲਈ ਗਈ ਤਾਂ ਜਿਹੜਾ ਇੰਡੀਆ ਛੇੜਾ ਛੇੜ ਲਿਆ, ਉਹ ਕਿਵੇਂ ਸਿਰੇ ਚੜ੍ਹੂਗਾ।

ਹਰਬੰਸ : ਬੀਜੀ ਜਦ ਉਹਦੀ ਸਿਹਤ ਈ ਠੀਕ ਨਹੀਂ, ਉਹ ਕੰਮਾਂ ਨੂੰ ਕੀ ਕਰੇ।

ਗੁਰਨਾਮ : ਤੂੰ ਤਾਂ ਮੇਰੇ ਨਾਲ ਲੜਨ ਈ ਲੱਗ ਗਿਆ, ਮੈਂ ਵੀ ਤਾਂ ਇਹਦਾ ਫ਼ਿਕਰ ਈ ਕਰਦੀ ਆਂ।

ਹਰਬੰਸ : ਬੀਜੀ ਅੱਜ ਤੱਕ ਇਹਨੇ ਸਾਰਿਆਂ ਲਈ ਸਭ ਕੁਝ ਕੀਤਾ ਈ ਆ, ਜੇ ਹੁਣ ਨਾ ਹੋਊ ਫਿਰ ਕੀ ਆ।

ਗੁਰਨਾਮ : ਨਾ ਉੱਥੇ ਨੱਕ ਨੀ ਵੱਢਿਆ ਜਾਊ, ਕਹਿਣਗੇ ਸਾਰਾ ਟੱਬਰ



ਕੈਨੇਡਾ 'ਚ ਬੈਠਾ, ਐਥੇ ਡੰਗਰਾਂ ਵਾਲਾ ਕੋਠੜਾ ਵਿਚਾਲੇ ਖੜ੍ਹੈ।

ਹਰਬੰਸ : ਬੀਜੀ ਐਂਤਕੀ ਤੁਸੀਂ ਆਪਦੀ ਪੈਨਸ਼ਨ ਭੇਜ ਦਿਓ।

ਗੁਰਨਾਮ : ਲੈ, ਹੈ ਸਾਡੀ ਪੈਨਸ਼ਨ, ਇਹਦੇ ਨਾਲ ਤਾਂ ਕੁੜੀਆਂ ਦੇ ਦਿਨ ਸੁਦ ਈ ਠੀਕ ਨੀ ਆਉਂਦੇ। ਜੇ ਆਪਾਂ ਉਹਨਾਂ ਦੇ ਜਾ ਕੇ ਨਾ ਖੜ੍ਹੇ ਤਾਂ ਉਹਨਾਂ ਦੀ ਪਿੱਠ ਕੌਣ ਪੂਰੂ।

ਹਰਬੰਸ : ਤੈਨੂੰ ਪਤਾ ਤਾਂ ਹੈ ਬੀਜੀ ਕਿ ਇਥੇ ਤਾਂ ਲੋਕਾਂ ਦੇ ਦਿਨੋ ਦਿਨ ਕੰਮ ਟੁੱਟੀ ਜਾਂਦੇ ਨੇ। ਮੈਨੂੰ ਮਿੱਲ ਵਾਲਿਆਂ ਨੇ ਲੇਅ ਔਫ ਕਰਤਾ, ਐਥੇ ਤਾਂ ਆਪਦਾ ਗੁਜ਼ਾਰਾ ਕਰਨਾ ਔਖਾ ਹੋ ਰਿਹੈ। ਚੱਲ ਕੋਈ ਨੀ ਮੈਂ ਛੋਟੇ ਨਾਲ ਸਲਾਹ ਕਰਦਾਂ।
(ਕਹਿ ਕੇ ਬਾਹਰ ਨੂੰ ਚਲਾ ਜਾਂਦਾ ਹੈ ਤੇ ਰੌਸ਼ਨੀ ਚਲੀ ਜਾਂਦੀ ਹੈ।)

## ਦ੍ਰਿਸ਼ ਤੀਜਾ

(ਜਦੋਂ ਰੌਸ਼ਨੀ ਦੁਬਾਰਾ ਆਉਂਦੀ ਹੈ ਤਾਂ ਕਮਲ ਸਿਰ ਬੰਨ੍ਹੀ ਬੈਠੀ ਹੈ ਤੇ ਹਰਬੰਸ ਆਉਂਦਾ ਹੈ।)

ਹਰਬੰਸ : ਕਮਲ ਦਵਾਈ ਲੈ ਲਈ।

ਕਮਲ : ਨਹੀਂ ਜੀ ਦੇ ਦਿਓ।

ਹਰਬੰਸ : ਦਵਾਈ ਤਾਂ ਟਾਈਮ ਨਾਲ ਲੈ ਲਿਆ ਕਰ, ਫਿਰ ਏ ਠੀਕ ਹੋਵੇਂਗੀ।

ਕਮਲ : ਬਿਮਾਰੀ ਓ ਐਨੀ ਭੈੜੀ ਲੱਗ ਗਈ, ਮੈਂ ਕੀ ਠੀਕ ਹੋਣਾ। ਬੱਚਿਆਂ ਤੇ ਬੀਜੀ ਨਾਲ ਕੋਈ ਗੱਲ ਕੀਤੀ ਹੋਊ।

ਹਰਬੰਸ : ਬੱਚਿਆਂ ਨਾਲ ਗੱਲ ਕਰਨ ਦਾ ਤਾਂ ਮੇਰਾ ਹਿਉਂ ਨਹੀਂ ਪਿਆ। ਬੀਜੀ ਬਾਪੂ ਜੀ ਨੂੰ ਦੱਸ ਦਿੱਤਾ ਸੀ।

ਕਮਲ : ਕਹਿੰਦੇ ਹੋਣਗੇ ਕੁਝ?

ਹਰਬੰਸ : ਬੱਸ ਇਹੀ ਕਹਿੰਦੇ ਸੀ ਕਿ ਰੱਬ ਦੀ ਮਰਜ਼ੀ ਆ, ਬੰਦੇ ਦੇ ਤਾਂ ਵਸ ਈ ਕੁਝ ਨਹੀਂ। ਬੱਚਿਆਂ ਦਾ ਫ਼ਿਕਰ ਕਰਦੇ ਸੀ ਕਿ ਉਹ ਕੀ ਕਰਨਗੇ?

ਕਮਲ : ਬੱਚੇ ਤਾਂ ਨਿਆਣੇ ਆ ਸਮਾਂ ਪਾ ਕੇ ਭੁੱਲ ਜਾਣਗੇ।

ਹਰਬੰਸ : ਮੇਰੀ ਤਾਂ ਸਮਝ ਤੋਂ ਬਾਹਰ ਹੋਇਆ ਪਿਐ ਸਭ ਕੁੱਝ।

ਕਮਲ : ਤੁਸੀਂ ਵੀ ਆਸ ਛੱਡ ਤੀ ਕਿ ਮੈਂ ਕਦੇ ਠੀਕ ਨਹੀਂ ਹੋਵਾਂਗੀ।

ਹਰਬੰਸ : ਕਿਉਂ ਨੀ ਹੋਵੇਂਗੀ ਠੀਕ, ਹੁਣ ਤਾਂ ਡਾਕਟਰਾਂ ਨੇ ਹਰ ਇਕ ਬਿਮਾਰੀ ਦਾ ਇਲਾਜ ਲੱਭ ਲਿਆ, ਤੂੰ ਕਿਉਂ ਨੀ ਠੀਕ ਹੋਵੇਂਗੀ। ਪਰਸੋਂ ਨੂੰ ਤੈਨੂੰ Hospital admit ਕਰਵਾ ਦੇਣਾ, ਉਹਨਾਂ ਨੇ ਸਰਜਰੀ ਦਾ ਟਾਈਮ ਦਿੱਤੈ।

ਕਮਲ : ਜੇ ਮੈਂ ਠੀਕ ਨਾ ਹੋਈ?

ਹਰਬੰਸ : ਕਿਉਂ ਕਮਲ਼ ਕੁੱਟਦੀ ਰਹਿੰਦੀ ਆਂ ਸਾਰੀ ਦਿਹਾੜੀ, ਕਿਉਂ ਠੀਕ ਨਾ ਹੋਈ। ਨਾਲੇ ਸੋਚ ਹਮੇਸ਼ਾਂ positive ਰੱਖੀਦੀ ਆ।

ਕਮਲ : ਮੈਂ ਤਾਂ ਸੋਚਦੀ ਰਹਿੰਦੀ ਆਂ ਕਿ ਮੇਰੇ ਪਿੱਛੋਂ ਬੱਚਿਆਂ ਤੇ ਤੁਹਾਡਾ ਕੀ ਬਣੂ?

ਹਰਬੰਸ : ਫੇਰ ਉਹੀ ਗੱਲ, ਬਣਨਾ ਕੀ ਆ। ਕੋਈ ਨੀ ਸਭ ਕੁਝ ਠੀਕ ਹੋਜੂ। ਤੂੰ ਘਬਰਾ ਨਾ। ਚੰਗਾ ਚੱਲ rest ਕਰੀਏ।

(ਦੋਵੇਂ ਉੱਠ ਕੇ ਅੰਦਰ ਨੂੰ ਜਾਂਦੇ ਹਨ।)

## ਦ੍ਰਿਸ਼ ਚੌਥਾ

(ਹਰਮੀਤ ਦੇ ਘਰ ਦਾ ਬੈਠਣ ਵਾਲਾ ਕਮਰਾ)

(ਕਮਲ ਦੋ ਮਹੀਨੇ ਤੋਂ ਬਿਮਾਰ ਪਈ ਹੈ। ਕਮਲ ਦੀਆਂ ਦੋ ਫਰੈਂਡਾਂ ਹਰਮੀਤ ਤੇ ਕੁਲਜੀਤ ਆਪਸ ਵਿਚ ਗੱਲਾਂ ਕਰਦੀਆਂ ਹਨ। ਉਹ ਉਸਦੀ ਖਬਰ ਲੈਣ ਜਾਂਦੀਆਂ ਹਨ।)

ਹਰਮੀਤ : ਸਤਿ ਸ੍ਰੀ ਅਕਾਲ , ਕੁਲਜੀਤ।

ਕੁਲਜੀਤ : ਸਤਿ ਸ੍ਰੀ ਅਕਾਲ ।

ਹਰਮੀਤ : ਹੋਰ ਕੁਲਜੀਤ , ਅੱਜ ਕਿਵੇਂ ਗੇੜਾ ਮਾਰ ਲਿਆ। ਉਂਜ ਤਾਂ ਸਭ ਕੁਝ ਠੀਕ ਠਾਕ ਹੈ ਨਾ ਫ਼ੋਨ ਕੀਤਾ ਸੀ?

ਕੁਲਜੀਤ : ਉਂਝ ਤਾਂ ਸਭ ਕੁਝ ਠੀਕ ਹੈ । ਮੈਂ ਤਾਂ ਤੁਹਾਨੂੰ ਫ਼ੋਨ ਇਸ ਲਈ ਕੀਤਾ ਸੀ ਕਿ ਕਮਲ ਦੀ ਖਬਰ ਨੂੰ ਜਾ ਆਵਾਂ।

ਹਰਮੀਤ : ਚੰਗਾ ਕੀਤਾ ਤੂੰ ਇਧਰ ਨੂੰ ਹੀ ਆ ਗਈ। ਮੈਂ ਤਾਂ ਰੋਜ਼ਾਨਾ ਜਾਣਾ ਹੀ ਹੁੰਦੈ। ਤੈਨੂੰ ਵੀ ride ਮਿਲ ਜੂ ਗੀ। ਉਥੋਂ ਆਉਣ ਵੇਲੇ ਕਿਸੇ ਬੱਸ ਬਗੈਰਾ ਤੇ ਆ ਜਾਣਾ।

ਕੁਲਜੀਤ : ਕੀ ਗੱਲ ਤੂੰ ਮੁੜ ਕੇ ਨਹੀਂ ਆਉਣਾ?

ਹਰਮੀਤ : ਆਉਣਾ ਤਾਂ ਹੈ ਪਰ ਮੈਨੂੰ ਉਹਦਾ ਬਹੁਤ ਖਿਆਲ ਰੱਖਣਾ



ਪੈਂਦੇ, ਮੈਂ ਤਾਂ ਕਾਫੀ ਲੇਟ ਹੀ ਹੋ ਜਾਂਦੀ ਹਾਂ।

ਕੁਲਜੀਤ : ਕੀ ਗੱਲ ਉਹਦੇ ਘਰਦੇ ਉਥੇ ਨੀਂ ਹੁੰਦੇ?

ਹਰਮੀਤ : ਉਹਨਾਂ ਦੇ ਹੋਣ ਜਾ ਨਾ ਹੋਣ ਦਾ ਕੋਈ ਫਰਕ ਨਹੀਂ ਪੈਂਦਾ, ਜਦੋਂ ਲਹੂ ਦੇ ਵਿਚ ਪਾਣੀ ਪੈ ਜਾਵੇ, ਫਿਰ ਤਾਂ ਰਿਸ਼ਤੇ ਮਹਿਕ ਵਿਹੂਣੇ ਹੋ ਜਾਂਦੇ ਨੇ।

ਕੁਲਜੀਤ : ਕਿਉਂ ਕੀ ਗੱਲ ਹੋਈ? ਉਹਦੇ ਤਾਂ ਪੇਕੇ ਵੀ ਤੇ ਸਹੁਰੇ ਵੀ ਇੱਥੇ ਈ ਨੇ।

ਹਰਮੀਤ : ਹਾਂ, ਹੈ ਤਾਂ ਇੱਥੇ ਈ। ਉਨ੍ਹਾਂ ਨੂੰ ਜਦੋਂ ਦਾ ਪਤਾ ਲੱਗਿਐ ਕਿ ਇਹਨੂੰ ਕੈਂਸਰ ਹੋ ਗਿਆ। ਹੁਣ ਬਚਣਾ ਨਹੀਂ, ਸਭ ਪਾਸਾ ਵੱਟਗੇ।

ਕੁਲਜੀਤ : ਅੱਛਾ! ਹਰਮੀਤ ਮੈਨੂੰ ਯਾਦ ਐ ਕਿ ਜਦ ਇਹ ਪੜ੍ਹਦੀ ਸੀ ਕਿੰਨੀ intelligent ਸੀ। ਪੜ੍ਹਨ ਵਿਚ ਵੀ ਤੇ ਖੇਡਾਂ ਵਿਚ ਵੀ, ਸਭ ਕਾਸੇ ਵਿਚ ਅੱਗੇ। ਇਹਦੇ ਭੈਣ ਭਰਾ ਇਹਦੇ ਤੇ ਕਿੰਨਾ ਮਾਣ ਮਹਿਸੂਸ ਕਰਦੇ ਸੀ।

ਹਰਮੀਤ : ਇਹਦੇ ਵਿਆਹ ਵੇਲੇ ਹਰਬੰਸ ਨੇ ਪਤਾ ਨਹੀਂ ਕਿੰਨੀਆਂ ਕੁ ਕੁੜੀਆਂ ਦੇਖੀਆਂ ਹੋਣੀਆਂ ਨੇ, ਵਿਚੋਲੇ ਨੇ ਖਹਿੜਾ ਨੀਂ ਛੱਡਿਆ, ਜਿੰਨਾ ਚਿਰ ਇਹਦੇ ਡੈਡੀ ਤੋਂ ਹਾਂ ਨਹੀਂ ਕਰਵਾ ਲਈ। ਇਹ ਤਾਂ ਮੰਨਦੀ ਨਹੀਂ ਸੀ, ਕਹਿੰਦੀ ਸੀ ਅੱਗੇ ਪੜ੍ਹਨੈ। ਕੈਨੇਡਾ ਦਾ ਲਾਲਚ ਦੇ ਕੇ ਅਗਲਿਆਂ ਨੇ ਇਹਦੇ ਡੈਡੀ ਨੂੰ ਮਨਾ ਲਿਆ।

ਕੁਲਜੀਤ : ਵਿਆਹ ਤੋਂ ਬਾਅਦ ਤਾਂ ਵਥੇਰੀ ਖੁਸ਼ ਲੱਗਦੀ ਸੀ।

ਹਰਮੀਤ : ਹਾਂ ਖੁਸ਼ ਸੀ ਵਥੇਰਾ ਹੱਥਾਂ ਤੇ ਚੁੱਕਦੇ ਸੀ ਕਿ ਐਨੀ ਸੋਹਣੀ, ਸੁਨੱਖੀ ਤੇ ਕਾਮੀ ਕਿਸੇ ਨੇ ਹੋਣੈ?

ਕੁਲਜੀਤ : ਨਾ ਹੁਣ, ਉਨ੍ਹਾਂ ਨੂੰ ਕੀ ਸੱਪ ਸੁੰਘ ਗਿਆ? ਇਹਦੇ ਕਿਹੜਾ ਵਸ ਦੀ ਗੱਲ ਐ।

ਹਰਮੀਤ : ਵਸ ਕੀਹਦਾ ਕੀਹਨੇ ਦੇਖਿਐ, ਅਗਲੇ ਤਾਂ ਮਰਨ ਤੋਂ ਪਹਿਲਾਂ ਹੀ ਨਵੀਆਂ ਵਿਉਤਾਂ ਵਿਉਂਤਣ ਲੱਗ ਗਏ।

ਕੁਲਜੀਤ : ਹਰਮੀਤ ਕੀ ਬੁਝਾਰਤਾਂ ਜਿਹੀਆਂ ਪਾਈ ਜਾਨੀਐਂ, ਵਿਚੋਂ ਗੱਲ ਕੀ ਐ?

ਹਰਮੀਤ : ਨਾ ਕੁਲਜੀਤ ਮੇਰੀ ਕਰੀ ਗੱਲ ਤਾਂ ਦੂਰ ਹੋ ਜਾਣੀਐ, ਚੱਲ ਆਪਾਂ ਕਮਲ ਨੂੰ ਮਿਲਣਾ ਹੀ ਹੈ, ਉਹਦੇ ਨਾਲ ਹੀ ਦੁੱਖ ਸਾਂਝਾ

ਕਰ ਲਵੀਂ। ਚੱਲ ਤੁਰ।
(ਦੋਨੋਂ ਚਲੀਆਂ ਜਾਂਦੀਆਂ ਹਨ।)

## ਦ੍ਰਿਸ਼ ਪੰਜਵਾਂ

(ਹਸਪਤਾਲ ਦਾ ਕਮਰਾ)
(Hospital ਦੇ ਵਿਚ ਕਮਲ ਬੈਂਡ ਤੇ ਪਈ ਹੈ, ਕੋਲ ਟੇਬਲ ਪਿਆ ਹੈ ਉਸਤੇ ਦਵਾਈਆਂ, ਪਾਣੀ ਵਗੈਰਾ ਪਿਆ ਹੈ, ਉਹ ਬਹੁਤ ਕਮਜ਼ੋਰ ਦਿਖਾਈ ਦੇ ਰਹੀ ਹੈ। ਇਕ ਨਰਸ ਤੇ ਡਾਕਟਰ ਕਮਲ ਦੀ check up ਕਰ ਰਹੇ ਹਨ।)

Doctor : well Kamal, your looking better! How are you feeling?

Kamal : I don't know Doctor, sometimes I feel okay sometimes I can't even get up.

Doctor : Do you feel pain in your muscles or your head?

Kamal : Not really, I just feel very tired.

Doctor : Well Kamal, it seems to me that you're getting better so keep it up.

Kamal : Okay, thank you Doctor.

Doctor : Also, if you have any problem, make sure to give the nurse a call.

Kamal : Okay.
(ਇੰਨੇ ਨੂੰ ਕਮਲ ਦੀ ਸੱਸ ਗੁਰਨਾਮ ਕੌਰ ਹੱਥ ਵਿਚ ਰੋਟੀ ਵਾਲਾ ਟਿਫਨ ਲੈ ਕੇ ਆਉਂਦੀ ਹੈ। ਕੁਰਸੀ ਤੇ ਬੈਠਦੀ ਹੋਈ ਕਮਲ ਦਾ ਹੱਥ ਫੜ੍ਹ ਕੇ ਉਸ ਨੂੰ ਪੁੱਛਦੀ ਹੈ।)

ਗੁਰਨਾਮ : ਕਿਵੇਂ ਐ ? ਕਮਲ

ਕਮਲ : ਸਤਿ ਸ੍ਰੀ ਅਕਾਲ ਬੀਜੀ।

ਗੁਰਨਾਮ : ਸਤਿ ਸ੍ਰੀ ਅਕਾਲ, ਸਿਹਤ ਠੀਕ ਆ।

ਕਮਲ : ਠੀਕ ਆ।

ਗੁਰਨਾਮ : ਡਾਕਟਰ ਆ ਕੇ ਗਿਆ, ਉਸ ਨੇ ਕੁਛ ਦੱਸਿਆ ਹੋਊ।



ਕਮਲ : ਇੱਥੇ ਦੇ ਡਾਕਟਰਾਂ ਨੇ ਕੀ ਕਹਿਣਾ, ਉਹ ਤਾਂ ਬੱਸ ਹੌਂਸਲਾ ਦਿੰਦੇ ਰਹਿੰਦੇ ਨੇ।

ਗੁਰਨਾਮ : ਮੈਂ ਤਾਂ ਮੂੰਗੀ-ਮਸਰੀ ਦੀ ਦਾਲ਼ ਬਣਾ ਕੇ ਲਿਆਈ ਸੀ। ਕੁਝ ਖਾਧੈ ਕਿ ਨਹੀਂ।

ਕਮਲ : ਬੀਜੀ ਹਾਂ, Soup ਪੀ ਲਿਆ ਸੀ, ਖਾਣਾ ਤਾਂ ਇੱਥੇ ਵੀ ਵਧੀਆ ਈ ਮਿਲਦੈ। ਬੀਜੀ ਅੱਜ ਹਰਬੰਸ ਨੇ ਗੇੜਾ ਨੀ ਮਾਰਿਆ।

ਗੁਰਨਾਮ : ਉਹ ਤਾਂ ਬਹੁਤਾ ਹੀ ਅੱਪਸੈੱਟ ਹੋਇਆ ਪਿਐ। ਮੈਂ ਤਾਂ ਉਹਨੂੰ ਬਥੇਰਾ ਸਮਝਾਉਂਨੀਆਂ ਕਿ ਜੋ ਹੋਣਾ ਸੀ ਹੋ ਗਿਆ। ਹੋਣੀ ਨੂੰ ਕੌਣ ਟਾਲ ਸਕਦੈ।

ਕਮਲ : ਅਜੇ ਤਾਂ ਮੈਂ ਜੀਂਦੀ ਆ, ਉਹ ਪਹਿਲਾਂ ਹੀ ਕਿਉਂ ਨਿਮੋਹਰੇ ਹੋਈ ਜਾਂਦੇ ਨੇ।

ਗੁਰਨਾਮ : ਨਾ ਧੀਏ ਨਾ ਐਂ ਨਾ ਕਹਿ। (ਕਮਲ ਦੇ ਕੋਲ ਨੂੰ ਹੋ ਕੇ) ਮੈਂ ਤਾਂ ਧੀਏ, ਤੇਰੇ ਨਾਲ ਗੱਲ ਕਰਨ ਆਈ ਸੀ ਕਿ ਤੇਰੀ ਹਾਲਤ ਬਾਰੇ ਤਾਂ ਤੈਨੂੰ ਪਤਾ ਈ ਐ। ਤੇਰੇ ਬਾਪੂ ਜੀ ਕਹਿੰਦੇ ਸੀ ਕਿ ਤੈਨੂੰ ਆਪਣੀ property ਵਗੈਰਾ ਹਰਬੰਸ ਦੇ ਨਾਂ ਕਰ ਦੇਣੀ ਚਾਹੀਦੀ ਐ। ਪਿੱਛੋਂ ਫਿਰ ਐਵੇਂ ਕੋਈ ਰੱਫੜ ਪੈਂਦਾ ਫਿਰੂ। ਅੱਜ ਤੇਰੀ ਮੰਮੀ ਦਾ ਫ਼ੋਨ ਆਇਆ ਸੀ ਕਿ ਤੇਰੇ ਹੀ ਮਾਮੇ ਦੀ ਲੜਕੀ 17 ਸਾਲਾਂ ਦੀ ਹੋ ਗਈ ਹੈ। ਕਹਿੰਦੇ ਨੇ ਜੇ ਉਹਦੇ ਮਾਂ-ਬਾਪ ਸਾਈਨ ਕਰ ਦੇਣ ਤਾਂ ਉਹ ਹਰਬੰਸ ਨਾਲ ਵਿਆਹ ਕਰ ਕੇ ਕੈਨੇਡਾ ਆ ਜੂਗੀ। ਪਿਛੋਂ ਤੇਰੇ ਮਾਮਾ-ਮਾਮੀ ਸਾਰਾ ਟੱਬਰ ਇਥੇ ਆ ਜੂ। ਨਾਲੇ ਆਹ ਆਪਣੇ ਜੁਆਕਾਂ ਨੂੰ ਮਾਂ ਮਿਲ ਜੂ।

ਕਮਲ : ਬੀਜੀ ਥੋਨੂੰ ਹਰਬੰਸ ਦੀ ਉਮਰ ਦਾ ਤਾਂ ਪਤੈ ਈ ਐ, ਪੰਜਾਹਾਂ ਨੂੰ ਢੁੱਕਣ ਲੱਗੇ ਨੇ, ਰਾਜੇ ਹੋਰੀਂ ਤਾਂ ਹੁਣ ਬਰਾਬਰ ਦੇ ਹੋਏ ਪਏ ਨੇ।

ਗੁਰਨਾਮ : ਜੁਆਕਾਂ ਦਾ ਕੀ ਐ, ਇਨ੍ਹਾਂ ਤੇ ਤਾਂ ਨਿੱਤ ਬਾਰ ਆਉਂਦੈ। ਫਿਰ ਮੇਰਾ ਪੁੱਤ ਤਾਂ ਨੀਂ ਬੁੜ੍ਹਾ ਹੋ ਗਿਆ, ਤੇਰੇ ਪਿੱਛੋਂ ਉਹਨੇ ਵੀ ਤਾਂ ਜ਼ਿੰਦਗੀ ਕੱਢਣੀ ਐ।

ਕਮਲ : ਬੀਜੀ, ਮੈਂ ਅਜੇ ਜਿਊਂਦੀਆਂ, ਮੇਰੀਆਂ ਅੱਖਾਂ ਸਾਹਮਣੇ ਤੁਸੀਂ ਇਸ ਅਨਰਥ ਬਾਰੇ ਸੋਚ ਰਹੇ ਉਂ। ਰਾਜੇ ਨਾਲੋਂ ਤਾਂ ਰੀਨਾ ਸਿਰਫ਼ ਚਾਰ ਸਾਲ ਵੱਡੀ ਐ। ਉਹਦੀ ਉਹ ਮਾਂ ਕਿਵੇਂ ਲੱਗੂ ? ਲੂਣਾ ਤੇ ਪੂਰਨ ਦੇ ਇਤਿਹਾਸਕ ਕਿੱਸੇ ਨੂੰ ਕਿਉਂ ਦੁਹਰਾਉਣ ਲੱਗੇ ਉਂ।

ਗੁਰਨਾਮ : ਕਮਲ ਕੈਨੇਡਾ ਆਉਣ ਪਿੱਛੇ ਅਗਲੇ ਆਪ ਕਹਿੰਦੇ ਨੇ। ਅਸੀਂ

ਤਾਂ ਕੋਈ ਮਜਬੂਰ ਨਹੀਂ ਕਰ ਰਹੇ।

ਕਮਲ : ਮਜਬੂਰ ਤਾਂ ਨਹੀਂ ਕਰਦੇ, ਪਰ ਉਹਨਾਂ ਦੀਆਂ ਮਜਬੂਰੀਆਂ ਦਾ ਨਜਾਇਜ ਫਾਇਦਾ ਤਾਂ ਉਠਾਉਂਦੇ ਈ ਉਂ ਸਾਰੇ ਰਲ਼ ਮਿਲ਼ ਕੇ ਰਿਸ਼ਤਿਆਂ ਦੀ ਹੀ ਬਲੀ ਦੇਣੀ ਚਾਹੁੰਦੇ ਹੋ।

ਗੁਰਨਾਮ : ਤੂੰ ਤਾਂ ਵਕੀਲਾਂ ਵਾਂਗੂੰ ਗੱਲਾਂ ਕਰਨ ਲੱਗ ਜਾਂਦੀ ਐ। ਅਸੀਂ ਤਾਂ ਚਾਹੁੰਦੇ ਸੀ ਕਿ ਘਰ ਦੀ ਗੱਲ ਘਰ ਵਿਚ ਹੀ ਰਹਿ ਜਾਵੇ।

ਕਮਲ : ਜੇ ਤੁਸੀਂ ਬਾਹਰ ਕਰਕੇ ਵੀ ਕੋਈ ਹਾਣ ਪਰਵਾਣ ਦੇਖਦੇ ਤਾਂ ਐਡੀ ਸ਼ਰਮ ਵਾਲੀ ਗੱਲ ਨਹੀਂ ਸੀ ਹੋਣੀ, ਹੁਣ ਤਾਂ ਸੁਣ ਕੇ ਮਰਨ ਨੂੰ ਧਰਤੀ ਵਿਹਲ ਨਹੀਂ ਦਿੰਦੀ।

ਗੁਰਨਾਮ : ਚੱਲ ਛੱਡ, ਕਮਲ ਚੰਗਾ ਹੁਣ ਫਿਰ ਅਸੀਂ ਘਰ ਦੇ ਪੇਪਰ ਬਣਵਾ ਲੈਂਦੇ ਹਾਂ।ਵਕੀਲ ਤਾਂ ਇੱਥੇ hospital ਵੀ sign ਕਰਵਾ ਕੇ ਲੈ ਜਾਵੇਗਾ।

ਕਮਲ : ਹੂੰਅ——ਹੂੰਅ—(ਖੰਘਣ ਦਾ ਯਤਨ ਕਰਦੀ ਹੈ।)

ਗੁਰਨਾਮ : ਚੰਗਾ ਮੈਂ ਹੁਣ ਚਲਦੀ ਆਂ। (ਕਹਿ ਕੇ ਚਲੀ ਜਾਂਦੀ ਹੈ।

## ਦ੍ਰਿਸ਼ ਛੇਵਾਂ

### ਹਸਪਤਾਲ ਦਾ ਦ੍ਰਿਸ਼

(ਹਰਮੀਤ ਤੇ ਕੁਲਜੀਤ ਆਉਂਦੀਆਂ ਹਨ ਤੇ ਕਮਲ ਬੈੱਡ ਤੇ ਪਈ ਹੈ, ਉਹਨਾਂ ਨੂੰ ਦੇਖ ਕੇ ਉੱਠ ਕੇ ਬੈਠਣ ਦਾ ਯਤਨ ਕਰਦੀ ਹੈ।)

ਹਰਮੀਤ : ਸਤਿ ਸ੍ਰੀ ਅਕਾਲ, ਕਮਲ

ਕੁਲਜੀਤ : ਸਤਿ ਸ੍ਰੀ ਅਕਾਲ।

ਕਮਲ : ਸਤਿ ਸ੍ਰੀ ਅਕਾਲ (ਦੋਨਾਂ ਵੱਲ ਦੇਖ ਕੇ ਹੱਥ ਜੋੜਦੀ ਹੈ।) (ਹਰਮੀਤ ਉਥੇ ਪਈਆਂ ਚੀਜ਼ਾਂ ਦੇਖਦੀ ਹੈ, ਡਾਕਟਰ ਦੀ ਰਿਪੋਰਟ ਪੜ੍ਹਦੀ ਹੈ।)

ਕੁਲਜੀਤ : ਕਮਲ, ਸਿਹਤ ਹੁਣ ਕਿਵੇਂ ਐ?

ਕਮਲ : ਠੀਕ ਆ, ਦਵਾਈਆਂ ਕਰਕੇ ਬੇਹੋਸ਼ੀ ਬਹੁਤੀ ਹੋਈ ਰਹਿੰਦੀਆ।

ਕੁਲਜੀਤ : ਡਾਕਟਰ ਕੁਛ ਕਹਿੰਦੇ ਹੋਣਗੇ?

ਕਮਲ : ਡਾਕਟਰ ਤਾਂ ਕੁਝ ਕਹਿਣ ਜਾਂ ਨਾ ਕਹਿਣ, ਜਦੋਂ ਬਿਮਾਰੀ ਹੀ ਅਜਿਹੀ ਲੱਗ ਗਈ, ਆਪਾਂ ਨੂੰ ਤਾਂ ਪਤਾ ਹੀ ਹੈ।



ਹਰਮੀਤ : ਘਰੋਂ ਕੋਈ ਆਇਆ ਹੋਣੈਂ? ਕਮਲ

ਕਮਲ : ਆਹੋ ਆਈ ਸੀ ਬੀਜੀ।

ਹਰਮੀਤ : ਕਹਿੰਦੀ ਹੋਣੀ ਆ ਕੁਛ।

ਕਮਲ : ਕਹਿਣਾ ਕੀ ਆ? ਉਹਨਾਂ ਨੂੰ ਤਾਂ ਪ੍ਰੋਪਰਟੀ ਦਾ ਫ਼ਿਕਰ ਐ, ਮੈਨੂੰ ਲਾਲਚ ਦਿੰਦੇ ਨੇ ਕਿ ਮੇਰੇ ਮਾਮੇ ਦੀ ਧੀ 17 ਸਾਲਾਂ ਦੀ ਆ। ਉਹਦਾ ਗਲ਼ ਨਰੜ ਹਰਬੰਸ ਨਾਲ ਕਰਨਾ ਚਾਹੁੰਦੇ ਨੇ।

ਕੁਲਜੀਤ : ਨੀ ਹੈਂ—ਅ! ਇਹ ਲੋਹੜਾ ਮਾਰਨ ਲੱਗੇ ਨੇ।

ਹਰਮੀਤ : ਰਾਜੇ ਨਾਲੋਂ ਤਾਂ ਤੇਰੇ ਮਾਮੇ ਦੀ ਕੁੜੀ ਸਾਰੀ ਚਾਰ ਸਾਲ ਹੀ ਵੱਡੀ ਹੋਣੀ ਆ, ਨਾ ਉਹ ਸਾਰੇ ਸਹਿਮਤ ਹੋਗੇ?

ਕਮਲ : ਮੇਰੇ ਤਾਂ ਮਾਪੇ ਵੀ ਤੇ ਸਹੁਰੇ ਵੀ ਸਭ ਸਹਿਮਤ ਨੇ। ਹੁਣ ਤਾਂ ਮੇਰੇ ਸਾਈਨਾਂ ਦੀ ਓ ਲੋੜ ਆ ਪ੍ਰੋਪਰਟੀ ਦੇ ਕਾਗ਼ਜ਼ਾਂ ਤੇ।

ਕੁਲਜੀਤ : ਤੇਰਾ ਆਪਣਾ ਖ਼ੂਨ ਵੀ ਇਹ ਕਰਦੈ?

ਕਮਲ : ਖ਼ੂਨ ਤਾਂ ਭੈਣੇ ਉੱਦਾਂ ਈ ਸਫੈਦ ਹੋ ਗਿਆ। ਅਜੇ ਤਾਂ ਮੈਂ ਸਾਹ ਲੈਂਦੀ ਹਾਂ ਉਹਨਾਂ ਨੇ ਤਾਂ ਪਹਿਲਾਂ ਹੀ ਮਰੀ ਸਮਝ ਲਿਆ।

ਹਰਮੀਤ : ਕਮਲ ਤੂੰ ਰੈੱਸਟ ਕਰ, ਜੋਰ ਨਾ ਲਾ ਬੋਲਣ ਤੇ ਵੀ। ਕੁਲਜੀਤ ਉਹਨਾਂ ਨੇ ਤਾਂ ਇਹਦੇ ਨਾਲ ਬਹੁਤ ਬੁਰੀ ਕੀਤੀ ਆ। ਜਿਸ ਦਿਨ ਉਹਨਾਂ ਨੂੰ ਇਹਦੇ ਕੈਂਸਰ ਦਾ ਪਤਾ ਲੱਗ ਗਿਆ। ਘਰਾਂ ਤੇ ਪੈਸਿਆਂ ਦਾ ਫ਼ਿਕਰ ਪੈ ਗਿਆ, ਕਿਸੇ ਨੇ ਇਹਦੀ ਪ੍ਰਵਾਹ ਨੀ ਕੀਤੀ।

ਕੁਲਜੀਤ : ਅੱਛਾ, ਭਾ ਜੀ ਨੇ ਕੁਝ ਨੀਂ ਕਿਹਾ।

ਕਮਲ : ਪਹਿਲਾਂ ਤਾਂ ਉਹ ਬਹੁਤ ਪਿਆਰ ਕਰਦੇ ਸੀ ਹੁਣ ਪਤਾ ਨਹੀਂ ਮੈਨੂੰ ਮਿਲਣ ਤੋਂ ਵੀ ਝਿਜਕਦੇ ਨੇ। ਉਹਨਾਂ ਨੂੰ ਵੀ ਪਤਾ ਹੋਣੈ ਬਈ ਬੀਜੀ ਨੇ ਮੇਰੇ ਤੱਕ ਗੱਲ ਪਹੁੰਚਾ ਦਿੱਤੀ ਐ। ਉਹ ਵੀ ਕਹਿੰਦੇ ਹੋਣੈ ਨੇ ਜਿਉਂਦੀ ਦੇ ਕੀ ਮੱਥੇ ਲੱਗਣੈ, ਐਂਵੇ ਸ਼ਰਮ ਆਊਗੀ।

ਹਰਮੀਤ : ਕਿਸੇ ਨੇ ਇਹਦੇ ਇਲਾਜ ਬਾਰੇ ਨੀ ਸੋਚਿਆ ਸਗੋਂ ਇਹ ਕਹਿਣ ਲੱਗ ਗਏ ਕਿ ਇਹਦਾ ਤਾਂ ਕੋਈ ਇਲਾਜ ਹੀ ਨਹੀਂ।

ਕਮਲ : ਆਹੋ ਉਹ ਤਾਂ ਸਾਰੇ ਆਵਦੀ ਆਵਦੀ ਧੂਹ ਘੜੀਸ ਕਰਨ ਲੱਗ ਪਏ।

ਕੁਲਜੀਤ : ਹੁਣ ਇਹ ਗੱਲ ਨਹੀਂ, ਕੈਂਸਰ ਦੇ ਇਲਾਜ ਲਈ ਬਥੇਰੀਆਂ ਖੋਜਾਂ ਹੋ ਰਹੀਆਂ ਨੇ, ਇਹਦੀ ਰੋਕਥਾਮ ਲਈ ਵਥੇਰੇ ਉਪਰਾਲੇ ਕੀਤੇ

ਜਾਂਦੇ ਨੇ। ਬਈ ਇਹ ਨਾਮੁਰਾਦ ਬਿਮਾਰੀ ਕਿਸੇ ਨੂੰ ਲੱਗੇ ਨਾ।

ਹਰਮੀਤ : ਹੁਣ ਤਾਂ ਪਹਿਲੀਆਂ ਸਟੇਜਾਂ ਤੇ ਇਹਦਾ ਸਫ਼ਲ ਇਲਾਜ ਵੀ ਹੋ ਜਾਂਦੈ। ਮੈਂ ਤਾਂ ਇਹਨੂੰ ਇਹੀ ਦੱਸਦੀ ਰਹਿੰਦੀਆਂ ਕਿ ਤੂੰ ਘਬਰਾ ਨਾ। ਸਭ ਕੁਝ ਠੀਕ ਹੋ ਜਾਊਗਾ।

ਕਮਲ : ਹੁਣ ਤਾਂ ਹਰਮੀਤ ਮੇਰਾ ਜੀਣ ਨੂੰ ਵੀ ਜੀਅ ਨਹੀਂ ਕਰਦਾ, ਕਿ ਜਿਸ ਘਰ ਲਈ ਮੈਂ ਐਨਾ ਕੁਝ ਕੀਤਾ, ਉਹੀ ਸਾਰੇ ਮੈਥੋਂ ਮੂੰਹ ਫੇਰ ਗਏ। ਕੀ ਨਹੀਂ ਕੀਤਾ ਮੈਂ? ਮੈਨੂੰ ਦੱਸਣ ਤਾਂ ਸਹੀ।

ਕੁਲਜੀਤ : ਕਮਲ ਤਾਂ ਹੀ ਤਾਂ ਕਹਿ ਦਿੰਦੇ ਨੇ ਇਸ ਸਮਾਜ ਵਿਚ ਚਲਦੀ ਦਾ ਨਾ ਗੱਡੀ ਐ। ਜਿਹੜਾ ਖੜ੍ਹ ਗਿਆ ਉਹਨੂੰ ਕੌਣ ਪੁੱਛਦੈ।

ਹਰਮੀਤ : ਕੈਨੇਡਾ ਦੀ ਤਾਂ ਮਿੱਟੀ ਓ ਐਹੋ ਜਿਹੀ ਆ। ਐਥੈ ਮੋਹ ਪਿਆਰ ਦੀ ਤਾਂ ਗੱਲ ਈ ਕੋਈ ਨਹੀਂ ਰਹੀ। ਮਨੁੱਖ ਤਾਂ ਮਸ਼ੀਨ ਬਣਿਆ ਪਿਐ। ਇਥੇ ਤਾਂ ਮਸ਼ੀਨਾਂ ਦੀ ਕਦਰ ਮਨੁੱਖ ਨਾਲੋਂ ਜਿਆਦਾ ।

ਕਮਲ : ਆਹੋ ਮਸ਼ੀਨ ਨੂੰ ਤਾਂ ਠੀਕ ਕਰਵਾਉਣ ਦੀ ਕੋਸ਼ਿਸ਼ ਵੀ ਕਰਦੇ ਨੇ, ਰਿਸ਼ਤਿਆਂ ਨੂੰ ਤਾਂ ਇਹ ਮੌਕਾ ਵੀ ਨਹੀਂ ਮਿਲਦਾ।

ਕੁਲਜੀਤ : ਮਸ਼ੀਨ ਨੂੰ ਤਾਂ ਸਾਂਭਣਾ ਹੀ ਹੋਇਆ, ਖਾਲੀ ਲੋਹੇ ਦੇ ਵੀ ਜੰਕ-ਜਾੜ ਚੋਂ ਪੈਸੇ ਮਿਲ ਜਾਂਦੇ ਆ। ਪੈਸੇ ਦੀ ਕਦਰ ਆ, ਬੇਕਾਰ ਬੰਦਾ ਕਾਹਦੇ ਜੋਗਾ।

ਹਰਮੀਤ : ਅੱਗੇ ਕਹਿੰਦੇ ਹੁੰਦੇ ਸੀ, ਪਿਆਰ ਕੁਰਬਾਨੀ ਦਾ ਦੂਜਾ ਨਾਂ ਐ, ਹੁਣ ਤਾਂ ਮਾੜੀ ਮੋਟੀ ਗੱਲ ਹੋਈ ਨਹੀਂ ਅਗਲੇ ਵੱਢ ਟੁੱਕ ਕੇ ਜਦੇ ਸੁੱਟ ਦਿੰਦੇ ਨੇ, ਪਿੱਛੇ ਜਿਹੇ ਉਹ ਵਿਚਾਰੀ ਕੁੜੀ ਰਵਿੰਦਰ ਭੰਗੂ ਨਾਲ ਇਹੀ ਹੋਇਆ।

ਕੁਲਜੀਤ : ਰੇਡਿਓ ਤੇ ਰੋਜ਼ ਕੋਈ ਨਾ ਕੋਈ ਗੱਲ ਸੁਣਦੇ ਰਹਿੰਦੇ ਆ ਕਿ ਢਾਈ ਢਾਈ ਤਿੰਨ ਤਿੰਨ ਮਹੀਨੇ ਮੁੰਡੇ ਕੁੜੀਆਂ ਨਾਲ ਰਹਿ ਕੇ ਵਿਆਹ ਕਰਵਾ ਕੇ ਐਥੇ ਆ ਕੇ ਏਅਰਪੋਰਟ ਤੋਂ ਈ ਭੱਜ ਜਾਂਦੇ ਨੇ।

ਕਮਲ : ਦੱਸ ਕੀ ਕਰੂ ਅਗਲਾ, ਕਿਵੇਂ ਕਰੂ ਯਕੀਨ ਰਿਸ਼ਤਿਆਂ ਤੇ। ਜਿਹੜੇ ਪੂਰੇ ਬਣੇ ਨਹੀਂ ਪਹਿਲਾਂ ਟੁੱਟ ਜਾਂਦੇ ਨੇ।

ਹਰਮੀਤ : ਆਪਾਂ ਤਾਂ ਕੈਨੇਡਾ ਦੀ ਗੱਲ ਕਰਦੇ ਆਂ ਹੁਣ ਇੰਡੀਆ ਤੋਂ ਵੀ ਲੋਕ ਇਹੋ ਜਿਹਾ ਕੁਸ਼ ਹੀ ਪੜ੍ਹੇ ਪੜ੍ਹਾਏ ਆਉਂਦੇ ਆ।

ਕੁਲਜੀਤ : ਜਦੋਂ ਅਸੀਂ ਇੰਡੀਆ ਹੁੰਦੇ ਸੀ ਉਥੇ ਬਥੇਰੀ ਸ਼ਰਮ ਹਿਆ ਸੀ, ਹੁਣ ਤਾਂ ਜੇ ਪੁੱਛੋ ਉਹਨਾਂ ਨੂੰ ਸ਼ਰਮ ਦਾ ਮਤਲਬ ਵੀ ਨਹੀਂ ਪਤਾ



ਹੋਣੈ।

ਹਰਮੀਤ : ਕੁਲਜੀਤ ਹੁਣ ਤਾਂ ਲੋਕ ਉਥੇ ਆਰਥਿਕ ਪੱਖੋਂ ਟੁੱਟੇ ਪਏ ਆ, ਉਹਨਾਂ ਨੂੰ ਤਾਂ ਰੋਟੀ ਦਾ ਫ਼ਿਕਰ ਆ, ਭੁੱਖ ਦੀ ਥਾਂ ਤੇ ਉਹ ਕੀ ਰਿਸ਼ਤਿਆਂ ਨੂੰ ਖਾਣ।

ਕਮਲ : ਹੁਣ ਤਾਂ ਪਤਾ ਨਹੀਂ ਦੁਨੀਆ ਨੇ ਕਿੱਧਰ ਨੂੰ ਜਾਣੈ। ਕੀ ਬਣੂ ਲੋਕਾਂ ਦਾ?

ਕੁਲਜੀਤ : ਲੋਕਾਂ ਨੂੰ ਸਮਾਜ ਵਿਚ ਹੋਈ ਕਾਣੀ ਵੰਡ ਨੂੰ ਸਮਝਣਾ ਪਵੇਗਾ। ਜੀਹਦੇ ਨਾਲ ਅਮੀਰ ਅਮੀਰ ਹੋ ਰਿਹੈ ਤੇ ਗ਼ਰੀਬ ਗ਼ਰੀਬ ਹੋ ਰਿਹੈ। ਹੁਣ ਦੁਨੀਆਂ ਭਰ ਵਿਚ ਲੋਕ ਜਾਗਰਿਤ ਹੋ ਰਹੇ ਨੇ, ਸਮਝ ਰਹੇ ਨੇ ਕੌਣ ਲੋਕ ਉਹਨਾਂ ਦੀ ਲੁੱਟ ਕਰ ਨੇ।

ਹਰਮੀਤ : ਸਮਾਜ ਤਾਂ ਅਜਿਹਾ ਹੀ ਹੋਣਾ ਚਾਹੀਦਾ ਹੈ ਜਿਸ ਵਿਚ ਸਾਰੇ ਲੋਕ ਸਕੂਨ ਨਾਲ ਰਹਿ ਸਕਣ।

ਕੁਲਜੀਤ : (ਘੜੀ ਵੱਲ ਦੇਖ ਕੇ) ਚੰਗਾ ਕਮਲ ਮੈਂ ਹੁਣ ਚਲਦੀ ਆਂ, ਜੇ ਕੋਈ ਲੋੜ ਹੋਈ ਤਾਂ ਦੱਸੀਂ, ਹੁਣ ਮੈਂ ਗੇੜਾ ਮਾਰਦੀ ਰਹੂੰਗੀਂ, ਹਰਮੀਤ ਤੇਰੇ ਕੋਲ ਹੈਗੀ ਆ।

ਕਮਲ : ਥੈਂਕ ਊ, ਮੈਂ ਤਾਂ ਹਰਮੀਤ ਦਾ ਦੇਣ ਨਹੀਂ ਦੇ ਸਕਦੀ, ਮੇਰੀ ਸਿਰਫ਼ ਫਰੈਂਡ ਹੋਣ ਤੇ ਨਾਤੇ ਮੇਰੇ ਤਾਂ ਮਾਂ-ਬਾਪ, ਭੈਣ-ਭਾਈ, ਸੱਸ-ਸਹੁਰਾ ਤੇ——ਸਭ ਦਾ ਥਾਂ ਇਹਨੇ ਪੂਰਿਐ।

ਕੁਲਜੀਤ : (ਕਮਲ ਦਾ ਹੱਥ ਫੜ ਕੇ) ਨਾ ਫੇਰ ਹੁਣ ਵੀ ਸਭ ਕੁਝ ਠੀਕ ਹੋ ਜਾਵੇਗਾ, ਤੂੰ ਘਬਰਾ ਨਾ।

ਕਮਲ : ਮੈਂ ਮੌਤ ਤੋਂ ਨੀਂ ਘਬਰਾਉਂਦੀ, ਮੈਨੂੰ ਤਾਂ ਚਿੰਤਾ ਇਸ ਨਵੇਂ ਕੈਂਸਰ ਦੀ ਆ।

ਹਰਮੀਤ : ਹੈਂ ਕਿਹੜਾ?

ਕਮਲ : ਜਿਹੜਾ ਇਹ ਇਨਸਾਨੀ ਰਿਸ਼ਤਿਆਂ ਨੂੰ ਨਫਰਤ ਤੇ ਲਾਲਚ ਦਾ ਕੈਂਸਰ ਚੁੰਬੜ ਰਿਹੈ, ਮੈਨੂੰ ਇਹਦਾ ਕੋਈ ਇਲਾਜ ਨਹੀਂ ਦੀਂਹਦਾ। ਮੇਰਾ ਤਾਂ ਰਿਸ਼ਤਿਆਂ ਤੋਂ ਯਕੀਨ ਹੀ ਉੱਠ ਗਿਆ।

ਕੁਲਜੀਤ : ਜੇ ਅੱਜ ਤੂੰ ਬਿਸਤਰੇ ਤੇ ਪਈ ਇਸ ਨਫ਼ਰਤ ਤੇ ਲਾਲਚ ਭਰੇ ਕੈਂਸਰ ਬਾਰੇ ਸੋਚ ਰਹੀ ਐਂ, ਕਿਤੇ ਆਹ ਜਾਗਦੇ ਤੇ ਤੰਦਰੁਸਤ ਲੋਕ, ਕਦੇ ਇਹਦੇ ਬਾਰੇ ਨਹੀਂ ਸੋਚਣਗੇ।

ਹਰਮੀਤ : ਸੋਚਣਗੇ, ਕਿਉਂ ਨਹੀਂ ਸੋਚਣਗੇ। ਇਸ ਲਾਲਚ ਵਸ ਰੋਜ਼ ਦੀਆਂ ਕਤਲੋਗਾਰਤ ਤੇ ਨਸਲਵਾਦ ਦੀਆਂ ਖ਼ਬਰਾਂ ਸੁਣ ਕੇ

ਤਾਂ ਡਰ ਲੱਗਦੈ ਕਿ ਮਨੁੱਖ ਕਿੱਧਰ ਦਾ ਕਿੱਧਰ ਨੂੰ ਜਾ ਰਿਹੈ।

ਕੁਲਜੀਤ : ਜੇ ਹੋਰ ਨਹੀਂ ਤਾਂ ਲੋਕ ਰੰਗਾਂ, ਜਾਤਾਂ, ਤੇ ਧਰਮਾਂ ਦੇ ਨਾਂ ਤੇ ਈ ਵੰਡੇ ਪਏ ਨੇ, ਇਹ ਤਾਂ ਸਰਮਾਏਦਾਰ ਦੀ ਕੋਝੀ ਚਾਲ ਐ।

ਹਰਮੀਤ : ਹੁਣ ਮਨੁੱਖ ਨੂੰ ਵਧੀਆ ਜ਼ਿੰਦਗੀ ਜਿਊਣ ਲਈ ਰੰਗਾਂ, ਧਰਮਾਂ, ਜਾਤਾਂ ਤੇ ਇਲਾਕਿਆਂ ਤੋਂ ਉੱਪਰ ਉੱਠ ਕੇ ਗੱਲ ਕਰਨੀ ਪਵੇਗੀ ਤਾਂ ਹੀ ਤਾਂ ਇਨ੍ਹਾਂ ਗੱਲਾਂ ਤੇ ਉਸਰਿਆ ਰੇਸਿਜ਼ਮ ਖ਼ਤਮ ਹੋ ਸਕਦਾ ਹੈ। ਇਸ ਕੈਂਸਰ ਦੀ ਮਾਰ ਹੇਠ ਤਾਂ ਸਾਰੀ ਮਨੁੱਖਤਾ ਹੀ ਆ ਰਹੀ ਹੈ। ਲੋਕਾਂ ਨੂੰ ਤਾਂ ਹੁਣ ਇਨ੍ਹਾਂ ਕੈਂਸਰਾਂ ਦਾ ਇਲਾਜ ਕਰਨਾ ਬਹੁਤ ਜਰੂਰੀ ਹੋ ਗਿਆ ਹੈ।

ਕਮਲ : ਮਨਜੀਤ ਮੈਂ ਵਕੀਲ ਨੂੰ ਪੇਪਰ ਦਿੱਤੇ ਹੋਏ ਨੇ, ਮੈਂ ਤਾਂ ਤੈਨੂੰ ਹੀ ਉਡੀਕਦੀ ਸੀ। ਤੁਸੀਂ ਮੇਰੇ ਨਾਲ ਵਾਅਦਾ ਕਰੋ ਕਿ ਮੇਰੀ ਸਾਰੀ ਪ੍ਰੋਪਰਟੀ ਇਹਨਾਂ ਘਾਤਕ ਕੈਂਸਰਾਂ ਲਈ ਵਰਤੋਗੇ। ਜਿਸ ਨਾਲ ਸਮਾਜ———

ਹਰਮੀਤ : ਹੈਂ, ਵਾਅਦਾ——(ਕਮਲ ਦਾ ਸਿਰ ਲੁਟਕ ਜਾਂਦਾ ਹੈ। ਉਹ ਤਿੰਨੇ ਸਥਿਰ ਹੋ ਜਾਂਦੀਆਂ ਹਨ।

(ਬਾਕੀ ਪਾਤਰ ਵੀ ਸਟੇਜ ਤੇ ਆ ਜਾਂਦੇ ਹਨ। ਪਿੱਛੇ ਤੋਂ ਬੋਲ ਉਭਰਦੇ ਹਨ।)

ਵੇਲਾ ਹੈ ਅੱਜ ਆ ਗਿਆ ਲੋਕੋ,
ਕਦਰ ਕਰੋ ਇਨਸਾਨਾਂ ਦੀ।
ਨਸਲਵਾਦ ਦੇ ਕੀੜੇ ਜਿਹੜੇ,
ਪ੍ਰਵਾਹ ਨਾ ਕਰਦੇ ਜਾਨਾਂ ਦੀ।
ਲਾਲਚ ਦਾ ਬੀਜ ਬੀਜ ਕੇ,
ਮੱਤ ਮਾਰੀ ਅਰਮਾਨਾਂ ਦੀ।
ਕਦਰ ਕਰੋ ਇਨਸਾਨਾਂ ਦੀ,
ਅੱਜ ਕਦਰ ਕਰੋ ਇਨਸਾਨਾਂ ਦੀ।



'ਮਹਿਕ ਵਿਹੂਣੇ ਰਿਸ਼ਤੇ' ਇਹ ਨਾਟਕ 'ਸਾਂਝਾ ਵਿਹੜਾ' ਨਾਮੀ ਸੰਸਥਾ ਦੀ ਸਟੇਜ ਤੋਂ ਬਹੁਤ ਹੀ ਸਫ਼ਲ ਢੰਗ ਨਾਲ ਖੇਡਿਆ ਗਿਆ। ਇਸ ਵਿਚ ਹੇਠ ਲਿਖੇ ਕਲਾਕਾਰਾਂ ਨੇ ਹਿੱਸਾ ਲਿਆ।

ਅਵਤਾਰ ਗਿੱਲ
ਜਗਰੂਪ ਬਰਾੜ
ਬਲਵਿੰਦਰ ਗਰੇਵਾਲ
ਜਸਵੀਰ ਮੰਗੂਵਾਲ
ਪਰਮਿੰਦਰ ਸਵੈਚ
ਆਰਤੀ ਹੀਰਾ
ਜਾਸਮਿਨ ਸਵੈਚ

# ਬਿਖੜੇ ਰਾਹੀਂ ਰੁਲ ਗਈਆਂ



## ਪਾਤਰ

| | |
|---|---|
| ਕਮਲ | (ਨਵਵਿਆਹੀ , 20-25 ਸਾਲ) |
| ਰਵੀ | (ਕਮਲ ਦਾ ਘਰਵਾਲਾ, 25-30 ਸਾਲ) |
| ਜਗੀਰ ਕੌਰ | (ਕਮਲ ਦੀ ਮਾਂ, 45-50 ਸਾਲ) |
| ਗੁਰਨਾਮ ਕੌਰ | (ਕਮਲ ਦੀ ਸੱਸ, 48-50 ਸਾਲ) |
| ਸਰਵਣ ਸਿੰਘ | (ਕਮਲ ਦਾ ਸਹੁਰਾ,50-55 ਸਾਲ) |
| ਗੁਰਮੀਤ ਕੌਰ | (ਕਮਲ ਦੀ ਨਣਾਨ, 30-35 ਸਾਲ) |
| ਸਥਾਨ | ਕੈਨੇਡਾ ਦਾ ਇਕ ਘਰ। |
| ਸਮਾਂ | ਦੁਪਹਿਰ ਦਾ ਵੇਲਾ |

## ਦ੍ਰਿਸ਼ ਪਹਿਲਾ

ਸਥਾਨ : ਕੈਨੇਡਾ ਦੇ ਘਰ ਦੇ ਲਿਵਿੰਗ ਰੂਮ ਦਾ ਦ੍ਰਿਸ਼
(ਪਰਦਾ ਉੱਠਣ ਤੇ ਕਮਲ ਇੰਡੀਆ ਨੂੰ ਫ਼ੋਨ ਤੇ ਗੱਲਾਂ ਕਰ ਰਹੀ ਹੈ।)

ਕਮਲ : ਮੰਮੀ ਸਤਿ ਸ੍ਰੀ ਅਕਾਲ, ਮੈਂ ਕੈਨੇਡਾ ਠੀਕ ਠਾਕ ਪਹੁੰਚ ਗਈ।

ਜਗੀਰ ਕੌਰ : ਚੰਗਾ ਪੁੱਤ, ਅਸੀਂ ਤਾਂ ਤੇਰਾ ਈ ਫ਼ਿਕਰ ਕਰਦੇ ਸੀ, ਜਦੋਂ ਦੀ ਗਈ ਆਂ।

ਕਮਲ : ਮਾਂ ਹੁਣ ਮੇਰਾ ਫ਼ਿਕਰ ਛੱਡ ਦੋ, ਮੈਂ ਤਾਂ ਬੱਸ ਹੁਣ ਡਾਲਰਾਂ 'ਚ ਆਗੀ।

ਜਗੀਰ ਕੌਰ : ਧੀਏ ਰਵੀ ਦਾ ਕੀ ਹਾਲ ਐ? ਉਹ ਠੀਕ ਐ।

ਕਮਲ : ਹਾਂ ਮਾਂ, ਮੈਨੂੰ ਏਅਰਪੋਰਟ ਤੋਂ ਲਿਆਕੇ, ਘੰਟੇ ਕੁ ਬਾਅਦ ਕੰਮ ਤੇ ਚਲੇ ਗਏ ਸੀ।

ਜਗੀਰ ਕੌਰ : ਆਹੋ ਪੁੱਤ ਕੰਮ ਤੋਂ ਛੁੱਟੀ ਨਹੀਂ ਮਿਲੀ ਹੋਣੀ।

ਕਮਲ : ਮੰਮੀ ਤੁਹਾਨੂੰ ਐਥੇ ਈ ਕਿਵੇਂ ਪਤੈ?

ਜਗੀਰ ਕੌਰ : ਪਤਾ ਤਾਂ——ਹੋਰ ਪੁੱਤ, ਤੇਰੇ ਐਥੇ ਵਾਲੇ ਮੰਮੀ ਠੀਕ ਨੇ।

ਕਮਲ : ਹਾਂ ਮਾਂ, ਪਰ ਉਨ੍ਹਾਂ ਦਾ ਸਿਰ ਦੁੱਖਦਾ ਸੀ, ਘੰਟਾ ਕੁ ਘੁੱਟ ਕੇ ਫਿਰ ਹੀ ਫ਼ੋਨ ਕਰਨ ਲੱਗੀ ਆਂ।

ਜਗੀਰ ਕੌਰ : ਸਿਰ ਕਦੋਂ ਕੁ ਦਾ ਦੁਖਦੈ?

ਕਮਲ : ਮੰਮੀ, ਕੱਲ੍ਹ ਈ ਦੁਖਣ ਲੱਗਿਐ।

ਜਗੀਰ ਕੌਰ : ਅੱਛਿਆ ਆਹੋ, ਹੁਣ ਤਾਂ ਦੁਖਣਾ ਈ ਹੋਇਆ।

ਕਮਲ : ਮਾਂ ਕੀ ਕਿਹੈ?

ਜਗੀਰ ਕੌਰ : ਕੁਛ ਨੀਂ, ਕੁਛ ਨੀਂ, ਪੁੱਤ ਹੁਣ ਤੂੰ ਜੀਅ ਲਾ ਕੇ ਕੰਮ ਕਰੀਂ।

ਕਮਲ : ਮਾਂ, ਮੈਂ ਤਾਂ ਕੈਨੇਡਾ ਅਜੇ ਦੇਖਿਆ ਵੀ ਨਹੀਂ। ਤੁਸੀਂ ਕੰਮ ਦੀਆਂ ਗੱਲਾਂ ਕਰਦੇ ਉਂ।

ਜਗੀਰ ਕੌਰ : ਧੀਏ ਹੁਣ ਤਾਂ ਕਾਗਜ਼ਾਂ ਨੂੰ ਵੀ ਬਹੁਤ ਟੈਮ ਲੱਗਦਾ, ਅਸੀਂ ਵੀ



ਤੇਰੇ ਪਿੱਛੇ ਚੌਂਹ ਜੀਆਂ ਨੇ ਆਉਣੈ।

ਕਮਲ : ਮਾਂ, ਮੈਨੂੰ ਅਜੇ ਆਵਦੇ ਪਰਿਵਾਰ ਵਿਚ ਰਲ ਮਿਲ ਤਾਂ ਲੈਣ ਦੋ, ਫੇਰ ਦੇਖਦੀ ਆ।

ਜਗੀਰ ਕੌਰ : ਧੀਏ ਅਸੀਂ ਤਾਂ ਸਾਰਾ ਕੁਝ ਵੇਚ ਵੱਟ ਕੇ ਤੇਰੇ ਸਹੁਰਿਆਂ ਨੂੰ ਦੇ ਦਿੱਤਾ, ਇਹੀ ਆਸ ਤੇ ਕਿ ਤੂੰ ਜਾਏਂਗੀ ਤੇ ਸਾਨੂੰ ਬੁਲਾਏਂਗੀ।

ਕਮਲ : ਮਾਂ ਮੈਂ ਤਾਂ ਅਜੇ ਰਵੀ ਨੂੰ ਵੀ ਚੰਗੀ ਤਰ੍ਹਾਂ ਨਹੀਂ ਮਿਲੀ। ਤੁਸੀਂ ਇਹ ਕੀ ਸੋਚਣ ਲੱਗ ਪਏ।

ਜਗੀਰ ਕੌਰ : ਇਹ ਤਾਂ ਤੂੰ ਜੇ ਹੁਣ ਤੋਂ ਸੋਚੇਂਗੀ, ਤਦੇ ਹੀ ਕੁਝ ਹੋਊਗਾ।

ਕਮਲ : ਚੰਗਾ ਮਾਂ ਇਧਰ ਮੰਮੀ ਬੁਲਾਉਂਦੇ ਨੇ, ਸਾਰਿਆਂ ਨੂੰ ਸਤਿ ਸ੍ਰੀ ਅਕਾਲ ਕਹਿਣਾ, ਮੈਂ ਫਿਰ ਫ਼ੋਨ ਕਰੂੰਗੀ।

ਜਗੀਰ ਕੌਰ : ਚੰਗਾ ਸਤਿ ਸ੍ਰੀ ਅਕਾਲ, ਪੁੱਤ ਖਿਆਲ ਰੱਖੀਂ ਮੇਰੀਆਂ ਕਹੀਆਂ ਗੱਲਾਂ ਦਾ।

ਕਮਲ : ਓ. ਕੇ ਬਾਏ ਮਾਂ।
*(ਫ਼ੋਨ ਰੱਖ ਕੇ ਅੰਦਰ ਜਾਂਦੀ ਹੈ।)*

## ਦ੍ਰਿਸ਼ ਦੂਜਾ

(ਗੁਰਨਾਮ ਕੌਰ ਤੇ ਰਵੀ ਲਿਵਿੰਗ ਰੂਮ ਵਿਚ ਬੈਠੇ ਗੱਲਾਂ ਕਰ ਰਹੇ ਹਨ।)

ਗੁਰਨਾਮ ਕੌਰ : ਰਵੀ ਤੇਰੀ ਕਮਲ ਨਾਲ ਕੋਈ ਗੱਲ ਹੋਈ, ਹੁਣ ਤਾਂ ਕਈ ਦਿਨ ਹੋ ਗਏ ਆਈ ਨੂੰ।

ਰਵੀ : ਮਾਂ ਕਿਹੜੀ ਗੱਲ?

ਗੁਰਨਾਮ ਕੌਰ : ਲੈ ਤੇਰੇ ਨਾਲ ਕਈ ਵਾਰ ਤਾਂ ਕੀਤੀ ਐ ਕਿ ਇਹਦੇ ਮਾਪਿਆਂ ਨਾਲ 35 ਲੱਖ ਦੀ ਗੱਲ ਹੋਈ ਸੀ, 25 ਤਾਂ ਉਨ੍ਹਾਂ ਵਿਆਹ ਵੇਲੇ ਦੇ ਦਿੱਤਾ ਸੀ, ਬਾਕੀ 10 ਲੱਖ ਤਾਂ ਖੜ੍ਹਾ ਈ ਐ। ਉਹ ਕਹਿੰਦੇ ਸੀ ਕਿ ਕਮਲ ਦੇ ਨਾਲ ਈ ਭੇਜਾਂਗੇ।

ਰਵੀ : ਮਾਂ ਮੈਨੂੰ ਤਾਂ ਪਤਾ ਨਹੀਂ, ਮੈਂ ਤਾਂ ਕੀਤੀ ਨੀਂ ਕੋਈ ਉਹਦੇ ਨਾਲ ਇਹੋ ਜਿਹੀ ਗੱਲ।

ਗੁਰਨਾਮ ਕੌਰ : ਗੱਲ ਤਾਂ ਕਰਨੀ ਓ ਪਊ, ਨਹੀਂ ਤਾਂ ਅਗਲਿਆਂ ਨੇ ਊਈਂਓ ਘੇਸਲਾ ਵੱਟ ਜਾਣੈ।

ਰਵੀ : ਕੋਈ ਨਾ ਮੈਂ ਕਰ ਲੂੰਗਾਂ ਗੱਲ। (*ਕਹਿ ਕੇ ਚਲਾ ਜਾਂਦਾ ਹੈ ਤੇ ਕਮਲ ਆਉਂਦੀ ਹੈ।)*

ਕਮਲ : ਮੰਮੀ ਕੀ ਸਮਝਾਉਣ ਲੱਗੇ ਉਂ ਆਵਦੇ ਪੁੱਤ ਨੂੰ।

ਗੁਰਨਾਮ ਕੌਰ : *(ਗੱਲ ਬਦਲ ਕੇ)* ਮੈਂ ਤਾਂ ਰਵੀ ਨੂੰ ਕਹਿੰਦੀ ਸੀ ਕਿ ਐਥੇ ਪੇਪਰ ਲਿਆ ਕੇ ਰੱਖੇ ਸੀ, ਕੋਈ ਕੰਮ ਦੇਖ ਲੈਣਾ ਸੀ।

ਕਮਲ : ਉਹ ਤਾਂ ਮੰਮੀ ਮੈਂ ਦੇਖਦੀ ਸੀ, ਪਰ ਸੋਚਦੀ ਹਾਂ ਕਿ ਕੋਈ ਮਾੜਾ ਮੋਟਾ ਕੋਰਸ ਕਰਕੇ ਹੀ ਜੌਬ ਲੱਭਾਂ, ਨਹੀਂ ਤਾਂ ਲੇਬਰ ਈ ਕਰਨੀ ਪਊ।

ਗੁਰਨਾਮ ਕੌਰ : ਨਾ ਕੋਰਸ ਕਿਹੜਾ ਐਂਵੇ ਈ ਹੋ ਜਾਣੈ, ਉਹਦੇ ਲਈ ਵੀ ਪੈਸੇ ਚਾਹੀਦੇ ਨੇ।

ਕਮਲ : ਮੰਮੀ ਮੈਂ ਰਵੀ ਨੂੰ ਕਹਿੰਦੀ ਸੀ ਕਿ ਉਹ ਮੈਨੂੰ ਕੋਰਸ ਕਰਵਾ ਦੇਣ।

ਗੁਰਨਾਮ ਕੌਰ : ਉਹਦਾ ਤਾਂ ਆਵਦਾ ਈ ਪੂਰਾ ਨੀਂ ਪੈਂਦਾ, ਉਹ ਕਿਥੋਂ ਕਰਾ ਦੂ ਤੈਨੂੰ ਕੋਰਸ। ਆਵਦਾ ਚੁੱਪ ਕਰਕੇ ਕੋਈ ਕੰਮ ਲੱਭ ਲੈ।

ਕਮਲ : ਮੰਮੀ ਮੈਂ ਕੰਮ ਤੋਂ ਤਾਂ ਨਹੀਂ ਭੱਜਦੀ, ਕੰਮ ਤਾਂ ਕਰਨਾ ਈ ਪੈਣੈ।

ਗੁਰਨਾਮ ਕੌਰ : ਕੈਨੇਡਾ 'ਚ ਆ ਕੇ ਕੋਈ ਭੱਜ ਵੀ ਨਹੀਂ ਸਕਦਾ। ਕਮਲ ਰਵੀ ਨੇ ਤੇਰੇ ਨਾਲ ਕੋਈ ਗੱਲ ਨੀਂ ਕੀਤੀ।

ਕਮਲ : ਕਾਹਦੇ ਬਾਰੇ ਮੰਮੀ?

ਗੁਰਨਾਮ ਕੌਰ : ਤੇਰੇ ਮੰਮੀ ਡੈਡੀ ਹੋਰਾਂ ਬਾਰੇ।

ਕਮਲ : ਇਹਨਾਂ ਨੇ ਤਾਂ ਕਦੇ ਕੋਈ ਗੱਲ ਨਹੀਂ ਕੀਤੀ। ਇਹ ਤਾਂ ਤੁਸੀਂ ਦੇਖਦੇ ਈ ਉਂ, ਕੰਮ ਤੋਂ ਆ ਕੇ ਫਰੈਂਡਾਂ ਨਾਲ ਘੁੰਮਣ ਫਿਰਨ ਚਲੇ ਜਾਂਦੇ ਨੇ। ਉਥੋਂ ਈ ਸ਼ਰਾਬ ਪੀ ਕੇ ਆਉਂਦੇ ਨੇ ਤੇ ਆ ਕੇ ਸੌਂ ਜਾਂਦੇ ਨੇ। ਕੋਈ ਜਾਣੀ ਦੀ ਖੁੱਲ੍ਹ ਕੇ ਗੱਲ ਈ ਨੀਂ ਕਰਦੇ। ਮੰਮੀ ਮੇਰੇ ਆਉਣ ਤੋਂ ਪਹਿਲਾਂ ਵੀ ਇਵੇਂ ਈ ਕਰਦੇ ਸੀ।

ਗੁਰਨਾਮ ਕੌਰ : ਲੈ ਪਹਿਲਾਂ, ਪਹਿਲਾਂ ਤਾਂ ਮੇਰੇ ਨਾਲ ਵਥੇਰੀਆਂ ਗੱਲਾਂ ਕਰਦਾ ਸੀ। ਹੁਣ ਤਾਂ ਜੇ ਮੈਂ ਵੀ ਗੱਲ ਕਰਦੀ ਆਂ ਕੰਨ ਟੇਢਾ ਕਰਕੇ ਚਲਿਆ ਜਾਂਦੈ।

ਕਮਲ : ਮੰਮੀ ਮੈਂ ਤਾਂ ਇਨ੍ਹਾਂ ਨੂੰ ਕਦੇ ਕੁਝ ਨਹੀਂ ਕਿਹਾ, ਇਹ ਤਾਂ ਬੱਸ ਆਪ ਈ ਚੁਪ ਚੁੱਪ ਈ ਰਹਿੰਦੇ ਨੇ। ਮੇਰੇ ਨਾਲ ਵੀ ਕੋਈ ਦਿਲ ਖੋਲ੍ਹ ਕੇ ਕੋਈ ਗੱਲ ਨਹੀਂ ਕਰਦੇ।

ਗੁਰਨਾਮ ਕੌਰ : ਪਤਾ ਨੀਂ ਤੂੰ ਕਹਿੰਨੀਆਂ ਕਿ ਕੋਈ ਹੋਰ ਕਹਿੰਦੈ, ਥੋਡੀਆਂ ਭਾਈ ਤੁਸੀਂ ਉਂ ਜਾਣੋ। (ਬੈੱਲ ਹੁੰਦੀ ਹੈ ਤੇ ਕਮਲ ਉੱਠ ਕੇ ਜਾਂਦੀ ਹੈ ਤੇ ਸਰਵਣ ਸਿੰਘ ਅੰਦਰ ਆਉਂਦਾ ਹੈ।)



ਸਰਵਣ ਸਿੰਘ : ਆ ਕਮਲ, ਕਿੱਧਰ ਨੂੰ ਗਈ ਐ। *(ਡੋਰ ਵੱਲ ਕਮਲ ਜਾਂਦੀ ਦੇਖ ਕੇ)*

ਗੁਰਨਾਮ ਕੌਰ : ਲੈਸਨ ਲੈਣ ਗਈ ਆ ਗੱਡੀ ਚਲਾਉਣ ਲਈ। ਲਸੰਸ ਵੀ ਤਾਂ ਲੈਣਾ ਪੈਣਾ।

ਸਰਵਣ ਸਿੰਘ : ਅੱਛਿਆ, ਰਵੀ ਤੋਂ ਆਵਦੀ ਕਾਰ ਤੇ ਨੀ ਸਿਖਾ ਹੋਇਆ। ਵਾਧੂ ਖ਼ਰਚਾ ਖੜ੍ਹਾ ਕੀਤਾ ਹੋਇਐ।

ਗੁਰਨਾਮ ਕੌਰ : ਮੇਰੀ ਐਥੇ ਕੋਈ ਨੀਂ ਸੁਣਦਾ, ਮੈਂ ਕੀ ਕਰਾਂ।

ਸਰਵਣ ਸਿੰਘ : ਚੰਗਾ ਪਾਣੀ ਦਾ ਗਿਲਾਸ ਲਿਆ। *(ਉਹ ਪਾਣੀ ਦਾ ਗਿਲਾਸ ਲਿਆ ਕੇ ਦਿੰਦੀ ਹੈ ਤੇ ਕੋਲ ਨੂੰ ਬੈਠਦੇ ਹੋਏ ਕਹਿੰਦੀ ਹੈ।)*

ਗੁਰਨਾਮ ਕੌਰ : ਨਾ ਮੈਂ ਕਿਹਾ ਸੁਣਦੇ ਨੀਂ, ਕੋਟਲੀ ਵਾਲੇ ਤਾਂ ਪੈਸਿਆਂ ਲਈ ਚੁੱਪ ਈ ਕਰ ਗੇ।

ਸਰਵਣ ਸਿੰਘ : ਜੇ ਤਾਂ ਕਮਲ ਦੀ ਟਿਕਟ ਲੈਣ ਤੋਂ ਪਹਿਲਾਂ ਕਹਿੰਦੇ, ਬਈ ਪੈਸੇ ਐਥੇ ਰੱਖੋ, ਨਹੀਂ ਤਾਂ ਵੀਜ਼ਾ ਕੈਂਸਲ, ਫਿਰ ਤਾਂ ਮਿਲ ਜਾਂਦੇ।

ਗੁਰਨਾਮ ਕੌਰ : ਮੈਂ ਤਾਂ ਸੋਚਿਆ, ਚਲੋ ਕਹਿੰਦੇ ਸੀ ਕਮਲ ਦੇ ਨਾਲ ਭੇਜਾਂਗੇ। ਹੁਣ ਚੁਪ ਈ ਕਰ ਗਏ, ਇਹ ਤਾਂ ਆਪ ਕੋਈ ਗੱਲ ਈ ਨੀਂ ਕਰਦੀ। ਮੈਂ ਤਾਂ ਕਹਿੰਦੀ ਸੀ ਇਹਦੇ ਆਲੇ ਪੈਸਿਆਂ 'ਚ ਥੋੜ੍ਹੇ ਔਖੇ ਸੌਖੇ ਕੋਲੋਂ ਪਾ ਕੇ ਕੋਈ ਘਰ ਅਟਕਾ ਲਾਂਗੇ।

ਸਰਵਣ ਸਿੰਘ : ਘਰ ਤਾਂ ਆਪਾਂ ਲੈ ਈ ਲੈਂਦੇ, ਜੇ ਆਹ ਮੀਤੋ ਦੇ ਵਿਆਹ ਤੇ ਐਨਾ ਖ਼ਰਚਾ ਨਾ ਕਰਨਾ ਪੈਂਦਾ।

ਗੁਰਨਾਮ ਕੌਰ : ਧੀ ਧਿਆਣੀ ਨੂੰ ਤਾਂ ਐਨਾ ਕੁ ਕਰਨਾ ਪੈਂਦੈ।

ਸਰਵਣ ਸਿੰਘ : ਕਰਨਾ ਤਾਂ ਹੈ, ਪਰ ਉਹ ਤਾਂ ਫਿਰ ਵੀ ਓਨੀਓਂ ਦੁਖੀ ਆ। ਦੋ ਦੋ ਸਿਫਟਾਂ ਕੰਮ ਕਰਦੀਆਂ। ਤੀਏ ਦਿਨ ਪਰੌਂਣਾ ਕੁੱਟ ਕੇ ਘਰੇ ਤੋਰ ਦਿੰਦੈ, ਨਿਆਣੀਆਂ ਅੱਡ ਰੁਲਦੀਆਂ ਨੇ।

ਗੁਰਨਾਮ ਕੌਰ : ਜੇ ਰੱਬ ਉਹਨੂੰ ਚੰਗਾ ਜੀਅ ਦੇ ਦਿੰਦਾ, ਨਾਲੇ ਨਿਆਣੀਆਂ ਢੱਕੀਆਂ ਜਾਂਦੀਆਂ ਤਾਂ ਉਹ ਵੀ ਆਵਦੇ ਘਰ ਵਸਦੀ ਹੋ ਜਾਂਦੀ, ਫਿਰ ਐਨਾ ਕੁਝ ਸਹਿਣਾ ਨਾ ਪੈਂਦਾ।

ਸਰਵਣ ਸਿੰਘ : ਧੀ ਧਿਆਣੀ ਕਹਿ ਕਹਿਕੇ ਉਦੋਂ ਤਾਂ ਅਗਲੇ ਝਮਲਾ ਲੇ, ਆਪ ਐਥੇ ਫਾਰਮਾਂ 'ਚ ਧੱਕੇ ਖਾ ਖਾ ਕੇ ਉਹਦਾ ਘਰ ਭਰਦੇ ਰਹੇ ਹਾਂ ਕਿ ਕੁੜੀ ਕਿਸੇ ਗੱਲੋਂ ਦੁਖੀ ਨਾ ਹੋਵੇ।

ਗੁਰਨਾਮ ਕੌਰ : ਉਹ ਤਾਂ ਉਹਦੀ ਵਿਚਾਰੀ ਦੀ ਮਾੜੀ ਕਿਸਮਤ ਆਂ। ਆਪਾਂ ਤਾਂ ਸਭ ਕੁਝ ਚੰਗਾ ਦੇਖ ਕੇ ਈ ਕੀਤਾ ਸੀ।

ਸਰਵਣ ਸਿੰਘ : ਉਹਦੀ ਕਿਸਮਤ ਨੂੰ ਕੀ ਹੋਇਐ? ਚੰਗਾ ਭਲਾ ਕੰਮ ਕਰਦੀ ਐ, ਸੁੱਖ ਨਾਲ ਘਰ ਵਿਚ ਬੱਚੇ ਖੇਡਦੇ ਨੇ। ਉਹਨੂੰ ਵਿਹਲੇ ਨੂੰ ਖਾਣ ਨੂੰ ਮਿਲਦੈ। ਆਹੋ ਚੰਗਾ ਖਾਣ ਨੂੰ, ਮਨ ਆਇਆ ਪਹਿਨਣ ਨੂੰ ਤੇ ਮੰਦਾ ਬੋਲਣ ਨੂੰ, ਜੀ ਕੀਤਾ ਜ਼ਨਾਨੀ ਦੇ ਦੋ ਧਰ ਵੀ ਦੇਣੀਆਂ। ਉਹਨੂੰ ਹੋਰ ਕੀ ਚਾਹੀਦੈ, ਮਨ ਹਰਾਮੀ ਹੁੱਝਤਾਂ ਢੇਰ।

ਗੁਰਨਾਮ ਕੌਰ : ਹੁਣ ਤਾ ਸਭ ਕੁਝ ਵਸੋਂ ਵਾਹਰਾ ਹੋਇਆ ਪਿਐ, ਕੀ ਕਰੀਏ?

ਸਰਵਣ ਸਿੰਘ : ਜਸਵੀਰ ਸਿਉਂ ਨੂੰ ਪਰੋਬਲਮ ਪਤਾ ਨਹੀਂ ਕੀ ਆ ਮੀਤੋ ਨਾਲ, ਖੁੱਲ੍ਹ ਕੇ ਕਹਿੰਦਾ ਵੀ ਤਾਂ ਕੁਝ ਨਹੀਂ।

ਗੁਰਨਾਮ ਕੌਰ : ਪਰੋਬਲਮ ਤਾਂ ਇਹੀ ਆ ਕਿ ਆਪਾਂ ਰਵੀ ਦਾ ਰਿਸ਼ਤਾ ਉਹਦੀ ਰਿਸ਼ਤੇਦਾਰੀ 'ਚ ਨਹੀਂ ਕੀਤਾ। ਉਹਦੀ ਮਾਂ ਤਾਂ ਮੈਨੂੰ ਕਈ ਵਾਰ ਸੁਣਾ ਵੀ ਚੁੱਕੀ ਆ।

ਸਰਵਣ ਸਿੰਘ : ਹੁਣ ਆਪਾਂ ਉਹਨਾਂ ਨਾਲ ਕਾਰਮਿਆਂ ਤਾਂ ਹੈਗਾ ਕਿ ਰਵੀ ਦੀ ਸਾਲੀ ਦਾ ਰਿਸ਼ਤਾ ਉਹਦੇ ਭੂਆ ਦੇ ਮੁੰਡੇ ਨੂੰ ਕਰਾ ਦਾਂਗੇ।

ਗੁਰਨਾਮ ਕੌਰ : ਉਹ ਕਹਿੰਦੈ, ਜਦੋਂ ਤੁਸੀਂ ਨੀਂ ਮੰਨੇ , ਅਗਲੇ ਮੰਨ ਜਾਣਗੇ। ਨਾਲੇ ਇਹਨਾਂ ਦਾ ਮੁੰਡਾ ਤਾਂ 5-7 ਕੁ ਜਮਾਤਾਂ ਪੜ੍ਹਿਐ, ਕੁੜੀ ਨੇ ਕੀਤੈ ਹੋਇਐ ਕੰਮਪਿਊਟਰ ਦਾ ਕੋਰਸ, ਐਮ. ਏ. ਕਰਕੇ।

ਸਰਵਣ ਸਿੰਘ : ਨਾ ਫੇਰ ਆਪਾਂ ਇਹ ਗਲ਼ ਨਰੜ ਕਿਵੇਂ ਕਰਦਾਂਗੇ।

ਗੁਰਨਾਮ ਕੌਰ : ਤਾਂ ਹੀ ਪੈਸਿਆਂ ਵਲੋਂ ਚੁੱਪ ਬੈਠੇ ਆਂ , ਮੂੰਹ ਪਾੜ ਕੇ ਕੁਝ ਕਹਿੰਦੀ ਨੀਂ, ਹੁਣ ਨੂੰ ਤਾਂ ਮੈਂ ਕਿੱਧਣ ਦੀ ਕਹਿ ਦੇਣਾ ਸੀ। ਉਧਰ ਕੁੜੀ ਨੂੰ ਧਰਵਾਸਾ ਦੇਈ ਜਾਨੀ ਆਂ। ਖਬਰਾ ਆਪਣੀ ਫਸੀ ਇਹੀ ਨਬੇੜ ਦੇਣ।

ਸਰਵਣ ਸਿੰਘ : ਉਹਨੂੰ ਤਾਂ ਇਸ ਗੱਲ ਦਾ ਬਹਾਨਾ ਈ ਆ, ਉਹ ਤਾਂ ਭੈੜੀਆਂ ਆਦਤਾਂ ਤੇ ਲੱਗ ਗਿਆ, ਡਰੱਗਾਂ ਤੇ ਸ਼ਰਾਬਾਂ ਪੀਣ। ਜਦੋਂ ਕੁੜੀ ਰੋਕਦੀ ਆਂ ਤਾਂ ਉਹਨੂੰ ਆਨੀ ਬਹਾਨੀ ਕੁੱਟ ਧਰਦੈ, ਉਹਦੇ ਤੇ ਰੋਹਬ ਪਾਉਣ ਨੂੰ।

ਗੁਰਨਾਮ ਕੌਰ : ਚਲੋ, ਛੱਡੋ ਜ਼ਨਾਨੀ ਨੇ ਤਾਂ ਜਿਵੇਂ ਕਿਵੇਂ ਕੱਟਣਾ ਈ ਹੁੰਦੈ/ *(ਗੱਲ ਬਦਲ ਕੇ)* ਹੁਣ ਤਾਂ ਕਮਲ ਨੂੰ ਵੀ ਮਹੀਨਾ ਹੋ ਚੱਲਿਆ ਕੰਮ ਤੇ ਜਾਂਦੀ ਨੂੰ, ਕੱਲ ਚੌਥਾ ਫਰਾਈ ਡਾ ਸੀ। ਉਹਨੇ ਚਿਕ ਨੀਂ ਲਿਆ ਕੇ ਦਿੱਤੀ?



ਸਰਵਣ ਸਿੰਘ : ਉਹ ਤਾਂ ਤੂੰ ਪੁੱਛਣਾ ਸੀ।

ਗੁਰਨਾਮ ਕੌਰ : ਮੈਂ ਤਾਂ ਕਹਿਨੀ ਆ ਕਿਤੇ ਪੈਸੇ ਪਿੱਛੇ ਨੂੰ ਈ ਨਾ ਭੇਜਣ ਲੱਗ ਜੇ। ਦੇਖਿਆ ਈ ਆ ਕਿ ਕਿੰਨੇ ਕੁ ਰੱਜੇ ਹੋਏ ਨੇ ਉਹ। *(ਰਵੀ ਆਉਂਦਾ ਹੈ ਤੇ ਉਹਦੇ ਵੱਲ ਦੇਖ ਕੇ)*

ਸਰਵਣ ਸਿੰਘ : ਇਹ ਤਾਂ ਰਵੀ ਆਪੇ ਧਿਆਨ ਰੱਖੂਗਾ।

ਰਵੀ : ਕਾਹਦਾ ਧਿਆਨ ਰੱਖੂਗਾਂ?

ਗੁਰਨਾਮ ਕੌਰ : ਪੁੱਤ, ਹੁਣ ਤਾਂ ਕਿੰਨੇ ਮਹੀਨੇ ਹੋ ਗਏ ਕਮਲ ਆਈ ਨੂੰ, ਉਹ ਤਾਂ ਚੁੱਪ ਈ ਕਰਗੇ। ਫਿਰ ਕਹੂਗੀ ਚਿੱਠੀ ਭਰੋ, ਤੂੰ ਪਹਿਲੇ ਪੈਸਿਆਂ ਨੂੰ ਤਾਂ ਕਹਿ।

ਰਵੀ : ਹਾਂ ਮਾਂ ਕਰਦਾ ਅੱਜ ਈ ਗੱਲ।

(ਮਾਂ ਤੇ ਪਿਉ ਉੱਠ ਕੇ ਅੰਦਰ ਚਲੇ ਜਾਂਦੇ ਹਨ ਤੇ ਕਮਲ ਆਉਂਦੀ ਹੈ। ਉਹਦੇ ਹੱਥ ਵਿਚ ਲੰਚ ਕਿੱਟ ਹੈ।)

## ਸੀਨ ਤੀਜਾ

ਕਮਲ : ਹੈਲੋ ਰਵੀ , ਆ ਗਏ।

ਰਵੀ : ਤੂੰ ਅੱਜ ਕਿੱਥੇ ਗਈ ਸੀ?

ਕਮਲ : ਰੀਤੂ ਅੱਜ ਕੰਮ ਤੋਂ ਲੇਟ ਹਟੀ ਸੀ ਤਾਂ ਉਹਦੀ ਰਾਈਡ ਤੇ ਉਹਦੇ ਨਾਲ ਈ ਆਉਣਾ ਸੀ।

ਰਵੀ : ਘੁੰਮਣ ਫਿਰਨ ਗਈ ਹੋਵੇਂਗੀ ਸਟੋਰਾਂ 'ਚ। ਮੈਨੂੰ ਪਤੈ ਕੱਲ੍ਹ ਚੈੱਕ ਮਿਲੀ ਹੋਣੀ ਐ। ਮੈਨੂੰ ਕਿਹੜਾ ਦਿਖਾਈ ਐ।

ਕਮਲ : ਰਵੀ ਚੈੱਕ ਤਾਂ ਅਜੇ ਮੇਰੇ ਕੋਲ ਐ। ਮੈਨੂੰ ਐਥੇ ਅਜੇ ਕਾਸੇ ਦਾ ਪਤਾ ਵੀ ਨਹੀਂ, ਤੁਸੀਂ ਇਹ ਸਭ ਕੁਝ ਕਿਉਂ ਕਹਿਣ ਲੱਗ ਪਏ?

ਰਵੀ : ਕੁੜੀਆਂ ਨੂੰ ਐਥੇ ਛੇਤੀ ਓ ਖੰਭ ਲੱਗ ਜਾਂਦੇ ਨੇ। ਚੈੱਕ ਜਿਉਂ ਛੇਤੀ ਡਿੱਗਣ ਲੱਗ ਜਾਂਦੀ ਐ, ਪਹਿਲਾਂ ਈ ਸਾਂਈਆਂ ਵਧਾਈਆਂ ਲਾਉਂਦੀ ਫਿਰਦੀ ਹੋਵੇਗੀ। ਆਹ ਕਾਲਜ ਦੀਆਂ ਫਰੈਂਡਾਂ ਤੇ ਪੇਂਡੂਆਂ ਦੇ ਫ਼ੋਨ ਰੋਜ਼ ਐਂਵੇ ਤਾਂ ਨੀਂ ਵੱਜਦੇ ਰਹਿੰਦੇ।

ਕਮਲ : ਮੈਂ ਕੀਹਦੇ ਨਾਲ ਸਾਈਆਂ ਵਧਾਈਆਂ ਲਾਉਣੀਆਂ ਨੇ। ਮੇਰੇ ਪੇਂਡੂ ਤੇ ਮੇਰੀਆਂ ਫਰੈਂਡਾਂ ਤੁਹਾਨੂੰ ਕੀ ਕਹਿੰਦੀਆਂ ਨੇ, ਮੇਰੇ ਤੇ ਐਵੇਂ ਵਾਧੂ ਇਲਜ਼ਾਮ ਲਾਈ ਜਾਂਦੇ ਉਂ। ਆਪ ਰੋਜ਼ ਸ਼ਰਾਬ ਪੀ

ਕੇ ਆ ਕੇ ਮੈਨੂੰ ਤੰਗ ਕਰਦੇ ਉਂ।

ਰਵੀ : ਤੇਰੇ ਬਾਪ ਦੀ ਤਾਂ ਨੀਂ ਪੀਂਦਾ, ਆਵਦੀ ਪੀਂਨਾ। ਮੈਂ ਤਾਂ ਕਿਸੇ ਲਾਟ ਸਾਹਿਬ ਤੋਂ ਨੀਂ ਕਹਾਇਐ, ਤੂੰ ਮੈਨੂੰ ਇਹ ਕਹਿਣ ਵਾਲੀ ਕੌਣ ਹੁੰਨੀ ਐ।

ਕਮਲ : ਮੈਂ––ਮੈਂ ਕੌਣ––ਮੈਂ ਕੌਣ ਆ, ਰਵੀ ਮੈਂ ਤੁਹਾਡੀ ਜੀਵਨ ਸਾਥਣ ਆਂ। ਜੇ ਤੁਹਾਨੂੰ ਮੈਂ ਨੀਂ ਕਹੂੰਗੀ ਹੋਰ ਕੌਣ ਕਹੂਗਾ।

ਰਵੀ : ਮੈਨੂੰ ਕੋਈ ਨੀਂ ਕਹਿ ਸਕਦਾ।

ਕਮਲ : ਰਵੀ ਮੈਂ ਆਪਦਾ ਘਰ ਪਰਿਵਾਰ ਛੱਡ ਕੇ ਤੇਰੇ ਲੜ ਲੱਗ ਕੇ ਆਈ ਆਂ, ਅਗਰ ਤੁਸੀਂ ਇਉਂ ਕਰਨ ਲੱਗ ਪਏ ਤਾਂ ਮੇਰਾ ਪ੍ਰਦੇਸਾਂ ਵਿਚ ਕੌਣ ਐ?

ਰਵੀ : ਮੈਂ ਤੇਰੇ ਡਾਂਗ ਤਾਂ ਨੀਂ ਮਾਰੀ। ਜਿਹੜੇ ਪੈਸਿਆਂ ਦੀ ਗੱਲ ਥੋਡੇ ਨਾਲ ਕੀਤੀ ਐ, ਉਹ ਤਾਂ ਕਹਿਣਾ ਈ ਆ।

ਕਮਲ : ਤੁਸੀਂ ਮੇਰੇ ਮਾਂ ਬਾਪ ਨੂੰ ਕਿਉਂ ਤੰਗ ਕਰਦੇ ਉਂ, ਉਹ ਥੋਡੇ ਵੀ ਤਾਂ ਕੁਝ ਲੱਗਦੇ ਆ। ਏਸੇ ਡਰ ਕਰਕੇ ਈ ਤਾਂ ਮਾਪੇ ਜੰਮਦੀਆਂ ਨੂੰ ਈ ਮਾਰਨ ਲੱਗ ਗਏ। ਨਾ ਬਾਂਸ ਰਹੇ ਨਾ ਬੰਸਰੀ।

ਰਵੀ : ਜਦ ਤਾਂ ਕਹਿੰਦੇ ਸੀ ਜੋ ਕੁਝ ਮਰਜ਼ੀ ਲੈ ਲਓ ਪਰ ਕੁੜੀ ਇਕ ਵਾਰ ਕੈਨੇਡਾ ਪਹੁੰਚ ਜਵੇ। ਹੁਣ ਤੈਨੂੰ ਕੈਨੇਡਾ ਵਾੜ ਤਾ, ਤੈਨੂੰ ਵੀ ਗੱਲਾਂ ਲੱਗ ਗਈਆਂ ਆਉਣ।

ਕਮਲ : ਮੈਨੂੰ ਨਹੀਂ ਸੀ ਪਤਾ ਕਿ ਕੈਨੇਡਾ ਐਦਾਂ ਦੀ ਹੋਊਗੀ। ਪਤਾ ਨਹੀਂ ਕਿੰਨੀਆਂ ਕੁ ਸਧਰਾਂ ਲੈ ਕੇ ਆਈ ਸੀ ਮਨ ਵਿਚ। ਵੰਨ ਸੁਵੰਨੇ ਸੁਪਨੇ ਬੁਣੇ ਸੀ ਸਹੁਰੇ ਪਰਿਵਾਰ ਲਈ ਤੇ ਤੁਹਾਡੇ ਲਈ। ਇੰਡੀਆ 'ਚ ਤਾਂ ਲੱਗਦਾ ਸੀ ਕਿ ਲੋਕ ਤੰਗੀਆਂ ਤੁਰਸ਼ੀਆਂ ਦੇ ਮਾਰੇ ਪਏ ਆ, ਐਥੇ ਤਾਂ ਕੰਮ ਕਰਕੇ ਵਧੀਆ ਪਿਆਰ ਦੀ ਜ਼ਿੰਦਗੀ ਜਿਊਂਦੇ ਹੋਣਗੇ , ਪਰ ਐਥੇ ਤਾਂ––––।

ਰਵੀ : ਅਸੀਂ ਤੇਰੇ ਬਾਪ ਦੇ ਪੈਰੀਂ ਪੱਗ ਨਹੀਂ ਸੀ ਪਾਈ। ਸਾਡੇ ਤਾਂ ਲੋਕ ਮਗਰ ਮੂਹਰੇ ਫਿਰਦੇ ਸੀ, ਵਧੀਆ ਤੋਂ ਵਧੀਆ ਕਾਰਾਂ ਤੇ ਕੈਸ਼ ਲੈ ਕੇ, ਆ ਕੈਨੇਡਾ ਦੇ ਸਟਿੱਕਰ ਨੂੰ।

ਕਮਲ : ਇਸ ਕੈਨੇਡਾ ਤੇ ਪੈਸੇ ਦੇ ਲਾਲਚ ਨੇ ਤਾਂ ਰਿਸ਼ਤੇ ਰਿਸ਼ਤੇ ਨਹੀਂ ਰਹਿਣ ਦਿੱਤੇ, ਖ਼ੂੰਨ ਈ ਚਿੱਟਾ ਕਰ ਦਿੱਤਾ ਸਭ ਦਾ।

ਰਵੀ : ਤੂੰ ਬਹਿੰਨੀ ਆਂ ਕਿ ਨਹੀਂ, ਹਰੇਕ ਗੱਲ ਦਾ ਘੜਿਆ ਘੜਾਇਆ ਜਵਾਬ ਪਿਐ ਇਹਦੇ ਕੋਲ, ਖਣੀਂ ਚਾਰ ਜਮਾਤਾਂ ਪੜ੍ਹੀਆਂ ਨੇ



ਕੁ ਨਹੀਂ।

ਕਮਲ : ਕੀ ਗੱਲ ਮੈਂ ਇਨਸਾਨ ਨਹੀਂ।

ਰਵੀ : ਨਹੀਂ ਤੂੰ ਤੀਵੀਂ ਆ, ਸਿਰਫ਼ ਤੀਵੀਂ, ਤੂੰ ਤੀਵੀਂ ਬਣ ਕੇ ਰਹਿ ਨਹੀਂ ਤਾਂ ਦੇਖ ਲੀ––––––।

ਕਮਲ : ਕੀ ਦੇਖਾਂ? ਕੀ ਕਰੋਗੇਂ?

ਰਵੀ : ਮਾਰ ਕੇ ਧਰਤੀ 'ਚ ਦੱਬ ਦੂੰ। ਲੱਗੀ ਆ ਬਕਵਾਸ ਕਰਨ––, (ਥੱਪੜ ਚੁੱਕਦਾ ਹੈ ਤੇ ਬੁੜ ਬੁੜ ਕਰਦਾ ਬਾਹਰ ਚਲਾ ਜਾਂਦਾ ਹੈ।)

ਕਮਲ : (ਰੋਂਦੀ ਹੈ) ਐਹੋ ਜਿਹੇ ਜਿਊਣ ਨਾਲੋਂ ਤਾਂ ਮਰ ਈ ਜਾਵਾਂ, ਉਹ ਵੀ ਚੰਗਾ ਈਆ। ਪਹਿਲਾਂ ਤਾਂ ਮਾਪਿਆਂ ਨੇ ਜ਼ੁਲਮ ਕੀਤੈ ਪਰਦੇਸਾਂ 'ਚ ਸਿੱਟ ਕੇ ਤੇ ਪਿੱਛੇ ਆਸਾਂ ਲਾਈ ਬੈਠੇ ਨੇ ਕਿ ਸਾਰਾ ਟੱਬਰ ਆ ਜੂ। ਅਖੇ ਤੂੰ ਚੁਪ ਕਰਕੇ ਸਾਡੇ ਆਉਣ ਤੱਕ ਦਿਨ ਕੱਟ। ਮੈਂ ਕਿਥੋਂ ਤੱਕ ਸਬਰ ਕਰਾਂ। ਪਹਿਲਾਂ ਤਾਂ ਸਿਰਫ਼ ਬੋਲ ਕਬੋਲ ਈ ਕਰਦਾ ਸੀ, ਹੁਣ ਤਾਂ ਰੋਜ਼ ਦੀ ਕੁੱਟ ਮਾਰ––– ਦਿਹਾੜੀ 'ਚ ਸੌ ਸੌ ਵਾਰੀ ਮਰਦੀ ਆਂ। (ਗੁਰਮੀਤ ਆਉਂਦੀ ਹੈ ਤੇ ਉਹਦੀਆਂ ਪਿਛਲੀਆਂ ਗੱਲਾਂ ਸੁਣ ਲੈਂਦੀ ਹੈ।)

ਮੀਤੋ : ਕਮਲ ਕੱਲ੍ਹੀਓ ਈ ਕੀਹਦੇ ਨਾਲ ਗੱਲਾਂ ਕਰਦੀ ਆਂ।

ਕਮਲ : ਭੈਣ ਕੀਹਦੇ ਨਾਲ ਕਰਾਂ, ਇਥੇ ਤਾਂ ਆਵਦਾ ਕੋਈ ਦੀਂਹਦਾ ਈ ਨੀਂ।

ਮੀਤੋ : ਕਿਉਂ ਰਵੀ ਨੂੰ ਕੀ ਹੋਇਆ?

ਕਮਲ : ਹੋਣਾ ਕੀ ਆ, ਭੈਣ ਮੈਂ ਹੋਰ ਤਾਂ ਕਿਸੇ ਨਾਲ ਗੱਲ ਵੀ ਨਹੀਂ ਕਰ ਸਕਦੀ, ਅਜੇ ਤਾਂ ਮੈਨੂੰ ਆਈ ਨੂੰ ਦੋ ਢਾਈ ਮਹੀਨੇ ਹੋਏ ਨੇ, ਰੋਜ਼ ਸ਼ਰਾਬ ਪੀ ਕੇ ਆਉਂਦੈ ਤੇ ਲੜਾਈ ਕਰਦੈ।

ਮੀਤੋ : ਇਹਨੂੰ ਸ਼ਰਮ ਨਹੀਂ ਆਉਂਦੀ, ਤੇਰੇ ਨਾਲ ਇਹ ਕਰਦੇ ਨੂੰ, ਮੈਂ ਘੱਟ ਦੁਖੀ ਆਂ, ਇਨ੍ਹਾਂ ਆਰਥਿਕ ਤੰਗੀਆਂ ਤੇ ਨਸ਼ਿਆਂ ਕਰਕੇ ਹੀ। ਇਹ ਨੇ ਮੇਰੀ ਜ਼ਿੰਦਗੀ ਤੋਂ ਸਬਕ ਤਾਂ ਕੀ ਲੈਣੇ ਸਗੋਂ ਇਹ ਤੈਨੂੰ ਕੁੱਟਣ ਮਾਰਨ ਲੱਗ ਪਿਆ।

ਕਮਲ : *(ਰੋਂਦੀ ਹੋਈ)* ਮੈਨੂੰ ਤੰਗ ਕੀਤਾ ਪਿਐ ਕਿ ਡੈਡੀ ਹੋਰਾਂ ਤੋਂ ਪੈਸੇ ਮੰਗਵਾ, ਮੈਂ ਉਨ੍ਹਾਂ ਨੂੰ ਕਿਵੇਂ ਕਹਾਂ, ਮੈਨੂੰ ਤਾਂ ਉਨ੍ਹਾਂ ਦੇ ਹਲਾਤਾਂ ਦਾ ਪਤਾ ਈ ਐ।

ਮੀਤੋ : ਕਮਲ ਬੱਸ ਚੁੱਪ ਕਰ, ਹੁਣ ਤੂੰ ਰੋ ਨਾ। ਹੁਣ ਆਪਾਂ ਇਕ ਨੀਂ,

ਇਕ ਤੇ ਇਕ ਗਿਆਰਾਂ ਹੋ ਗਈਆਂ। ਜੇ ਅੱਜ ਵੀ ਆਪਾਂ ਆਪਣੀ ਅਵਾਜ਼ ਬੁਲੰਦ ਨਾ ਕੀਤੀ ਤਾਂ ਔਰਤ ਤੇ ਜ਼ੁਲਮ ਤਾਂ ਵਧਦਾ ਈ ਜਾਵੇਗਾ।

ਕਮਲ : ਭੈਣ ਜੀ ਮੈਨੂੰ ਲੱਗਦਾ ਤਾਂ ਸੀ ਕਿ ਤੁਹਾਡੇ ਘਰ ਵਿਚ ਵੀ ਕੋਈ ਨਾ ਕੋਈ ਪਰੋਬਲਮ ਹੈ, ਮੈਂ ਕਈ ਵਾਰ ਮੰਮੀ ਹੋਰਾਂ ਨੂੰ ਪੁੱਛਣ ਦੀ ਕੋਸ਼ਿਸ਼ ਕੀਤੀ, ਪਰ ਉਹ ਟਾਲ ਦਿੰਦੇ ਸੀ ।

ਮੀਤੋ : ਕਮਲ ਸਾਡੇ ਘਰ ਇਕ ਪਰੋਬਲਮ ਨਹੀਂ ਸਗੋਂ ਕਈ ਨੇ। ਇਕ ਤਾਂ ਮੇਰੇ ਦੋ ਕੁੜੀਆਂ ਨੇ, ਮੁੰਡਾ ਕਿਉਂ ਨਹੀਂ ?

ਕਮਲ : ਇਹ ਕਿਹੜਾ ਤੁਹਾਡੇ ਵਸ ਦੀ ਗੱਲ ਹੈ। ਇਹ ਤਾਂ ਕੁਦਰਤ ਦੇ ਵਸ ਐ। ਹੁਣ ਤਾਂ ਸਾਇੰਸ ਨੇ ਸਭ ਕੁਝ ਸਿੱਧ ਕਰ ਦਿੱਤੈ।

ਮੀਤੋ : ਦੂਸਰਾ ਵੱਟੇ ਵਿਚ ਇਨ੍ਹਾਂ ਦੀ ਭੂਆ ਦੀ ਕੁੜੀ ਨਹੀਂ ਬੁਲਵਾਈ ਰਵੀ ਤੋਂ, ਬੱਸ ਆਨੀ ਬਹਾਨੀਂ ਘਰ ਵਿਚ ਇਹੀ ਕਲੇਸ਼ ਰਹਿੰਦੈ।

ਕਮਲ : ਇਨ੍ਹਾਂ ਮੁੱਲ ਤੇ ਵੱਟਿਆਂ ਦੇ ਰਿਸ਼ਤਿਆਂ 'ਚ ਤਾਂ ਹੀ ਤਾਂ ਪਿਆਰ ਨਹੀਂ ਸਗੋਂ ਜ਼ਿੰਦਗੀਆਂ ਦਾਓ ਤੇ ਲੱਗ ਜਾਂਦੀਆਂ ਨੇ। ਭੈਣ ਜੀ ਇੰਡੀਆ ਤਾਂ ਇਕ ਪਛੜਿਆ ਦੇਸ਼ ਐ,ਪਰ ਕੈਨੇਡਾ ਬਾਰੇ ਤਾਂ ਇਹ ਸੋਚਿਆ ਨਹੀਂ ਸੀ ਜਿਹੜਾ ਇਥੇ ਦੇਖਣ ਨੂੰ ਮਿਲਦੈ। ਜਿੱਥੇ ਔਰਤ ਬਰਾਬਰ ਦਾ ਕੰਮ ਕਰਦੀ ਆ ਉੱਥੇ ਵੀ ਉਹਨੂੰ ਆਪਣੀ ਗੱਲ ਕਹਿਣ ਦਾ ਕੋਈ ਹੱਕ ਨਹੀਂ। ਇਹਦਾ ਮਤਲਬ ਤਾਂ ਇਹ ਹੋਇਆ ਕਿ ਹਰ ਸਮਾਜ ਤੇ ਹਰ ਦੇਸ਼ ਵਿਚ ਔਰਤ ਨੂੰ ਪੈਰ ਦੀ ਜੁੱਤੀ ਈ ਸਮਝਿਆ ਜਾਂਦੈ।

ਮੀਤੋ : ਔਰਤ ਨੂੰ ਤਾਂ ਕਿਤੇ ਵੀ ਇਨਸਾਨ ਨਹੀਂ ਸਮਝਿਆ ਜਾਂਦੈ ਸਗੋਂ ਡੰਗਰਾਂ ਵਾਲਾ ਵਿਵਹਾਰ ਹੁੰਦੈ।ਅਖੇ ਔਰਤ ਨੂੰ ਮਰਦ ਦੇ ਬਰਾਬਰ ਹੱਕ ਨੇ। ਕੌਣ ਕਹਿੰਦੈ, ਘਰੋਂ ਘਰੀ ਜਾ ਕੇ ਪਤਾ ਲੱਗਦੈ।

ਕਮਲ : ਭੈਣ ਜੀ ਤੁਸੀਂ ਤਾਂ ਵੀਰ ਜੀ ਨੂੰ ਆਪ ਬੁਲਾਇਆ ਸੀ ਕੈਨੇਡਾ ?

ਮੀਤੋ : ਆਹੋ ਬੁਲਾਇਆ ਤਾਂ ਮੈਂ ਹੀ ਸੀ, ਪਹਿਲਾਂ ਮੈਂ ਤੇ ਮੇਰੇ ਮਾਪਿਆਂ ਨੇ ਅਮੀਰ ਘਰ ਦਾ ਮੁੰਡਾ ਲਿਆਂਦਾ ਤੇ ਆਉਂਦਾ ਈ ਫਿਰ ਕੰਮ ਤੇ ਨੀਂ ਲਾਇਆ। ਹਰੇਕ ਚੀਜ਼ ਘਰ ਵਿਚ ਆਉਂਦੇ ਨੂੰ ਹਾਜ਼ਰ ਕਰ ਦਿੱਤੀ। ਹੁਣ ਅਗਲਾ ਸਿਰ ਚੜ੍ਹ ਗਿਆ। ਹੁਣ ਉਹ ਸਾਰੀ ਉਮਰ ਉਹੀ ਭਾਲਦੈ, ਪਰ ਹੁਣ ਤਾਂ ਸਿਰੋਂ ਪਾਣੀ ਟੱਪ ਗਿਆ।

ਕਮਲ : ਤੁਸੀਂ ਐਨੇ ਸਾਲ ਕੁਝ ਵੀ ਨੀਂ ਕਿਹਾ, ਚੁਪ ਚਾਪ ਈ ਸਹਿੰਦੇ ਰਹੇ।



ਮੀਤੋ : ਹਾਂ, ਮੈਂ ਇਕ ਔਰਤ ਤੇ ਔਰਤ ਦੀ ਸਹਿਣਸ਼ੀਲਤਾ———। ਗੱਲੀਂ ਬਾਤੀਂ ਵਥੇਰਾ ਸਮਝਾਉਣਾ। ਪਰਿਵਾਰ ਨੂੰ ਬਰਾਬਰ ਰੱਖਣ ਦੀ ਕੋਸ਼ਿਸ ਕਰਦੀ ਰਹੀ। ਇਹ ਤਾਂ ਮੈਨੂੰ ਵੀ ਪਤੈ, ਬੰਦੇ ਬਿਨ੍ਹਾਂ ਔਰਤ ਵੀ ਤਾਂ ਅਧੂਰੀ ਆ।

ਕਮਲ : ਸਿਆਣੇ ਤਾਂਹੀ ਤਾਂ ਕਹਿੰਦੇ ਨੇ ਕਿ ਔਰਤ ਤੇ ਮਰਦ ਗੱਡੀ ਦੇ ਦੋ ਪਹੀਏ ਨੇ, ਜਿਨ੍ਹਾਂ 'ਤੇ ਇਹ ਪਰਿਵਾਰ ਰੂਪੀ ਗੱਡੀ ਚੱਲਦੀ ਹੈ।

ਮੀਤੋ : ਕਮਲ ਜਦੋਂ ਇਨਸਾਨ ਲਾਲਚ ਵਿਚ ਪੈ ਜਾਂਦੈ, ਫਿਰ ਆਪਣੀ ਮਿਹਨਤ ਨਾਲ ਨੀਂ ਰੱਜਦਾ ਸਗੋਂ ਦੂਜਿਆਂ ਵੱਲ ਝਾਕਦੈ। ਰਵੀ ਵੀ ਤਾਂ ਇਹੀ ਸੋਚਦਾ ਹੋਣੈ ਕਿ ਅਸੀਂ ਭੈਣ ਦਾ ਘਰ ਭਰਿਆ, ਤੇਰੇ ਪੇਕੇ ਉਹਦਾ ਘਰ ਭਰਨ। ਪਰ ਇਹਨੂੰ ਇਹ ਨੀਂ ਪਤਾ ਕਿ ਮੈਨੂੰ ਉਹਦਾ ਫਾਇਦਾ ਨੀਂ ਸਗੋਂ ਨੁਕਸਾਨ ਈ ਹੋਇਆ। ਉਹ ਘਰ ਵਿਹਲਾ ਬੈਠਾ ਰਹਿੰਦਾ, ਮੈਂ ਦੋ ਦੋ ਸ਼ਿਫਟਾਂ ਕੰਮ ਕਰਦੀ ਰਹਿੰਦੀਆਂ ਕਿ ਕਲੇਸ਼ ਨਾ ਵਧੇ। ਪਰ ਹੁਣ ਮੈਂ ਸੋਚਦੀ ਆਂ ਜੇ ਇਵੇਂ ਹੀ ਚਲਦਾ ਰਿਹਾ ਫਿਰ ਮੇਰੀ ਤਾਂ ਜ਼ਿੰਦਗੀ ਹੋਰ ਵੀ ਸਿਕੰਜ਼ੇ ਵਿਚ ਆ ਜੂ।

ਕਮਲ : ਭੈਣ ਜੀ ਜਿਉਂ ਜਿਉਂ ਮਨੁੱਖ ਨੇ ਤਰੱਕੀ ਕੀਤੀ ਐ, ਤੇ ਨਾਲੋਂ ਨਾਲ ਉਹਦਾ ਲਾਲਚ ਵੀ ਵਧ ਗਿਆ। ਇਹ ਸਾਡੇ ਪੂੰਜੀਪਤੀ ਸਮਾਜ ਦੀ ਭੱਜ ਦੌੜ ਐ। ਹਰ ਇਕ ਪੈਸੇ ਦੀ ਦੌੜ ਵਿਚ ਅੱਗੇ ਜਾਣਾ ਚਾਹੁੰਦੈ ਤੇ ਮਨੁੱਖੀ ਪਿਆਰ ਦੇ ਰਿਸ਼ਤਿਆਂ ਨੂੰ ਭੁਲਾ ਰਿਹੈ।

ਮੀਤੋ : ਕਮਲ ਇਹਦਾ ਕੀ ਹੱਲ ਹੋਊ, ਤੂੰ ਤਾਂ ਐਨੀ ਪੜ੍ਹੀ ਲਿਖੀ ਐਂ, ਤੈਨੂੰ ਤਾਂ ਸਭ ਪਤਾ ਹੋਊ।

ਕਮਲ : ਭੈਣਜੀ ਔਰਤ ਤਾਂ ਸਦੀਆਂ ਤੋਂ ਗੁਲਾਮ ਰਹੀ ਐ। ਇਹਦੇ ਤੇ ਆਰਥਿਕ, ਸਮਾਜਿਕ, ਧਾਰਮਿਕ, ਮਨੋਵਿਗਿਆਨਿਕ ਤੇ ਮਰਦ ਦਾ ਦਾਬਾ ਹਮੇਸ਼ਾਂ ਹੀ ਰਿਹੈ। ਸਗੋਂ ਸਾਡੇ ਰਸਮਾਂ ਰਿਵਾਜ਼ਾਂ ਨੇ ਹੀ ਇਹਨੂੰ ਉਪਰ ਉੱਠਣ ਨਹੀਂ ਦਿੱਤਾ। ਹੁਣ ਜੇ ਬੋਲਦੀ ਆ, ਤਾਂ ਸਭ ਪਾਸਿਉਂ ਇਹਦੇ ਤੇ ਹੀ ਚਿੱਕੜ ਉਛਾਲੀ ਹੋਣ ਲੱਗ ਜਾਂਦੀ ਆਂ।

*(ਮਾਂ ਓਹਲੇ ਖੜ੍ਹੀ ਹੋ ਕੇ ਉਨ੍ਹਾਂ ਦੀਆਂ ਗੱਲਾਂ ਸੁਣਦੀ ਹੈ ਤੇ ਫਿਰ ਬਾਹਰ ਆ ਜਾਂਦੀ ਹੈ।)*

ਗੁਰਨਾਮ ਕੌਰ : ਕੁੜੇ, ਇਹ ਤੇਰੇ ਨਾਲ ਕੀ ਗਿੱਟਮਿੱਟ ਕਰਨ ਲੱਗੀ ਆ।

ਮੀਤੋ : ਮਾਂ ਇਹ ਗਿੱਟਮਿੱਟ ਨੀਂ, ਅਸੀਂ ਤਾਂ ਆਵਦਾ ਦੁੱਖ ਸੁੱਖ ਸਾਂਝਾ ਕਰਦੀਆਂ ਸੀ।

ਗੁਰਨਾਮ ਕੌਰ : ਨਾ ਕੁੜੇ, ਇਹਨੂੰ ਹੁਣੇ ਤੋਂ ਕਾਹਦਾ ਦੁੱਖ ਆ?

ਮੀਤੋ : ਮਾਂ ਦੁੱਖ ਤਾਂ ਸਾਡਾ ਇੱਕੋ ਜਿਹਾ ਈ ਆ, ਜੇ ਮਾਂ ਆਵਦੀ ਧੀ ਤੇ ਨੂੰਹ ਨੂੰ ਵਸਦਾ ਦੇਖਣਾ ਚਾਹੁੰਦੀ ਐਂ ਤਾਂ ਤੈਨੂੰ ਵੀ ਸਾਡੇ ਨਾਲ ਖੜ੍ਹਨਾ ਪਊਗਾ।

ਗੁਰਨਾਮ ਕੌਰ : ਲੈ ਧੀਏ, ਮੈਂ ਤੈਥੋਂ ਤਾਂ ਬਾਹਰ ਨੀਂ।

ਮੀਤੋ : ਕਮਲ ਮੈਨੂੰ ਤਾਂ ਇਹ ਸਮਝ ਨਹੀਂ ਲੱਗਦੀ ਕਿ ਔਰਤ ਹੀ ਔਰਤ ਨੂੰ ਕਿਉਂ ਤੰਗ ਕਰਦੀ ਆ?

ਕਮਲ : ਜਿਹੜੀ ਗੱਲ ਸਦੀਆਂ ਤੋਂ ਸਾਡੇ ਦਿਮਾਗਾਂ ਵਿਚ ਪਾ ਦਿੱਤੀ। ਉਹ ਹੁਣ ਨਿਕਲਣੀ ਮੁਸ਼ਕਲ ਹੋਈ ਪਈ ਆ। ਇਹ ਤਾਂ ਜੰਮਣ ਵੇਲੇ ਪੱਥਰ, ਜਵਾਨੀ ਵੇਲੇ ਪਰਾਇਆ ਧੰਨ, ਅਖੇ ਕੁੜੀ ਵਿਚਾਰੀ ਗਰੀਬ ਗਊ, ਕੁੜੀਆਂ ਤਾਂ ਚਿੜੀਆਂ ਨੇ, ਚਿੜੀਆਂ ਨੂੰ ਕੌਣ ਪੁੱਛਦੈ।

ਮੀਤੋ : ਕਮਲ, ਔਰਤਾਂ ਕਦੋਂ ਤੱਕ ਗਊਆਂ, ਚਿੜੀਆਂ ਬਣਨਗੀਆਂ। ਕਦੇ ਤਾਂ ਇਨ੍ਹਾਂ ਨੂੰ ਜਾਗਣਾ ਈ ਪਏਗਾ।
ਪੇਕੇ ਘਰ ਅਖੇ ਤੂੰ ਸੁਹਰੇ ਤੁਰ ਜਾਣਾ।
ਸਹੁਰੇ ਘਰ ਅਖੇ ਤੇਰੇ ਪੇਕੇ ਐਂ ਤੇਰੇ ਪੇਕੇ ਔਂ...।
ਕੁੜੀਆਂ ਦਾ ਘਰ ਕਿਹੜਾ? ਕਿਹੜਾ??
ਕਿਹੜਾ ਆ ਇਨ੍ਹਾਂ ਦਾ ਘਰ??

ਕਮਲ : ਭੈਣ ਜੀ ਇਹ ਤਾਂ ਮੈਨੂੰ ਵੀ ਪਤੈ ਕਿ ਇਥੇ ਇਕੱਲੇ ਮਰਦਾਂ ਦਾ ਕਸੂਰ ਨਹੀਂ ਇਹ ਤਾਂ ਇਸ ਸਿਸਟਮ ਦਾ ਕਸੂਰ ਆ । ਮੈਂ ਵੀ ਕਦੋਂ ਚਾਹੁੰਦੀ ਆਂ ਕਿ ਸਾਡੇ ਰਿਸ਼ਤੇ ਵਿਚ ਕੋਈ ਤਰੇੜ ਪਵੇ, ਤੁਸੀਂ ਰਵੀ ਨਾਲ ਗੱਲ ਕਰਕੇ ਦੇਖਿਓ।

ਮੀਤੋ : ਹੁਣ ਤੂੰ ਬੇਫ਼ਿਕਰ ਹੋ ਜਾ। ਤੂੰ ਮੇਰੀ ਬੱਚਿਆਂ ਵਰਗੀ ਛੋਟੀ ਭਰਜਾਈ ਆਂ, ਜੇ ਅੱਜ ਤੇਰੇ ਨਾਲ ਇਹ ਹੁੰਦੀਆ ਤਾਂ ਕੱਲ੍ਹ ਨੂੰ ਮੇਰੀਆਂ ਧੀਆਂ ਨਾਲ ਵੀ ਹੋਊ। ਇਹਦਾ ਤਾਂ ਕੋਈ ਉੱਤਾ ਵਾਚਣਾ ਈ ਪਊ।

ਕਮਲ : ਭੈਣ ਜੀ ਦੇਖਿਆ ਜਾਵੇ ਤਾਂ ਹੁਣ ਔਰਤ ਕਿਸੇ ਪਾਸਿਓਂ ਕਮਜ਼ੋਰ ਨਹੀਂ ਸਵਾਏ ਆਪਣੇ ਮਨ ਦੇ ਡਰ ਦੇ।



ਗੁਰਨਾਮ ਕੌਰ : ਨਾ ਕੁੜੇ, ਉਹ ਵੀ ਤਾਂ ਕੁੜੀਆਂ ਨੇ ਜਿਹੜੀਆਂ ਆਹ ਰੋਜ਼, ਆ ਕਲੱਬਾਂ 'ਚ ਤੁਰੀਆਂ ਫਿਰਦੀਆਂ ਨੇ ਤੇ ਆਹ ਆਉਂਦੀਆਂ ਈ ਏਅਰਪੋਰਟ ਫੁਰਰ— ਹੋ ਜਾਂਦੀਆਂ ਨੇ।

ਮੀਤੋ : ਮਾਂ ਅਸੀਂ ਉਹ ਮੁੱਠੀ ਭਰ ਔਰਤਾਂ ਦੀ ਗੱਲ ਨੀਂ ਕਰਦੇ। ਜਿਨ੍ਹਾਂ ਨੇ ਸਾਰੀ ਔਰਤਜਾਤ ਨੂੰ ਬਦਨਾਮ ਕੀਤਾ ਹੋਇਐ। ਨਾ ਹੀ ਇਉਂ ਉੱਡ ਪੁੱਡ ਜਾਣ ਨਾਲ ਕੋਈ ਸਮੱਸਿਆ ਹੱਲ ਹੋ ਸਕਦੀ। ਸਗੋਂ ਇਉਂ ਕਰਨ ਨਾਲ ਔਰਤ ਵਰਗ ਬਾਰੇ ਬੇਵਿਸ਼ਵਾਸੀ ਪੈਦਾ ਹੁੰਦੀ ਹੈ। ਜੋ ਕਰਨੈ ਸਾਫ਼ ਤੇ ਸਪੱਸ਼ਟ ਹੋ ਕੇ ਕਰੋ। ਅਸੀਂ ਤਾਂ ਅਜਿਹੇ ਸਿਸਟਮ ਦੀ ਗੱਲ ਕਰਦੇ ਹਾਂ। ਜਿੱਥੇ ਔਰਤ ਨਾਲ ਬੇਇਨਸਾਫ਼ੀ ਹੁੰਦੀ ਹੈ। ਮਾਂ ਤੈਨੂੰ ਸਾਡੀ ਗੱਲ ਸੁਣਨੀ ਪੈਣੀ ਐ।

ਗੁਰਨਾਮ ਕੌਰ : ਆਹੋ ਧੀਏ, ਸਾਨੂੰ ਮਾਂਵਾ ਨੂੰ ਵੀ ਬਦਲਣਾ ਪੈਣੇ।

ਕਮਲ : ਭੈਣ ਜੀ ਜਿੰਨਾ ਚਿਰ ਔਰਤ ਨੇ ਆਪਸ ਵਿਚ ਇਕ ਦੂਜੀ ਦਾ ਦਰਦ ਨਾ ਸਮਝਿਆ, ਫਿਰ ਤਾਂ ਇਹ ਦਾ ਜੀਣਾ ਦੁੱਭਰ ਹੋ ਜਾਏਗਾ।
*(ਸਰਵਣ ਸਿੰਘ ਦਾਖ਼ਲ ਹੁੰਦਾ ਹੈ।)*

ਸਰਵਣ ਸਿੰਘ : ਧੀਓ, ਮੈਂ ਤੁਹਾਡੀਆਂ ਸਭ ਗੱਲਾਂ ਸੁਣ ਲਈਆਂ ਨੇ, ਮੈਂ ਤੁਹਾਡੇ ਨਾਲ ਆਂ। ਆਓ, ਸਮਾਜ ਨੂੰ ਗੰਧਲਾ ਕਰ ਰਹੀਆਂ ਇਨ੍ਹਾਂ ਭੈੜੀਆਂ ਅਲਾਮਤਾਂ ਨੂੰ ਜੜ੍ਹੋਂ ਪੁੱਟਣ ਲਈ ਹੰਭਲਾ ਮਾਰੀਏ ਨਹੀਂ ਤਾਂ ਜੀਣਾ ਦੁਸ਼ਵਾਰ ਹੋ ਜਾਵੇਗਾ।

ਮੀਤੋ : ਆਓ, ਜੇ ਅਸਲੀ ਅਰਥਾਂ ਵਿਚ ਜੀਣਾ ਹੈ ਤਾਂ ਆਪਾਂ ਸਾਰਿਆਂ ਨੂੰ ਇਕੱਠੇ ਹੋ ਕੇ ਇਨ੍ਹਾਂ ਬੁਰਾਈਆਂ ਦੇ ਵਿਰੁੱਧ ਲੜਨਾ ਪਵੇਗਾ। ਨਹੀਂ ਤਾਂ ਵੜੈਚ ਤੇ ਮਨਜੀਤ ਪਾਂਗਲੀ ਹੋਰਾਂ ਵਾਂਗ ਮਰਨਾ ਪਵੇਗਾ।
(ਸਾਰੇ ਪਾਤਰ ਇੱਕਮੁਠਤਾ ਦੀ ਅਵਸਥਾ ਵਿਚ ਮੂਕ ਹੁੰਦੇ ਹਨ ਤੇ ਪਿੱਠ ਭੂਮੀ ਵਿਚੋਂ ਆਵਾਜ਼ ਉੱਚੀ ਹੁੰਦੀ ਹੈ।)

ਜੇ ਜੀਣਾ ਹੈ ਤਾਂ ਲੜਨਾ ਪੈਣਾ,
ਜੇ ਨਾ ਲੜਿਆ ਤਾਂ ਮਰਨਾ ਪੈਣਾ।
ਜੇ ਜੀਣਾ ਹੈ ਤਾਂ ਲੜਨਾ ਪੈਣਾ,
ਜੇ ਨਾ ਲੜਿਆ ਤਾਂ ਮਰਨਾ ਪੈਣਾ।

(ਪਰਦਾ ਡਿੱਗਦਾ ਹੈ।)

(ਸਮਾਪਤ)

ਤਰਕਸ਼ੀਲ ਕਲਚਰਲ ਸੁਸਾਇਟੀ ਵਲੋਂ ਇੰਟਰਨੈਸ਼ਨਲ ਵੂਮੈਨ ਡੇ 'ਤੇ ਮਾਰਚ 2007 ਨੂੰ ਇਹ ਨਾਟਕ "ਨਾਰੀ ਕਮਜ਼ੋਰ ਨਹੀਂ"ਦੇ ਨਾਂ ਤੇ ਹਿੰਸਾ ਦੀਆਂ ਸ਼ਿਕਾਰ ਹੋਈਆਂ ਤਿੰਨ ਔਰਤਾਂ ਨੂੰ ਸਮਰਪਿਤ ਗਰੈਂਡ ਤਾਜ ਬੈਂਕੁਇਟ ਹਾਲ ਵਿਚ ਮੰਚਨ ਕੀਤਾ ਗਿਆ। ਦੂਸਰੀ ਵਾਰ ਇਹ ਨਾਟਕ ਮਾਰਚ 2010 ਵਿਚ ਤਿੰਨ ਫਾਰਮ ਵਰਕਰਾਂ ਦੀ ਸੜਕ ਹਾਦਸੇ ਵਿਚ ਹੋਈ ਮੌਤ ਤੇ ਸ਼ਰਧਾਂਜ਼ਲੀ ਵਜੋਂ ਐਬਸਫੋਰਡ ਦੇ ਸਿਟੀ ਹਾਲ ਵਿਚ ਤਰਕਸ਼ੀਲ ਸੁਸਾਇਟੀ ਦੀ ਸਟੇਜ ਤੋਂ ਮੰਚਤ ਕੀਤਾ ਗਿਆ। ਇਸ ਵਿਚ ਹੇਠ ਲਿਖੇ ਕਲਾਕਾਰਾਂ ਨੇ ਭਾਗ ਲਿਆ।

ਜਾਸਮਿਨ ਸਵੈਚ
ਬਲਵਿੰਦਰ ਗਰੇਵਾਲ
ਕੁਲਦੀਪ ਬਾਸੀ
ਗੁਰਮੇਲ ਗਿੱਲ
ਤਰਨ ਗਿੱਲ
ਦਵਿੰਦਰ ਮਾਨ
ਪਰਮਿੰਦਰ ਸਵੈਚ
ਪਰਮਜੀਤ ਗਿੱਲ

# ਭਲਾ ਮੈਂ ਕੌਣ



## ਪਾਤਰ

| | | |
|---|---|---|
| ਸੂਤਰਧਾਰ | : | ਇਕ ਸਿਆਣਾ ਬਜ਼ੁਰਗ |
| ਧੀ | : | ਅਣਜੰਮੀ ਧੀ ਦੇ ਰੋਲ ਵਿਚ ਪੰਜ ਤੋਂ ਅੱਠ ਸਾਲ ਦੀ ਬੱਚੀ |
| ਦਾਦੀ | : | ਧੀ ਦੀ ਦਾਦੀ, ਉਮਰ ਪੰਨਤਾਲੀ ਸਾਲ ਤੋਂ ਉਪਰ |
| ਦਾਦਾ | : | ਧੀ ਦਾ ਦਾਦਾ ਜੀ, ਉਮਰ ਅਠਤਾਲੀ ਤੋਂ ਉਪਰ |
| ਪਾਪਾ | : | ਧੀ ਦਾ ਪਿਓ, ਉਮਰ ਤੀਹ ਕੁ ਸਾਲ |
| ਮਾਂ | : | ਧੀ ਦੀ ਮਾਂ, ਉਮਰ ਪੱਚੀ ਤੋਂ ਅਠਾਈ ਕੁ ਸਾਲ ਦੇ ਵਿਚਕਾਰ |
| ਡਾਕਟਰ | : | ਉਮਰ ਤੀਹ ਸਾਲ ਤੋਂ ਉਪਰ |
| ਬੱਚੀਆਂ | : | 10 ਤੋਂ 12 ਦੀ ਗਿਣਤੀ ਵਿਚ, ਉਮਰ 6–10 ਦੇ ਦਰਮਿਆਨ |

ਸਥਾਨ : ਦੁਨੀਆਂ ਦਾ ਕੋਈ ਵੀ ਸਥਾਨ ਜਿੱਥੇ ਭਰੂਣ ਹੱਤਿਆ ਆਮ ਜਿਹੀ ਗੱਲ ਹੈ।

ਸਮਾਂ : ਕੋਈ ਵੀ ਸਮਾਂ, ਕਿਉਂਕਿ ਘਟਨਾਵਾਂ ਉਨ੍ਹਾਂ ਦੇ ਮਨ ਹੀ ਮਨ ਘਟਦੀਆਂ ਹਨ।

*(ਸਟੇਜ ਦੇ ਇਕ ਪਾਸੇ ਘਰ ਦਾ ਸੀਨ ਹੈ ਤੇ ਦੂਸਰੇ ਪਾਸੇ ਡਾਕਟਰ ਦੀ ਕਲੀਨਿਕ ਦਿਖਾਈ ਜਾ ਸਕਦੀ ਹੈ। ਇਹ ਸਾਰਾ ਕਾਰਜ ਰੋਸ਼ਨੀ ਦੇ ਵਿਚ ਚਲਦਾ ਹੈ, ਜਿਹੜੇ ਵੀ ਪਾਤਰਾਂ ਦਾ ਵਾਰਤਾਲਾਪ ਹੋ ਰਿਹਾ ਹੋਵੇਗਾ ਉਸ ਤੇ ਰੋਸ਼ਨੀ ਪਾਈ ਜਾ ਸਕਦੀ ਹੈ। ਨਾਟਕ ਦੇ ਸ਼ੁਰੂ ਹੋਣ ਸਮੇਂ ਸੰਗੀਤ ਚਲ ਰਿਹਾ ਹੈ ਤੇ ਸੂਤਰਧਾਰ ਦਾ ਪਰਵੇਸ਼ ਹੁੰਦਾ ਹੈ।)*

ਸੂਤਰਧਾਰ : ਮੈਂ ਇਕ ਸੂਤਰਧਾਰ ਹਾਂ,
ਦੱਸਣਾ ਚਾਹੁੰਦਾ ਹਾਂ ਬਾਰੇ ਇਕ ਸਮਾਜਕ ਕੁਰੀਤੀ,
ਜਿਸ ਵਿਚ ਮਰ ਗਈ ਹੈ ਇਨਸਾਨੀਅਤ,
ਦਬ ਗਈਆਂ ਸੱਧਰਾਂ ਹੇਠਾਂ ਰਿਵਾਜ਼ਾਂ ਰੀਤੀ।
ਲ਼ੋਕੋ ਉੱਠੋ, ਦੇਖੋ, ਸੁਣੋ,
ਇਸ ਮਜ਼ਲੂਮ ਦੀ ਕਹਾਣੀ,
ਇਹ ਤਾਂ ਬਦਲਦੇ ਦੌਰ ਦੀ ਬਾਤ ਹੈ, ਉਹ ਨਹੀਂ ਇਹ,
ਇਕ ਸੀ ਰਾਜਾ ਤੇ ਇਕ ਸੀ ਰਾਣੀ।
ਇਹ ਤਾਂ ਪਰਦੇ ਪਿੱਛੇ ਹੋ ਰਹੇ ,
ਉਨ੍ਹਾਂ ਸਵਾਲਾਂ ਜਵਾਬਾਂ ਦੀ ਕਹਾਣੀ ਹੈ,
ਜਿੱਥੇ ਹੋ ਰਿਹਾ ਘਾਣ ਮਨੁੱਖਤਾ ਦਾ,
ਉਨ੍ਹਾਂ ਹਿਸਾਬਾਂ ਦੀ ਕਹਾਣੀ ਹੈ।
ਉਨ੍ਹਾਂ ਹਿਸਾਬਾਂ ਦੀ ਕਹਾਣੀ ਹੈ,
ਉਨ੍ਹਾਂ ——————————।

*(ਸੰਗੀਤ ਚਲਦਾ ਹੈ ਤੇ ਇਸ ਦਰਮਿਆਨ ਮਾਂ ਸਟੇਜ ਤੇ ਆਪਣੇ*



*ਹੀ ਖਿਆਲਾਂ ਵਿਚ ਖੋਈ ਹੈ, ਉਸ ਨੂੰ ਰਾਤ ਦੀ ਘਟਨਾ ਯਾਦ ਆਉਂਦੀ ਹੈ ਕਿ ਉਸ ਦੇ ਸੱਸ ਸਹੁਰਾ ਤੇ ਪਤੀ ਕੀ ਕਹਿ ਰਹੇ ਸਨ। ਉਸ ਦੇ ਕੰਨਾਂ ਵਿਚ ਇਹ ਸਾਰੀਆਂ ਗੱਲਾਂ ਗੂੰਜ ਰਹੀਆਂ ਹਨ। ਤੂੰ ਅਜੇ ਇਹਨੂੰ ਡਾਕਟਰ ਦੇ ਲੈ ਕੇ ਨੀਂ ਗਿਆ, ਇਹ ਤਾਂ ਪੱਥਰ ਜੰਮ ਜੰਮ ਸਿੱਟ ਦੂ——ਮਾਂ ਇਹ ਮੰਨਦੀ ਨੀਂ———— ਇਹਨੇ ਐਂ ਨੀਂ ਮੰਨਣਾ, ਇਹ ਤਾਂ ਤੂੰ ਕੈੜ੍ਹਾ ਹੋ। ————ਉਏ ਅਜੇ ਸਲਾਹਾਂ ਈ ਕਰੀ ਜਾਨੇਂ ਓਂ, ਮੇਰਾ ਨੱਕ ਵਢਾਉਣੈ ਸ਼ਰੀਕੇ'ਚ। ————ਬਾਪੂ ਫ਼ਿਕਰ ਨਾ ਕਰ, ਕੱਲ੍ਹ ਨੂੰ ਤਾਂ ਹਰ ਹਾਲਤ 'ਚ ਲੈਕੇ ਈ ਜਾਊਂ। ————ਇਹਦਾ ਫਾਹਾ ਤਾਂ ਵੱਢਣਾ ਪੈਣੇ, ਜਦੋਂ ਡਾਕਟਰ ਨੇ ਦੱਸ ਈ ਦਿੱਤਾ। ਅਵਾਜ਼ਾਂ ਸੰਗੀਤ ਦੇ ਵਿਚ ਉੱਚੀਆਂ ਤੇ ਹੋਰ ਉੱਚੀਆਂ ਹੋ ਰਹੀਆਂ ਹਨ, ਮਾਂ ਭੌਰ-ਭੌਰ ਹੋਈ ਇਧਰ ਉਧਰ ਉਠ ਕੇ ਵੇਖਦੀ ਹੈ ਤੇ ਧੜੰਮ ਦੇ ਕੇ ਸਟੇਜ ਤੇ ਡਿੱਗ ਜਾਂਦੀ ਤੇ ਟਿਮਟਿਮਾਂਉਦੀਆਂ ਬੱਤੀਆਂ ਇਕ ਦਮ ਬੰਦ ਹੋ ਜਾਂਦੀਆਂ ਹਨ। ਮੱਧਮ ਰੋਸ਼ਨੀ ਵਿਚੋਂ ਛੋਟੀ ਬੱਚੀ ਪਰਵੇਸ਼ ਕਰਦੀ ਹੈ।)*

ਅਣਜੰਮੀ ਧੀ : ਮੈਂ ਹਾਂ ਇਕ ,
ਮੇਰੇ ਮਾਂ-ਪਾਪਾ ਦੀ ਪਿਆਰ ਨਿਸ਼ਾਨੀ,
ਬੁੱਝੋ ਭਲਾ ਮੈਂ ਕੌਣ ?
ਕੀ ਮੈਂ ਕੀਮਤੀ ਛੱਲਾ ਜਾਂ ਗਾਨੀ।
ਨਹੀਂ ! ਨਹੀਂ ! ਲ਼ੋਕੋ,
ਮੈਂ ਤਾਂ ਇਕ ਅਣਜੰਮੀ ਧੀ ਹਾਂ,
ਖ਼ੂਨ ਦਾ ਲੋਥੜਾ ਜਿਹਾ,
ਨਾ ਹੱਡੀ ਬੱਸ ਮਾਸ ਦਾ ਜੀਅ ਹਾਂ।
ਜੀਣ ਲਈ ਤਰਲੇ ਕਰਦੀ,
ਦੁਨੀਆਂ ਦੇਖਣ ਨੂੰ ਚਾਹ ਰਹੀ ਹਾਂ,
ਇੱਥੇ ਤਾਂ ਸੱਭੇ ਹਨ ਮੇਰੇ ਦੋਸ਼ੀ,
ਕੀਹਨੂੰ ਦੁੱਖ ਸੁਣਾ ਰਹੀ ਹਾਂ।
ਬੇਸ਼ੱਕ ਇਹ ਦੁਨੀਆ ਮਾਂ ਦੀ ਜਣੀ,
ਤਾਂ ਵੀ ਕਰੇ ਮਰਦ ਦੀ ਪੂਜਾ,
ਇੱਥੇ ਤਾਂ ਔਰਤ-ਔਰਤ ਦੀ ਵੈਰਨ,

ਦਾਦੀ-ਨਾਨੀ ਜਾਂ ਨਾਂ ਕੋਈ ਦੂਜਾ।
ਸੱਭੇ ਹਨ ਮੇਰੇ ਦੋਸ਼ੀ,
ਫਿਰ ਵੀ ਮੈਂ ਅਰਜ਼ ਕਰੂੰਗੀ,
ਜੀਣ ਦੀ ਤਮੰਨਾ ਲੈ ਕੇ,
ਯੁੱਗ ਨੂੰ ਮੈਂ ਪਲਟ ਦਿਊਂਗੀ।
ਯੁੱਗ ਨੂੰ ਮੈਂ ਪਲਟ ਦਿਊਂਗੀ,
ਯੁੱਗ ਨੂੰ ਮੈਂ ————————।

*(ਧੀ ਜਾਂਦੀ ਹੈ ਤੇ ਦਾਦੀ ਸਟੇਜ ਤੇ ਆਉਂਦੀ ਹੈ, ਹੱਥ ਵਿਚ ਮਾਲਾ ਜਪ ਰਹੀ ਹੈ ਤੇ ਬਾਬਾ ਜੀ ਦੀ ਫੋਟੋ ਅੱਗੇ ਮੱਥਾ ਟੇਕ ਕੇ ਮੰਜੇ ਤੇ ਬੈਠ ਜਾਂਦੀ ਹੈ। ਸੂਤਰਧਾਰ ਆਉਂਦਾ ਹੈ।)*

ਸੂਤਰਧਾਰ : ਇਹ ਹਨ ਧੀ ਦੇ ਦਾਦੀ ਜੀ,
ਹਰ ਵੇਲੇ ਰੱਬ ਦਾ ਨਾਂ ਧਿਆਉਂਦੇ ਨੇ,
ਪੁੱਤ ਨੂੰ ਲਾਡ ਲਿਡਾਉਂਦੇ ਨੇ ਤੇ,
ਨੂੰਹ ਤੇ ਹੁਕਮ ਚਲਾਉਂਦੇ ਨੇ।
ਹਰ ਵੇਲੇ ਇਹ ਸੁੱਖਣ ਸੁੱਖਾਂ,
ਰੱਬਾ ਸਾਡੇ ਘਰ ਦੀ ਜੜ੍ਹ ਤੂੰ ਲਾ ਦੇ,
ਪਿਆਰਾ ਜਿਹਾ ਇਕ ਪੋਤਾ ਦੇ ਕੇ,
ਮੇਰੀਆਂ ਪੰਜੇ ਘਿਓ ਵਿਚ ਪਾ ਦੇ
ਮੇਰੀਆਂ ਪੰਜੇ ਘਿਓ ਵਿਚ ਪਾ ਦੇ,
ਮੇਰੀਆਂ——————

*(ਸੰਗੀਤਕ ਧੁਨਾਂ ਨਾਲ ਧੀ ਦਾ ਪਰਵੇਸ਼ ਹੁੰਦਾ ਹੈ, ਉਹ ਦਾਦੀ ਦੀ ਪਿੱਠ ਪਿੱਛੇ ਮੰਜੇ ਦੁਆਲੇ ਘੁੰਮਦੀ ਹੈ ਤੇ ਸੰਗੀਤ ਬੰਦ ਹੋਣ ਤੇ ਆ ਕੇ ਦਾਦੀ ਕੋਲ ਬੈਠਦੀ ਹੈ ਤੇ ਲਾਡ ਕਰਦੀ ਹੈ। ਹੱਥ ਫੜ੍ਹਕੇ ਦਾਦੀ ਨੂੰ ਕਹਿੰਦੀ ਹੈ।)*

ਅਣਜੰਮੀ ਧੀ : ਮੇਰੇ ਪਿਆਰੇ ਦਾਦੀ ਜੀ,
ਤੁਸੀਂ ਕਿਉਂ ਲਾਉਂ ਮੇਰੇ ਜੰਮਣ ਤੇ ਰੋਕਾਂ,
ਤੁਸੀਂ ਵੀ ਤਾਂ ਇਕ ਸੁਘੜ ਸਿਆਣੀ ਧੀ ਸੀ,
ਜਿਸਦਾ ਹਰਾ ਭਰਾ ਹੈ ਬਾਗ਼ ਬਗ਼ੀਚਾ।
ਮੇਰਾ ਵੀ ਜੀ ਕਰਦਾ ਕਿ ਵੀਰਾਂ ਵਾਂਗੂੰ,



ਮੈਂ ਸੁਣਾ ਪਰੀਆਂ ਦੀਆਂ ਬਾਤਾਂ,
ਮੈਂ ਵੀ ਇਕ ਜਿੰਦ ਜਾਨ ਹਾਂ,
ਜਿਹੜੀ ਇਹ ਦੁਨੀਆਂ ਦੇਖਣ ਨੂੰ ਤਰਸਾਂ।
ਨਾ ਮਾਰੀਂ ਨਾ ਮਾਰੀਂ ਦਾਦੀ,
ਇਹ ਨਾ ਜ਼ੁਲਮ ਕਮਾਵੀਂ ਦਾਦੀ,
ਨਾ ਮਾਰੀਂ, ਨਾ ਮਾਰੀਂ,
ਨਾ ਮਾਰੀਂ————————।

*(ਦਾਦੀ ਖੜ੍ਹੀ ਹੁੰਦੀ ਹੈ ਜਿਵੇਂ ਕਿ ਅਵਾਜ਼ ਦਾ ਪਿੱਛਾ ਕਰ ਰਹੀ ਹੋਵੇ, ਲਾਪ੍ਰਵਾਹੀ ਨਾਲ ਮੁੜਦੀ ਹੈ ਤੇ ਲੋਕਾਂ ਨੂੰ ਸੰਬੋਧਨ ਹੁੰਦੀ ਹੈ।)*

ਦਾਦੀ : ਨਾ ਨਾ,
ਮੈਂ ਇਹ ਪੱਥਰ ਮੈਂ ਆਉਣ ਨੀਂ ਦੇਣਾ,
ਮੇਰੇ ਸਿਰ ਤਾਂ ਆੜ ਬਹੁਤ ਨੇ,
ਹੋ ਜੂ ਔਖਾ ਉਨ੍ਹਾਂ ਲਾਹੁਣਾ।
ਨਾ ਲੱਡੂ, ਨਾ ਖੁਸ਼ੀਆਂ ਘਰ ਵਿਚ,
ਪੈ ਜੂ ਇੱਥੇ ਰੋਣਾ ਧੋਣਾ।
*(ਖੁਸ਼ ਹੋ ਕੇ)* ਪੁੱਤ ਪੋਤੇ ਤਾਂ ਮਿੱਠਾ ਮੇਵਾ,
ਦੇਣ ਸਕੂਨ ਤੇ ਕਰਦੇ ਸੇਵਾ।
ਧੀਆਂ !
ਧੀਆਂ ਤਾਂ ਇਕ ਗਿੱਲ੍ਹਾ ਆਟਾ,
ਜਿਨ੍ਹਾਂ ਨੂੰ ਅੰਦਰ ਚੂਹਿਆਂ ਤੇ ਬਾਹਰ ਡਰ ਹੈ ਕਾਵਾਂ ਤੋਂ,
ਨਾ ਕਿੱਥੋਂ ਕਿੱਥੋਂ ਪਤ ਬਚਾਊਂ,
ਲੰਮੇ ਪੈਂਡੇ ਤੇ ਅਣਜਾਣੀਆਂ ਥਾਵਾਂ ਤੋਂ।
ਨਾ ਡਰ ਡਰ ਕੇ ਜੀਣਾ, ਕਾਹਦਾ ਜੀਣੈ,
ਕਿਉਂ ਨਾ ਇਹ ਵੱਢਾਂ ਫਾਹਾ,
ਅੱਖੀਂ ਦੇਖਕੇ ਜ਼ਹਿਰ ਕਿਉਂ ਪੀਵਾਂ।
ਆਹੋ, ਅੱਖੀਂ ਦੇਖ ਕੇ ਜ਼ਹਿਰ ਕਿਉਂ ਪੀਵਾਂ,
ਆਹੋ ਅੱਖੀਂ————*(ਕਹਿੰਦੀ ਸਟੇਜ ਤੋਂ ਚਲੀ ਜਾਂਦੀ ਹੈ।)*
*(ਦੂਸਰੇ ਪਾਸੇ ਸੰਗੀਤਕ ਧੁਨਾਂ ਵਿਚ ਇਕ ਪਾਸੇ ਸੂਤਰਧਾਰ ਦਾ ਪਰਵੇਸ਼ ਹੁੰਦਾ ਹੈ ਤੇ ਦੂਸਰੇ ਪਾਸੇ ਧੀ ਦੇ ਦਾਦਾ ਜੀ ਰੋਹਬ ਨਾਲ ਘਰ ਵਿਚ ਤੁਰੇ ਫਿਰ ਰਹੇ ਹਨ ਤੇ ਦਾਦੀ ਆਉਂਦੀ ਹੈ, ਦੋਨੋਂ*

*ਬੱਚੀ ਨੂੰ ਮਾਰਨ ਦੀਆਂ ਸਲਾਹਾਂ ਕਰਦੇ ਦਿਖਾਈ ਦੇ ਰਹੇ ਹਨ, ਦਾਦੀ ਅੰਦਰ ਜਾਂਦੀ ਹੈ।)*

ਸੂਤਰਧਾਰ : ਇਹ ਹਨ ਧੀ ਦੇ ਦਾਦਾ ਜੀ,
ਪਿੰਡ ਦੇ ਨੰਬਰਦਾਰ ਕਹਾਉਂਦੇ ਨੇ,
ਜਦ ਪਿੰਡ ਵਿਚ ਕੋਈ ਅਫ਼ਸਰ ਆਵੇ,
ਸਭ ਤੋਂ ਪਹਿਲਾਂ ਹੱਥ ਮਿਲਾਉਂਦੇ ਨੇ।
ਲੋਕ ਕਹਿੰਦੇ ਨੇ ਭਲਾਮਾਣਸ ਹੈ,
ਸਭ ਨੂੰ ਇਨਸਾਫ਼ ਦਿਵਾਉਂਦਾ ਹੈ,
ਸਭ ਦੇ ਦੁੱਖਾਂ ਸੁੱਖਾਂ ਦਾ ਸਾਂਝੀ,
ਸਭ ਦੇ ਦਰਦ ਵੰਡਾਉਂਦਾ ਹੈ।
ਘਰ ਦੇ ਵਿਚ ਕੀ ਹੈ ਹੁੰਦਾ,
ਇਹ ਇਸ ਤੋਂ ਅਣਜਾਣ ਨਹੀਂ,
ਇਹ ਤਾਂ ਬੱਸ ਚੌਧਰ ਦਾ ਭੁੱਖਾ,
ਇਹਦੀ ਬੱਸ ਪਛਾਣ ਇਹੀ,
ਇਹਦੀ ਬੱਸ------।

*(ਜਦੋਂ ਦਾਦਾ ਬਾਹਰ ਜਾਣ ਲੱਗਦਾ ਹੈ ਤਾਂ ਬੱਚੀ ਦੇ ਬੋਲ ਉਸਨੂੰ ਰੋਕ ਲੈਂਦੇ ਹਨ ਤੇ ਉਹ ਅਰਜ਼ ਕਰਦੀ ਹੈ। ਇਹ ਸੰਗੀਤ ਦੇ ਦੌਰਾਨ ਕਾਰਜ ਚੱਲਦਾ ਹੈ।)*

ਅਣਜੰਮੀ ਧੀ : ਦਾਦਾ ਜੀ ਇਕ ਅਰਜ਼ ਕਰਾਂ,
ਤੁਸੀਂ ਸਭ ਨੂੰ ਇਨਸਾਫ਼ ਦਿਵਾਉਂਦੇ ਹੋ,
ਮੈਂ ਵੀ ਜੀਣਾ ਚਾਹੁੰਦੀ ਹਾਂ,
ਮੈਨੂੰ ਖ਼ੈਰ ਜੀਵਨ ਦੀ ਪਾਉਂਦੇ ਹੋ।
ਮੈਂ ਜਾਵਾਂ ਥੋਤੋਂ ਬਲਿਹਾਰੀ,
ਯੁੱਗ ਯੁੱਗ ਜੀਵੇ ਇਹ ਫ਼ੁਲਵਾੜੀ,
ਮੈਨੂੰ ਫੁੱਲਵਾੜੀ ਦਾ ਫੁੱਲ ਬਣਾ ਲਓ,
ਮਹਿਕਾਂ ਵਿਹੜੇ ਵਿਚ ਖਿੰਡਾ ਲਓ।
ਖੁਸ਼ੀਆਂ ਦਾ ਮੈਂ ਰਾਜ਼ ਬਣੂੰਗੀ,
ਥੋਡੇ ਸਿਰ ਦਾ ਤਾਜ ਬਣੂੰਗੀ,
ਧੀਆਂ ਬਿਨ ਸੰਸਾਰ ਨੀਂ ਚੱਲਣਾ,
ਖ਼ਾਨਦਾਨ ਪਰਿਵਾਰ ਨੀਂ ਚੱਲਣਾ।
ਨਾ ਮਾਰੀਂ ਨਾ ਮਾਰੀਂ ਦਾਦਾ,
ਇਹ ਨਾ ਕਹਿਰ ਗੁਜ਼ਾਰੀਂ ਦਾਦਾ,
ਨਾ ਮਾਰੀਂ, ਨਾ ਮਾਰੀਂ,
ਨਾ ਮਾਰੀਂ------।

*(ਕਹਿ ਕੇ ਸਟੇਜ ਤੋਂ ਚਲੀ ਜਾਂਦੀ ਹੈ ਤੇ ਦਾਦਾ ਲੋਕਾਂ ਸਾਹਮਣੇ ਆਪਦੀ ਇੱਛਾ ਵਿਅਕਤ ਕਰਦਾ ਹੈ।)*

ਦਾਦਾ : ਮੈਂ ਚਾਹੁੰਦਾ ਇਕ ਐਸਾ ਵਾਰਸ,
ਜੋ ਮੇਰਾ ਵੰਸ਼ ਚਲਾਵੇਗਾ,
ਮੇਰੇ ਇਸ ਸੱਖਣੇ ਵਿਹੜੇ ਨੂੰ,
ਚਾਰ ਚੰਨ ਜੋ ਲਾਵੇਗਾ।
ਧੀ ਜੰਮੀ ਤੇ ਆਕੜ ਫੁੱਟ ਜੂ,
ਪੈਜੂ ਸੱਤ ਬਿਗਾਨਿਆਂ ਅੱਗੇ ਨਿਊਣਾ,
ਸ਼ਰੀਕਾਂ ਦੇ ਤਾਂ ਦੋ ਦੋ ਪੁੱਤ ਨੇ,
ਮੈਂ ਕਿਉਂ ਇਹ ਮਿਹਣਾ ਸੱਥ 'ਚ ਲੈਣਾ।
ਨੀਵੀਂ ਹੋਵੇ ਪੱਗ ਮੇਰੀ ,
ਇਹ ਮੈਂ ਜਰ ਸਕਦਾ ਨਹੀਂ,
ਉਗਦੇ ਇਸ ਨਾਸੂਰ ਦੇ
ਜਖ਼ਮਾਂ ਨੂੰ ਮੈਂ ਭਰ ਸਕਦਾ ਨਹੀਂ।
ਜਖ਼ਮਾਂ ਨੂੰ ਮੈਂ ਭਰ ਸਕਦਾ ਨਹੀਂ---।

*(ਗੁੱਸੇ ਵਿਚ ਨਾਸੂਰ ਨੂੰ ਪੈਰਾਂ ਹੇਠ ਮਸਲ ਕੇ ਜਲਦੀ ਸਟੇਜ ਤੋਂ ਬਾਹਰ ਜਾਂਦਾ ਹੈ।)*
*(ਸੰਗੀਤਕ ਧੁਨਾਂ ਵਿਚ ਇਕ ਪਾਸੇ ਸੂਤਰਧਾਰ ਦਾ ਅਤੇ ਦੂਸਰੇ ਪਾਸੇ ਕੁੜੀ ਦੇ ਪਾਪਾ ਜੀ ਦਾ ਪਰਵੇਸ਼ ਹੁੰਦਾ ਹੈ, ਉਹ ਸਟੇਜ ਤੇ ਅਖ਼ਬਾਰ ਪੜ੍ਹਦੇ ਦਿਖਾਈ ਦੇ ਰਹੇ ਹਨ।)*

ਸੂਤਰਧਾਰ : ਇਹ ਹਨ ਧੀ ਦੇ ਪਾਪਾ ਜੀ,
ਪੜ੍ਹੇ ਲਿਖੇ ਅਖਵਾਉਂਦੇ ਨੇ,
ਰਸਮ ਰਿਵਾਜ਼ਾਂ ਵਿਚ ਨੇ ਖੁੱਭੇ,
ਪੁੱਤਰਾਂ ਦੇ ਹੀ ਗੁਣ ਗਾਉਂਦੇ ਨੇ।

ਧੀ ਨੂੰ ਕੁੱਲ ਦਾ ਕੋਹੜ ਸਮਝ ਕੇ,
ਦੇਖਣ ਤੋਂ ਪਹਿਲਾਂ ਮਾਰ ਮੁਕਾਉਂਦੇ ਨੇ,
ਆਖ਼ਰ ਇਹ ਸਮਾਜੀ ਕਦਰਾਂ ਨਾਲ
ਟੱਕਰ ਤੋਂ ਘਬਰਾਉਂਦੇ ਨੇ,
ਦੋਚਿੱਤੀ ਵਿਚ ਜਿਉਂਦੇ ਮਰਦੇ ,
ਆਖ਼ਰ ਹਾਂ ਵਿਚ ਹਾਂ ਮਿਲਾਉਂਦੇ ਨੇ।
ਆਖ਼ਰ ਹਾਂ ਵਿਚ ਹਾਂ ਮਿਲਾਉਂਦੇ ਨੇ—————————।
(ਸੰਗੀਤ ਵੱਜ ਰਿਹਾ ਹੈ, ਪਾਪਾ ਜਦੋਂ ਅਖ਼ਬਾਰ ਤੋਂ ਉੱਪਰ ਦੇਖਦਾ ਹੈ ਤਾਂ ਧੀ ਦੇ ਇਨ੍ਹਾਂ ਬੋਲਾਂ ਨਾਲ ਰੁਕ ਜਾਂਦਾ ਹੈ।)

ਅਣਜੰਮੀ ਧੀ : ਮੇਰੇ ਪਿਆਰੇ ਪਾਪਾ ਜੀ
ਕਿਉਂ ਡਰਦੇ, ਝੂਠੀਆਂ ਰਸਮਾਂ ਤੋਂ,
ਸਮਾਜ ਵਿਰੋਧੀ ਅਨਸਰ ਜਿਹੜੇ,
ਦੂਰ ਲਿਜਾਂਦੇ ਵਾਅਦੇ ਕਸਮਾਂ ਤੋਂ।
ਮੈਂ ਅਣਜੰਮੀ ਧੀ ਵੇ ਬਾਬਲ,
ਮੈਨੂੰ ਤੁਸੀਂ ਕਿਉਂ ਦੇਵੋਂ ਮਾਰ,
ਇਹ ਤਾਂ ਐਵੇਂ ਰੀਤ ਪੁਰਾਣੀ,
ਧੀਆਂ ਦਾ ਜੰਮਣਾ ਬਾਬਲ ਤੇ ਭਾਰ।
ਰਾਣੀ ਝਾਂਸੀ ਤੇ ਭਾਬੀ ਦੁਰਗਾ ਦੀ ਤਾਕਤ,
ਨੂੰ ਭੁਲਦਾ ਜਾਂਦਾ ਕਿਉਂ ਸੰਸਾਰ।
ਇਤਿਹਾਸ ਨੂੰ ਪਾਸੇ ਕਰਕੇ,
ਇਹ ਨਵੀਂ ਪਿਰਤ ਕੀ ਪਾਉਂਦੇ ਹੋ,
"ਸੋ ਕਿਉਂ ਮੰਦਾ ਆਖੀਐ" ਦੀ ਬੇਕਦਰੀ ਕਰਕੇ,
ਨਾਨਕ ਨੂੰ ਕਿਉਂ ਭੁਲਾਉਂਦੇ ਹੋ।
ਮੈਨੂੰ ਇੰਨਾ ਮਾਣ ਬਖ਼ਸ਼ ਦੋ,
ਮੇਰੀ ਨੰਨ੍ਹੀ ਜਾਨ ਬਖਸ਼ ਦੋ।
ਜੇ ਬਾਬਲ ਨਾ ਹੋਈਆਂ ਧੀਆਂ,
ਕੌਣ ਮਨਾਊ ਤੇਰੇ ਪਿੰਡ ਦੀਆਂ ਤੀਆਂ ?
ਕੌਣ ਵੀਰੇ ਦੇ ਰੱਖੜੀ ਬੰਨ੍ਹੂ ?
ਕੌਣ ਸੁਣੂ ਦੁਖੜੇ ਬਿਨ ਧੀਆਂ ?
ਨਾ ਮਾਰੀਂ, ਨਾ ਮਾਰੀਂ ਪਾਪਾ,
ਇਹ ਨਾ ਪਾਪ ਕਮਾਵੀਂ ਪਾਪਾ,



ਨਾ ਮਾਰੀਂ, ਨਾ ਮਾਰੀਂ,
ਨਾ ਮਾਰੀਂ—————————।
(ਉਹ ਦੇ ਮਨ ਤੇ ਪਹਿਲਾਂ ਉਦਾਸ ਤੇ ਫਿਰ ਖ਼ੁਸ਼ੀ ਦਾ ਪ੍ਰਭਾਵ ਦਿਖਾਈ ਦਿੰਦਾ ਹੈ।)

ਪਾਪਾ ਜੀ : ਤੇਰਾ ਸਭ ਕੁਝ ਸੁਣਕੇ ਵੀ,
ਮੈਂ ਹਾਂ ਬੱਸ ਮਜ਼ਬੂਰ ਜਿਹਾ,
ਦਾਜ ਦੀਆਂ ਸਮਾਜੀ ਕਦਰਾਂ ਨੇ,
ਮੇਰਾ ਤੋੜ ਦਿੱਤਾ ਗਰੂਰ ਜਿਹਾ।
ਨਾਰੀ ਨੂੰ ਅਬਲਾ ਕਹਿ ਕੇ,
ਤਾਕਤਵਰ ਮਰਦ ਬਣਾ ਦਿੱਤਾ,
ਔਰਤ ਦੀ ਕਮਜ਼ੋਰੀ ਨੇ,
ਇਹਦਾ ਰਾਹ ਰੁਸ਼ਨਾ ਦਿੱਤਾ।
ਧੀਆਂ ਧੰਨ ਬਿਗਾਨਾ,
ਕੌਣ ਇਨ੍ਹਾਂ ਲਈ ਦੁਖੜੇ ਝੱਲੈ;
ਪੁੱਤਰ ਹੁੰਦੇ ਮਿੱਠੇ ਮੇਵੇ,
ਕਹਿੰਦੇ ਕੁੱਲ ਜਿਨ੍ਹਾਂ ਨਾਲ ਚੱਲੇ।
ਕਹਿੰਦੇ ਕੁੱਲ ਜਿਨ੍ਹਾਂ ਨਾਲ ਚੱਲੇ,
ਕਹਿੰਦੇ——————। *(ਬਾਹਰ ਚਲਾ ਜਾਂਦਾ ਹੈ।)*

(ਸੰਗੀਤ ਚਲ ਰਿਹਾ ਹੈ, ਇਕ ਪਾਸੇ ਸੂਤਰਧਾਰ ਪਰਵੇਸ਼ ਕਰਦਾ ਹੈ। ਦੂਸਰੇ ਪਾਸੇ ਡਾਕਟਰ ਆਪਣੀ ਦੁਕਾਨ ਤੇ ਬੈਠਾ ਦਿਖਾਈ ਦੇ ਰਿਹਾ ਹੈ, ਸੂਤਰਧਾਰ ਡਾਕਟਰ ਬਾਰੇ ਆਪਣੀ ਰਾਇ ਲੋਕਾਂ ਨੂੰ ਦਸ ਰਿਹਾ ਹੈ।)

ਸੂਤਰਧਾਰ : ਇਹ ਹਨ ਦਰਦਮੰਦਾਂ ਦੇ ਦਰਦੀ,
ਪਹਿਨੀ ਜਿਨ੍ਹਾਂ ਨੇ ਚਿੱਟੀ ਵਰਦੀ,
ਦੁਖੀਆਂ ਦੇ ਦੁੱਖ ਦੂਰ ਨੇ ਕਰਦੇ,
ਹਰ ਘਰ ਦੇ ਵਿਚ ਚਾਨਣ ਕਰਦੇ।
ਮਰਦਿਆਂ ਨੂੰ ਦਿੰਦੇ ਜੀਵਨ ਦਾਨ,
ਰੱਬ ਜਿੰਨਾ ਨੇ ਪਾਉਂਦੇ ਮਾਣ।
ਮਨੁੱਖ ਨੇ ਕੱਢੀਆਂ ਨਵੀਆਂ ਕਾਢਾਂ,

ਦੁਨੀਆਂ ਤੇ ਚਾਨਣ ਕਰਨੇ ਲਈ,
ਬੱਚਾ ਗਰਭ ਵਿਚ ਠੀਕ ਠਾਕ ਹੈ,
ਨਾ ਮੁੰਡੇ-ਕੁੜੀ ਦਾ ਭੇਤ ਜਾਨਣ ਲਈ।
ਡਾਕਟਰ ਰੱਬ ਦਾ ਨਾਂ ਹੈ ਦੂਜਾ,
ਇਹ ਭੁੱਲ ਜਾਵੇ ਦੁਨੀਆਂ ਕਰਦੀ ਇਹਦੀ ਪੂਜਾ।
ਜਦ ਇਹ ਪੈਸੇ ਦੇ ਲਾਲਚ ਵਿਚ ਆਵੇ,
ਰਕਮਾਂ ਲੈ ਕੇ ਟੈਸਟ ਕਰਾਵੇ,
ਗਰਭਵਤੀ ਨੂੰ ਟੀਕਾ ਲਾਵੇ,
ਕੁੱਖ ਵਿਚ ਧੀਆਂ ਮਾਰ ਮੁਕਾਵੇ,
ਫਿਰ ਇਹ ਡਾਕਟਰ ਤੋਂ ਕਾਤਲ ਬਣ ਜਾਵੇ,
ਫਿਰ ਇਹ ਡਾਕਟਰ ਤੋਂ ਕਾਤਲ ਬਣ ਜਾਵੇ।
ਫਿਰ ਇਹ————————।

*(ਸੰਗੀਤ ਦੀਆਂ ਧੁਨਾਂ ਵਜ ਰਹੀਆਂ ਹਨ, ਧੀ ਪਿਛਲੇ ਪਾਸੇ ਖੂਹ ਵਿਚੋਂ ਬੋਲਣਾ ਸ਼ੁਰੂ ਕਰਦੀ ਹੈ ਤੇ ਹੌਲੀ ਹੌਲੀ ਬਾਹਰ ਨਿਕਲਦੀ ਹੈ, ਡਾਕਟਰ ਹੱਕਾ ਬੱਕਾ ਹੋਇਆ ਦੇਖਦਾ ਹੈ।)*

ਅਣਜੰਮੀ ਧੀ : ਇਹ ਦੁਨੀਆਂ ਦੇ ਜੀਵਨਦਾਨੀ,
ਮੌਤ ਬਖਸ਼ ਕੇ ਕਰੇ ਨਿਦਾਨੀ।
ਧੀਆਂ ਮਾਰੇ ਦੌਲਤ ਪਾਵੇਂ,
ਕੁੱਖ ਨੂੰ ਕਬਰਸਤਾਨ ਬਣਾਵੇਂ,
ਚਾਂਦੀ ਦੇ ਕੁਝ ਸਿੱਕਿਆਂ ਬਦਲੇ,
ਆਪਣੇ ਕਿੱਤੇ ਨੂੰ ਧੋਖੇ ਵਿਚ ਪਾਵੇਂ।
ਐ ਦਰਦਮੰਦਾਂ ਦਿਆ ਦਰਦੀ,
ਮੈਲ਼ੀ ਨਾ ਕਰ ਚਿੱਟੀ ਵਰਦੀ।
ਕਰ ਦੇ ਬੰਦ ਇਹ ਖੋਟਾ ਧੰਦਾ, (ਗੁੱਸੇ ਨਾਲ)
ਇਹ ਧੰਦਾ ਹੈ ਬਹੁਤਾ ਗੰਦਾ,
ਤੱਕ ਉਠ ਆਪਣੀ ਜ਼ਮੀਰ ਜਗਾ ਲੈ,
ਚੰਦ ਸਿੱਕਿਆਂ ਦਾ ਲਾਲਚ ਛੱਡ ਕੇ,
(ਜੇਬ ਵਿਚੋਂ ਸਿੱਕੇ ਕੱਢ ਕੇ ਥੱਲੇ ਸਿੱਟਦੀ ਹੈ।)
ਵੱਜਣੋ ਤਿੱਖੇ ਕਸੀਰ ਬਚਾ ਲੈ,
ਵੱਜਣੋ ਤਿੱਖੇ ਕਸੀਰ ਬਚਾ ਲੈ।
ਨਾ ਮਾਰੀਂ, ਨਾ ਮਾਰੀਂ ਡਾਕਟਰ,



ਇਹ ਨਾ ਕਹਿਰ ਗੁਜ਼ਾਰੀਂ ਡਾਕਟਰ।
ਨਾ ਮਾਰੀਂ, ਨਾ ਮਾਰੀਂ,
ਨਾ ਮਾਰੀਂ———————————।
(ਹੈਰਾਨ ਹੋਇਆ ਜਵਾਬ ਦਿੰਦਾ ਹੈ।)

ਡਾਕਟਰ : ਦੁਨੀਆਂ ਵਿਚ ਹਰ ਬੰਦਾ ਹੀ ਦੌਲਤ ਚਾਹਵੇ,
ਫਿਰ ਮੇਰੇ ਤੇ ਕਿਉਂ ਤੁਹਮਤ ਲਾਵੇ।
ਇਸ ਪੈਸੇ ਦੀ ਦੁਨੀਆਂ ਵਿਚ,
ਮੈਂ ਕਿਉਂ ਪਿੱਛੇ ਰਹਿ ਜਾਵਾਂ।
ਮੁੰਡੇ ਜਾਂ ਕੁੜੀ ਦੇ ਬੈਨਰ ਥੱਲੇ,
ਆਪਣਾ ਇਲਾਜ ਕਰਵਾਓ ਲੋਕੋ,
ਜੇ ਚਾਹਵੋ ਤਾਂ ਕੁੜੀ ਨੂੰ ਮਾਰ ਮੁਕਾਓ,
ਜਾਂ ਇਸਦਾ ਬੋਝ ਉਠਾਓ ਲੋਕੋ।
ਮਰਜ਼ੀ ਥੋਡੀ ਫ਼ੈਸਲਾ ਥੋਡਾ,
ਮੈਂ ਤਾਂ ਰਮਜ਼ ਸੁਣਾ ਦਿੱਤੀ।
ਲਾਭ ਹਾਣ ਤਾਂ ਤੁਸੀਂ ਦੇਖਣੈ,
ਮੈਂ ਤਾਂ ਕੁਲ ਟੋਟਲ ਕਰਕੇ,
ਆਹ ਰਸੀਦ ਬਣਾ ਦਿੱਤੀ।
ਮੈਂ ਤਾਂ ਕੁਲ ਟੋਟਲ ਕਰਕੇ,
ਆਹ ਰਸੀਦ ਬਣਾ ਦਿੱਤੀ।
ਮੈਂ ਤਾਂ——————। *(ਕਹਿ ਕੇ ਚਲਾ ਜਾਂਦਾ ਹੈ)*

*(ਸੰਗੀਤ ਦੀਆਂ ਧੁਨਾਂ ਵਿਚੋਂ ਇਕ ਪਾਸੇ ਸੂਤਰਧਾਰ ਦਾ ਪਰਵੇਸ਼ ਤੇ ਦੂਸਰੇ ਪਾਸੇ ਬੱਚੀ ਦੀ ਮਾਂ ਮੰਜੇ ਉੱਤੇ ਬੈਠੀ ਦਿਖਾਈ ਦੇ ਰਹੀ ਹੈ। ਉਹ ਮਾਂ ਦੀਆਂ ਹਾਲਤਾਂ ਨੂੰ ਇੰਜ ਬਿਆਨ ਕਰਦਾ ਹੈ।)*

ਸੂਤਰਧਾਰ : ਮਾਂ ਤਾਂ ਲੋਕੋ ਮਾਂ ਹੁੰਦੀ ਹੈ,
ਠੰਢੀ ਮਿੱਠੜੀ ਛਾਂ ਹੁੰਦੀ ਹੈ,
ਮਮਤਾ ਦੇ ਵਿਹੜੇ ਵਿਚ ਉੱਗੇ,
ਹਰ ਬੂਟੇ ਦੀ ਜਾਂ ਹੁੰਦੀ ਹੈ।
ਹਰ ਵਗਦੇ ਝੱਖੜ ਮੂਹਰੇ,
ਫਿਤਰਤ ਇਹਦੀ ਅੜ ਜਾਣਾ,
ਧੁੱਪਾਂ ਠੰਢਾਂ ਸਹਿ ਕੇ ਵੀ,

ਪੱਥਰ ਬਣ ਕੇ ਖੜ੍ਹ ਜਾਣਾ।
ਭੁੱਖੀ ਰਹਿ ਕੇ ਆਪ ਤਾਂ,
ਬੱਚਿਆਂ ਨੂੰ ਚੋਗਾ ਦਿੰਦੀ ਹੈ,
ਗਿੱਲ੍ਹੇ ਰਾਤਾਂ ਕੱਟ ਕੱਟ ਕੇ,
ਉਹਨਾਂ ਨੂੰ ਸੁੱਕੇ ਪਾਉਂਦੀ ਹੈ।
ਹਰ ਕਿਸਮ ਦੀ ਮੁਸ਼ਕਲ ਸਹਿ ਕੇ,
ਇਹ ਕਹਿਰ ਕਿਉਂ ਢਾਹੁੰਦੀ ਹੈ।
ਕਿਉਂ ਇਹ ਮਜ਼ਬੂਰ ਜਿਹੀ,
ਆਪਣੇ ਦਿਲ ਦੀ ਆਂਦਰ ਤੋੜ ਸਿਟਾਉਂਦੀ ਹੈ,
ਧੀ ਦਾ ਮੂੰਹ ਦੇਖਣ ਦੀ ਜੁਰਤ ਗੁਆ ਕੇ,
ਔਰਤ ਦਾ ਵਜੂਦ ਮਿਟਾਉਂਦੀ ਹੈ,
ਕੀ ਇਹ ਨਹੀਂ ਜਾਣਦੀ ?
ਕਿ ਆਪਣੇ ਆਪੇ ਨੂੰ ਅੱਗ ਲਾਉਂਦੀ ਹੈ,
ਆਪਣੇ ਆਪੇ ਨੂੰ ਅੱਗ ਲਾਉਂਦੀ ਹੈ,
ਆਪਣੇ ਆਪੇ——————। (ਕਹਿ ਕੇ ਜਾਂਦਾ ਹੈ।)

*(ਸੰਗੀਤ ਵੱਜ ਰਿਹਾ ਹੈ ਤਦ ਬੇਟੀ ਸਟੇਜ ਤੇ ਅਉਂਦੀ ਹੈ। ਮਾਂ ਖਿਆਲਾਂ ਵਿਚ ਡੁੱਬੀ ਇਕ ਬੇਬੀ ਖਿਡੌਣੇ ਵੱਲ ਦੇਖ ਰਹੀ ਹੈ, ਜਿਵੇਂ ਉਸ ਨੂੰ ਕੁਝ ਸਮਝ ਨਾ ਲੱਗ ਰਿਹਾ ਹੋਵੇ, ਬੱਚੀ ਦੀ ਅਵਾਜ਼ ਸੁਣਕੇ ਉਹਦੇ ਹੱਥੋਂ ਖਿਡੌਣਾ ਇਕ ਦਮ ਥੱਲੇ ਡਿੱਗ ਜਾਂਦਾ ਹੈ, ਤੇ ਉਹ ਡਰ ਜਾਂਦੀ ਹੈ ਤੇ ਧੀ ਆਪਦੇ ਲਫਜਾਂ ਨਾਲ ਉਸ ਨੂੰ ਉਸਦੇ ਹੱਕ ਲਈ ਪ੍ਰੇਰਤ ਕਰਦੀ ਹੈ।)*

ਅਣਜੰਮੀ ਧੀ : ਮਾਏ ਨੀ ਸੁਣ ਮੇਰੀਏ ਮਾਏ,
ਤੂੰ ਇਹ ਕਹਿਰ ਕਮਾਏਂ ਕਿਉਂ ?
ਤੂੰ ਵੀ ਤਾਂ ਇਕ ਮਾਂ ਦੀ ਧੀ ਸੀ,
ਤੂੰ ਮੇਰੀ ਮਾਂ ਬਣਨੋ ਘਬਰਾਏਂ ਕਿਉਂ ?
ਅੱਜ ਹਰ ਕਿੱਤੇ ਵਿਚ ਔਰਤ ਅੱਗੇ,
ਫਿਰ ਵੀ ਹਰ ਧੀ ਦੇ ਇਰਦੇ ਗਿਰਦੇ,
ਛੁਰੀਆਂ ਲੈ ਕੇ ਕਾਤਲ ਫਿਰਦੇ।
ਆਪਣੀ ਕਿਉਂ ਪਛਾਣ ਭੁੱਲ ਗਏ,
ਮਾਂ-ਬਾਪ ਜਾਂ ਡਾਕਟਰ ਸੱਭੇ,
ਧੀ ਦਾ ਮੂੰਹ ਦੇਖਣ ਤੋਂ ਡਰਦੇ,



ਪਰ ਮਾਂ ਦੇ ਪੇਟੋਂ ਜਨਮੇ ਸੱਭੇ।
ਜੇ ਇੱਦਾਂ ਸਭ ਲੋਕ ਕਰਨਗੇ,
ਕੁੱਖ ਵਿਚ ਧੀਆਂ ਕਤਲ ਕਰਨਗੇ,
ਇਸ ਤੋਂ ਅੱਗੇ ਕੀ ਕਰਨਗੇ ?
ਕਿੱਥੋਂ ਵਾਰਸ ਪੈਦਾ ਕਰਨਗੇ ?
ਮਾਂ ਹੋ ਕੇ ਇਕ ਕਾਤਲ ਨਾ ਬਣ,
ਇਕ ਜ਼ਹਿਰੀਲੀ ਨਾਗਣ ਨਾ ਬਣ।
ਉਠ ਤੱਕ ਆਪਣਾ ਮੂਲ ਪਛਾਣ,
ਵੈਰੀ ਨੂੰ ਤੂੰ ਵੈਰੀ ਜਾਣ।
ਨਾ ਮਾਰੀਂ, ਨਾ ਮਾਰੀਂ ਮਾਏ,
ਇਹ ਸਿਤਮ ਨਾ ਢਾਹੀਂ ਮਾਏ,
ਨਾ ਮਾਰੀਂ, ਨਾ ਮਾਰੀਂ,
ਨਾ ਮਾਰੀਂ——————————।

*(ਮਾਂ ਉਹਦੀਆ ਗੱਲਾਂ ਬਹੁਤ ਧਿਆਨ ਨਾਲ ਸੁਣਦੀ ਹੈ ਤੇ ਇਸ ਐਕਸ਼ਨ ਨਾਲ ਜਿਵੇਂ ਉਸਦਾ ਮੂੰਹ ਬੰਦ ਕਰਵਾਉਂਦੀ ਹੋਵੇ। ਸਟੇਜ ਦੇ ਅੱਗੇ ਆ ਕੇ ਲੋਕਾਂ ਨੂੰ ਸੰਬੋਧਨ ਕਰਦੀ ਹੈ।)*

ਮਾਂ : ਬੱਸ ਧੀਏ ਨੀ ਬੱਸ ਕਰ ਹੁਣ ਤੂੰ,
ਨਾ ਹੋਰ ਸ਼ਰਮਿੰਦਾ ਕਰ ਹੁਣ ਤੂੰ,
ਮੈਂ ਨਿਮਾਣੀ ; ਕਰਮਾ ਮਾਰੀ,
ਆਪਣੀ ਔਕਾਤ ਭੁਲਾ ਬੈਠੀ,
ਮੈਂ ਹੀ ਮੁਹਰਾ, ਮੈਂ ਹੀ ਮੁਲਜ਼ਮ,
ਕੀਹਦੇ ਤੇ ਹਥਿਆਰ ਉਠਾ ਬੈਠੀ।
ਆਪਣੀਆਂ ਸੱਧਰਾਂ, ਆਪੇ ਕਤਲ,
ਨਾ ਹੋਣ ਦਿਆਂਗੀ ਤੇਰਾ ਮੈਂ,
ਮੈਂ ਇਸ ਪਾਪ ਦੀ ਸਾਂਝੀਵਾਲ ਨਾ ਬਣਕੇ,
ਹੁਣ ਸਾਥ ਦਿਆਂਗੀ ਤੇਰਾ ਮੈਂ।
ਔਰਤ ਮਰਦ ਨੇ ਗੱਡੀ ਦੇ ਦੋ ਪਹੀਏ,
ਸਮਾਜ ਨੂੰ ਗੱਲ ਸੁਣਾਉਣੀ ਪੈਣੀ,
ਹੋਰ ਨੇ ਸੱਭੇ ਝੂਠੀਆਂ ਗੱਲਾਂ,
ਗਲ਼ੋਂ ਗ਼ੁਲਾਮੀ ਲਾਹੁਣੀ ਪੈਣੀ।
ਤੋੜੋ ਦਾਜ ਦੀਆਂ ਝੂਠੀਆਂ ਰਸਮਾਂ,

ਨਾਰੀ ਹੁਣ ਕਮਜ਼ੋਰ ਨਹੀਂ,
ਹਰ ਕਿੱਤੇ ਵਿਚ ਔਰਤ ਬੈਠੀ,
ਅਬਲਾ ਦਾ ਹੁਣ ਸ਼ੋਰ ਨਹੀਂ।
ਅਬਲਾ ਦਾ ਹੁਣ ਸ਼ੋਰ ਨਹੀਂ,
ਅਬਲਾ ਦਾ––––––।

*(ਮਾਂ ਪਿੱਛੇ ਜਾ ਕੇ ਇਕ ਥੜ੍ਹੇ ਤੇ ਚੜ੍ਹਦੀ ਹੈ, ਸੰਗੀਤ ਚਲ ਰਿਹਾ ਹੈ, ਉਹ ਘੁੰਮ ਰਹੀ ਹੈ ਤਾਂ 10-12 ਬੱਚੀਆਂ ਚਿੱਟੀਆਂ ਫਰਾਕਾਂ, ਚਿੱਟੇ ਰਿਬਨ ਤੇ ਚਿੱਟੀਆਂ ਜੁਰਾਬਾਂ ਪਾ ਕੇ ਲਾਈਨ ਵਿਚ ਆਉਂਦੀਆਂ ਹਨ, ਉਹ ਥੜ੍ਹੇ ਦੁਆਲੇ ਘੁੰਮਦੀਆਂ ਹਨ, ਸੰਗੀਤ ਦੇ ਤੇਜ਼ ਹੋਣ ਨਾਲ ਚੱਕਰ ਵਿਚ ਹੀ ਉਹ ਹੋਰ ਭੱਜਦੀਆਂ ਹਨ। ਸੰਗੀਤ ਬੰਦ ਹੁੰਦਾ ਹੈ ਤਾਂ ਮਾਂ ਬੋਲਣਾ ਸ਼ੁਰੂ ਕਰਦੀ ਹੈ, ਬੱਚੀਆਂ ਰੁਕ ਜਾਂਦੀਆਂ ਹਨ ਤੇ ਮਾਂ ਵੱਲ ਨੂੰ ਮੂੰਹ ਕਰਕੇ ਖੜ੍ਹ ਜਾਂਦੀਆਂ ਹਨ।)*

ਮੋਢੇ ਨਾਲ ਮੋਢਾ ਦੇਣਾ,
ਹੁਣ ਦਸਤੂਰ ਬਣਾਓ ਲੋਕੋ,
ਨਾ ਧੀਆਂ ਹੁਣ ਕਤਲ ਕਰਾਓ,
ਇਹ ਸਮਝ ਅਪਣਾਓ ਲੋਕੋ।
(ਬੱਚੀਆਂ ਮਾਂ ਵੱਲ ਹੱਥ ਖੜ੍ਹੇ ਕਰਦੀਆਂ ਹਨ।)
ਆਓ ਸਾਰੇ 'ਕੱਠੇ ਹੋ ਕੇ,
ਤੇ ਪਹੁੰਚੋ ਇਸ ਮੁਕਾਮ ਸਹੀ,
ਨਾ ਮਾਰੋ , ਨਾ ਮਾਰੋ ਧੀਆਂ,
ਇਹ ਅੱਜ ਦਾ ਪੈਗਾਮ ਸਹੀ,
(ਮਾਂ ਮੂੰਹ ਤੇ ਹੱਥ ਉੱਪਰ ਨੂੰ ਖੜ੍ਹੇ ਕਰਦੀ ਹੈ।)
ਨਾ ਮਾਰੋ , ਨਾ ਮਾਰੋ ਧੀਆਂ,
ਇਹ ਅੱਜ ਦਾ ਪੈਗ਼ਾਮ ਸਹੀ।
ਨਾ ਮਾਰੋ, ਨਾ ਮਾਰੋ ,
ਨਾ ਮਾਰੋ–––––––––।
ਨਾ ਮਾ
(ਹੌਲੀ ਹੌਲੀ ਅਵਾਜ਼ ਮੱਧਮ ਪੈਂਦੀ ਜਾਂਦੀ ਹੈ ਤੇ ਪਰਦਾ ਡਿੱਗਦਾ ਹੈ।)

ਸਮਾਪਤ



"ਭਲਾ ਮੈਂ ਕੌਣ" ਨਾਟਕ ਗੁਰਦੀਪ ਆਰਟਸ ਅਕੈਡਮੀ ਦੇ ਗੁਰਦੀਪ ਭੁੱਲਰ ਵਲੋਂ ਕੈਨੇਡਾ ਦੇ ਵੈਨਕੂਵਰ ਦੇ ਇਲਾਕੇ ਵਿਚ ਸੱਤ-ਅੱਠ ਵਾਰੀ ਲੋਅਰ ਮੇਨਲੈਂਡ ਦੀਆਂ ਵੱਖੋ ਵੱਖਰੀਆਂ ਸਟੇਜਾਂ ਤੇ ਖੇਡਿਆ ਗਿਆ ਤੇ 2 ਸਤੰਬਰ, 2007 ਨੂੰ ਤਰਕਸ਼ੀਲ ਕਲਚਰਲ ਸੁਸਾਇਟੀ ਆਫ ਕੈਨੇਡਾ ਵਲੋਂ ਵੀ ਬਹੁਤ ਸਫ਼ਲ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਵਿਚ ਹੇਠ ਲਿਖੇ ਕਲਾਕਾਰਾਂ ਨੇ ਆਪਣੀ ਕਲਾਕਾਰੀ ਪੇਸ਼ ਕੀਤੀ।

ਅਨਮੋਲ ਸਵੈਚ
ਜਾਸਮਿਨ ਸਵੈਚ
ਪਰਮਿੰਦਰ ਸਵੈਚ
ਗੁਰਨਾਮ ਥਾਂਦੀ
ਦਰਸ਼ਪ੍ਰੀਤ ਸਿੰਘ
ਜਗਰੂਪ ਬਰਾੜ
ਸੁਖਵਿੰਦਰ ਤੱਖੜ
ਬਲਵਿੰਦਰ ਰੋਡੇ
ਬਹੁਤ ਸਾਰੀਆਂ ਨਿੱਕੀਆਂ ਨਿੱਕੀਆਂ ਬੱਚੀਆਂ

# ਪੱਥਰ ਦੇ ਖੰਭ



## ਪਾਤਰ

| | | |
|---|---|---|
| ਜੀਤੋ | – | ਇਕ ਜਵਾਨ ਔਰਤ |
| ਬੰਸੋ | – | ਅੱਧਖੜ ਔਰਤ ਜਿਹੜੀ ਕੈਨੇਡਾ ਵਿਚ 7 ਸਾਲ ਤੋਂ ਰਹਿ ਰਹੀ ਹੈ। |
| ਮੇਲੋ | – | ਅੱਧਖੜ ਔਰਤ ਜਿਹੜੀ ਹੁਣੇ ਹੁਣੇ ਇੰਡੀਆ ਤੋਂ ਆਈ ਹੈ। |
| ਠੇਕੇਦਾਰ | – | 25–30 ਸਾਲ ਦਾ ਇਕ ਨੌਜਵਾਨ ਮੁੰਡਾ |
| ਸਮਾਂ | – | ਕੜ੍ਹਕਦੀ ਦੁਪਹਿਰ ਦਾ ਵੇਲਾ |
| ਸਥਾਨ | – | ਕੈਨੇਡਾ ਦੇ ਫਾਰਮ ਦਾ ਦ੍ਰਿਸ਼ |

*(ਫਾਰਮ ਦਾ ਕੰਮ ਚਲ ਰਿਹਾ ਹੈ। ਪਿੱਛੇ ਬੇਰੀ ਦੇ ਬੂਟੇ ਨਜ਼ਰ ਆ ਰਹੇ ਹਨ। ਦੋ ਔਰਤਾਂ ਦੇ ਫਾਰਮਾਂ ਵਾਲੇ ਕੱਪੜੇ ਪਾਏ ਹਨ। ਹੱਥਾਂ ਵਿਚ ਬੇਰੀ ਤੋੜਨ ਵਾਲੀਆਂ ਬਾਲਟੀਆਂ ਫੜੀਆਂ ਹਨ। ਹੱਥ ਵਿਚ ਲੰਚਕਿਟਾਂ ਫੜੀਆਂ ਹੋਈਆਂ ਹਨ। ਬਜ਼ੁਰਗ ਔਰਤ ਲੰਗ ਮਾਰਕੇ ਤੁਰ ਰਹੀ ਹੈ। ਜਵਾਨ ਔਰਤ ਉਸਦੀ ਰੀਸ ਲਾ ਕੇ ਤੁਰ ਰਹੀ ਹੈ। ਜਦੋਂ ਉਹ ਪਿੱਛੇ ਦੇਖਦੀ ਹੈ ਤਾਂ ਇੱਕਦਮ ਸਿੱਧੀ ਹੋ ਜਾਂਦੀ ਹੈ।)*

ਜੀਤੋ : ਆਂਟੀ ਕੀ ਹੋ ਗਿਆ, ਬੜੀ ਲੱਤ ਘੜੀਸ ਘੜੀਸ ਕੇ ਤੁਰਦੀ ਐਂ।

ਬੰਸੋ : ਧੀਏ, ਮੈਂ ਤਾਂ ਗੋਡਿਆਂ ਨੇ ਲੈ ਲਈ, ਜਾਏ ਨੂੰ ਖਾਣੇ ਦੇ ਇਹ ਨੀ ਤੁਰਦੇ। ਆਹ ਫਲੈਟ ਵੀ ਕਿਹੜਾ ਚੱਕ ਹੁੰਦੇ ਨੇ ਮੈਥੋਂ।

ਜੀਤੋ : ਆਂਟੀ ਅੰਕਲ ਨੂੰ ਲਿਆਇਆ ਕਰ। ਫਲੈਟਾਂ ਲਈ ਉਹ ਹੈਲਪ ਕਰ ਦਿਆ ਕਰਨਗੇ।

ਬੰਸੋ : ਉਹ ਨੀਂ ਹੁਣ ਫਾਰਮਾਂ 'ਚ ਧੱਕੇ ਖਾਂਦਾ।

ਜੀਤੋ : (ਹੱਸ ਕੇ) ਕਿਉਂ ਕੀ ਹੋਇਆ?

ਬੰਸੋ : ਉਹਨੂੰ ਤਾਂ ਸਕੋਰਟੀ ਦੀ ਜੋਬ ਮਿਲਗੀ। ਸਾਰੀ ਦਿਹਾੜੀ ਰੇਡੂਆ ਜਿਹਾ ਸੁਣੀ ਜਾਂਦੈ। ਆਕੇ ਕਹੂ ਫਲਾਣਾ ਐ ਕਹਿੰਦੈ, ਅਖੇ ਧਿਮਕਾ ਐਂ ਕਹਿੰਦਾ। ਬਈ ਮੈਂ ਦੱਸ ਕੀ ਡੋਕੇ ਲੈਣੇ ਐ ਉਹਨਾਂ ਤੋਂ।

ਜੀਤੋ : ਆਂਟੀ ਫੇਰ ਤਾਂ ਟਾਂਡੀ ਮੰਗਤੇ ਦੀਆਂ ਸੁਣਾਉਂਦਾ ਹੋਣੈ ਅੰਕਲ।

ਬੰਸੋ : ਆਹੋ ਹੋਰ ਕੀ। (ਸੰਗ ਕੇ) ਛੱਡ ਨੀਂ ਪਰੇ ਮੈਨੂੰ ਨੀਂ ਹੁਣ ਤੇਰਾ ਅੰਕਲ ਵੀ ਚੰਗਾ ਲੱਗਦਾ।

ਜੀਤੋ : ਕਿਉਂ ਆਂਟੀ ਕੀ ਗੱਲ ਹੋਈ?

ਬੰਸੋ : ਮੈਨੂੰ ਤਾਂ ਕਦੇ ਪੁੱਛਿਆ ਨੀਂ ਬਈ ਤੇਰੇ ਗੋਡਿਆਂ ਦਾ ਕੀ ਹਾਲ ਐ, ਕਿਵੇਂ ਤੁਰੀ ਫਿਰਦੀ ਐਂ ਬਈ ਲੱਤਾਂ ਘਸੀੜਦੀ। ਚੱਲ ਧੀਏ ਛੱਡ ਪਰੇ ਗੱਲਾਂ ਨੂੰ, ਬੈਠ ਐਥੇ ਪਾਣੀ ਦੀ ਘੁੱਟ ਦੇ।

ਜੀਤੋ : ਲੈ ਆਂਟੀ ਬਹਿ ਜਾਹ, ਪਾਣੀ ਪੀ।

(ਦੋਨੋਂ ਆਪਣੀਆਂ ਬਾਲਟੀਆਂ ਮੂਧੀਆਂ ਮਾਰ ਕੇ ਬੈਠ ਜਾਂਦੀਆਂ ਹਨ ਤੇ ਥਰਮੋਸ ਬੋਤਲਾਂ ਵਿਚੋਂ ਪਾਣੀ ਪਾ ਕੇ ਪੀਣ ਲੱਗਦੀਆਂ ਹਨ। ਤੀਸਰੀ ਔਰਤ ਦੇਖਦੀ ਦੇਖਦੀ ਉਹਨਾਂ ਕੋਲ ਆਉਂਦੀ



ਹੈ। ਜਿਹੜੀ ਹੁਣੇ ਹੁਣੇ ਇੰਡੀਆ ਤੋਂ ਆਈ ਹੈ। ਉਹ ਬਹੁਤ ਥੱਕੀ ਟੁੱਟੀ ਮਹਿਸੂਸ ਕਰ ਰਹੀ ਹੈ। ਦੂਜੀਆਂ ਦੋਨੋਂ ਪਾਣੀ ਪੀ ਰਹੀਆਂ ਹਨ। ਉਹ ਕੋਲ ਆ ਕੇ ਬਾਲਟੀ ਮੂਧੀ ਮਾਰਕੇ ਬੈਠਦੀ ਹੈ।)

ਮੇਲੋ : ਕੁੜੇ, ਪਾਣੀ ਪੀਣ ਲੱਗੀ ਐ, ਮੈਨੂੰ ਵੀ ਪਿਆ ਦੋ।

ਜੀਤੋ : ਆਂਟੀ ਪਾਣੀ ਦੀ ਕੀ ਗੱਲ ਐ। ਪੀਓ ਬੈਠੋ ਤਾਂ ਸਹੀ, ਨਾਲੇ ਸਾਹ ਲੈ ਲਓ। ਅੱਜ ਤਾਂ ਗਰਮੀ ਵੀ ਬਹੁਤ ਐ।

ਬੰਸੋ : ਹੁਣ ਤਾਂ ਚਾਰ ਮਹੀਨੇ ਇਹੋ ਜਿਹਾ ਹੀ ਸਾਹ ਲੈ ਹੋਣਾ, ਚਾਹੇ ਗਰਮੀ ਹੋਵੇ ਚਾਹੇ ਸਰਦੀ, ਹੁਣ ਤਾਂ ਵਿਚ ਪਟੇ ਈ ਚੱਲਣਾ ਪੈਣੈ।

ਮੇਲੋ : (ਦੱਬੇ ਜਿਹੇ ਮਨ ਨਾਲ) ਇਹਦੇ ਨਾਲੋਂ ਤਾਂ ਦੇਸ਼ ਏ ਚੰਗੇ ਸੀ।

ਜੀਤੋ : ਉੱਥੇ ਆਂਟੀ ਕੰਮ ਨਹੀਂ ਸੀ ਕਰਦੇ।

ਮੇਲੋ : ਕਿਉਂ ਨਹੀਂ ਸੀ ਕਰਦੇ, ਕਰਦੇ ਸੀ ਉਹ ਆਪਦਾ ਘਰ ਸੀ। ਆਪਣਾ ਤਾਂ ਆਪਣਾ ਹੀ ਹੁੰਦੈ ਕਿਸੇ ਦਾ ਤਾਂ ਨਹੀਂ।

ਬੰਸੋ : ਭੈਣੇ ਕਿੰਨਾ ਕੁ ਚਿਰ ਹੋਇਐ ਇੰਡੀਆ ਤੋਂ ਆਈ ਨੂੰ?

ਮੇਲੋ : ਅਜੇ ਤਾਂ ਦਸ ਕੁ ਦਿਨ ਹੀ ਹੋਏ ਨੇ।

ਜੀਤੋ : ਚੱਲ ਵਧੀਆ ਹੋ ਗਿਆ ਆਂਟੀ, ਬੇਰੀਆਂ ਦੇ ਸੀਜ਼ਨ ਮੌਕੇ ਆ ਗਏ, ਮੌਕਾ ਸਾਂਭ ਲਿਆ। ਕੀਹਨੇ ਸੱਦਿਐ ਥੋਨੂੰ ਇੱਥੇ?

ਮੇਲੋ : ਮੇਰੀ ਧੀ ਆਈ ਹੋਈ ਸੀ ਪਹਿਲਾਂ, ਉਹਨੇ ਚਿੱਠੀ ਭਰੀ ਸੀ।

ਬੰਸੋ : ਤਾਂ ਤਾਂ ਤੂੰ ਆਪਣੀ ਧੀ ਨੂੰ 'ਸੀਸਾਂ ਦੇਹ, ਜੀਹਨੇ ਤੈਨੂੰ ਸਵਰਗ 'ਚ ਪੁਚਾ ਤਾ।

ਜੀਤੋ : ਆਂਟੀ, ਆਂਟੀ ਵਿਚਾਰੀ ਨੇ ਕਾਹਦਾ ਸਵਰਗ ਦੇਖ ਲਿਆ। ਚਾਰ ਦਿਨ ਹੋਗੇ, ਇੱਥੇ ਆਉਂਦੀ ਨੂੰ, ਪਹਿਲੇ ਚਾਰ ਦਿਨ ਥਕੇਵਾਂ ਨੀ ਉਤਰਿਆ ਹੋਣਾ।

ਮੇਲੋ : ਸੱਚ ਈ ਕਹਿੰਨੀ ਐਂ ਭੈਣੇ, ਇੰਡੀਆ ਤਾਂ ਜਿਹੜਾ ਸੁਣਿਆ ਸੀ ਸਵਰਗ ਹੀ ਸੁਣਿਆ ਸੀ ਪਰ ਐਥੇ ਦੇਖ ਕੇ——————(ਬੰਸੋ ਵਿਚੋਂ ਗੱਲ ਕੱਟਦੀ ਹੈ।)

ਬੰਸੋ : ਕੋਈ ਕੋਈ ਨਾ, ਘਬਰਾ ਨਾ। ਆਹ ਕੰਮ ਮੁੱਕੇ ਤੋਂ ਚਿੱਕ ਡਿੱਗਣ ਲੱਗ ਗੀ, ਫਿਰ ਸਭ ਕੁਝ ਭੁੱਲ ਜੂ।

ਮੇਲੋ : ਉਹ ਕੀ ਹੁੰਦੈ?

ਜੀਤੋ : ਆਂਟੀ ਜਦੋਂ ਫਾਰਮਾਂ ਦਾ ਕੰਮ ਮੁਕ ਗਿਆ, ਬਾਅਦ ਵਿਚ ਵੀਕਾਂ ਦਾ ਇਕ ਫਾਰਮ ਭਰਨਾ ਪੈਂਦਾ। ਫਿਰ ਹਰੇਕ ਮਹੀਨੇ ਥੋਨੂੰ ਘਰ ਪੈਸੇ ਆਈ ਜਾਂਦੇ ਨੇ। ਇੱਥੇ ਦਾ ਕਾਨੂੰਨ ਇਸ ਗੱਲੋਂ ਬਹੁਤ ਚੰਗੈ।

ਬੰਸੋ : ਫੇਰ ਆਹ ਸਾ––ਰੇ ਦੁੱਖ ਦੂਰ ਹੋ ਜਾਣਗੇ, ਜਦੋਂ ਇਕ ਇਕ ਡਾਲਰ ਨੂੰ ਚਾਲ਼ੀਆਂ ਨਾਲ਼ ਗੁਣਾਂ ਕਰਕੇ ਰੁਪਈਏ ਬਣਾਉਣ ਲੱਗੀ। (ਹੱਥਾਂ ਨਾਲ ਜਰਬਾਂ ਕਰਕੇ ਦਿਖਾਉਣ ਦਾ ਯਤਨ ਕਰਦੀ ਹੈ।)

ਮੇਲੋ : ਉਹ ਤਾਂ ਜਦੋਂ ਹੋਊ ਦੇਖੀ ਜਾਊ, ਮੇਰਾ ਤਾਂ ਚਿੱਤ ਜਿਹਾ ਨਹੀਂ ਲੱਗਦਾ। ਮੈਂ ਤਾਂ ਐਡਾ ਵੱਡਾ ਭਰਿਆ ਭਕੁੰਨਿਆਂ ਵਿਹੜਾ ਛੱਡ ਕੇ ਆਈ ਆਂ।

ਬੰਸੋ : ਜਾ ਨੀਂ ਪਰੇ, ਉੱਥੇ ਤਾਂ ਜਿੰਨਾ ਮਰਜ਼ੀ ਕਿਸੇ ਕੋਲ ਕੁਝ ਹੋਵੇ ਪਰ ਕਦੋਂ ਬੁੜੀਆਂ ਆਵਦੀ ਮਰਜ਼ੀ ਨਾਲ ਕੋਈ ਚੀਜ਼ ਲੈ ਸਕਦੀਆਂ ਨੇ।

ਜੀਤੋ : ਆਹੋ ਆਂਟੀ ਇਥੇ ਤਾਂ ਖਾਣ ਪੀਣ ਨੂੰ ਖੁੱਲ੍ਹਾ, ਪਹਿਨਣ ਪਰਚਣ ਨੂੰ ਖੁੱਲ੍ਹਾ। ਨਾ ਕਿਸੇ ਦੀ ਰੋਕ ਨਾ ਕਿਸੇ ਦੀ ਟੋਕ।

ਬੰਸੋ : ਆਹੋ ਐਥੇ ਦੁੱਧ ਜੂਸ ਜਿੰਨਾ ਮਰਜ਼ੀ ਪੀਓ, ਫਰੂਟ ਜਿੰਨੇ ਮਰਜ਼ੀ ਖਾਓ। ਤੇਰੀ ਏਸੇ ਗੱਲ ਤੋਂ ਯਾਦ ਅਇਆ। ਜਦੋਂ ਅਸੀਂ ਛੋਟੇ ਹੁੰਦੇ ਸੀ ਤਾਂ ਕਈ ਵਾਰ ਸਾਡੇ ਮਾਮੇ ਜਾਂ ਭੂਆ ਨੇ ਮਿਲਣ ਆਉਣਾ, ਅਸੀਂ ਉਹਨਾਂ ਦੇ ਝੋਲ਼ੇ ਵੱਲ ਈ ਦੇਖੀ ਜਾਣਾ ਕਿ ਉਹ ਕੀ ਲਿਆਏ ਹੋਣਗੇ। ਅਸੀਂ ਤਿੰਨਾਂ ਭੈਣਾਂ ਭਾਈਆਂ ਨੇ ਆਪਸ ਵਿਚ ਹੀ ਘੁਸਰ ਮੁਸਰ ਜਿਹੀ ਕਰੀ ਜਾਣਾ। ਉਨ੍ਹਾਂ ਦੇ ਕੋਲੋਂ ਨਾ ਉਠਣਾ ਵਥੇਰਾ ਬੇਬੇ ਨੇ ਕਹਿਣਾ ਕਿ ਤੁਸੀਂ ਬਾਹਰ ਖੇਡੋ ਪਰ ਕਿੱਥੇ ? ਉੱਥੋਂ ਉਠ ਕੇ ਤਖ਼ਤੇ ਦੇ ਓਹਲੇ ਖੜ੍ਹ ਕੇ ਝੀਥਾਂ ਥਾਣੀ ਦੀ ਦੇਖੀ ਜਾਣਾ। (ਮੂੰਹ ਜਿਹਾ ਸੰਵਾਰ ਕੇ) ਨੀ ਭਾਈ ਇਕ ਵਾਰ ਦੀ ਗੱਲ, ਮੇਰਾ ਮਾਮਾ ਆਇਆ, ਅਸੀਂ ਘਰ ਨੀਂ ਸੀ। ਸਾਨੂੰ ਉਹਦਾ ਝੋਲ਼ਾ ਨਾ ਦਿਸੇ, ਵਥੇਰੇ ਈ ਇੱਧਰ ਉਧਰ ਕਰੇਲ੍ਹੇ ਦਿੱਤੇ ਜਦ ਆਖ਼ਰ ਨੂੰ ਨਾ ਦਿੱਸਿਆ ।ਮੈਂ ਪੁੱਛ ਹੀ ਲਿਆ, "ਬੇਬੇ ਬੇਬੇ ਮਾਮਾ ਕੀ ਲਿਆਇਐ ?" ਬੇਬੇ ਖਿਝੀ ਹੋਈ ਕਹਿੰਦੀ, "ਲਿਆਇਐ ਸੱਤਾਂ ਚੁੱਲ੍ਹਿਆਂ ਦੀ ਸਵਾਹ, ਦੇਵਾਂ ਚੂੰਡੀ ਚੂੰਡੀ।" ਅਸੀਂ ਸਾਰੇ ਸਹਿਮ ਕੇ ਬਹਿ ਗਏ। ਉਦੋਂ ਨਹੀਂ ਸੀ ਪਤਾ ਹੁੰਦਾ, ਉਨ੍ਹਾਂ ਦੀ ਗਰੀਬੀ ਬਾਰੇ। ਊਂ ਸਾਡਾ ਮਾਮਾ ਚੰਗਾ ਵੀ ਬਹੁਤ ਸੀ। ਕਦੇ ਕਦੇ ਸਾਡੇ ਮਾਮੇ ਨੇ ਫਰੂਟ ਲੈ ਵੀ ਆਉਣਾ ਬਈ ਜੁਆਕ ਦੇਖਣਗੇ। ਹਿੱਸੇ ਵਹਿੰਦੀ ਇਕ ਇਕ ਫਾੜੀ ਮਿਲਣੀ, ਬੱਸ ਉਸੇ ਨੂੰ ਘੰਟਿਆਂ ਵੱਧੀ ਚੂਸੀ ਜਾਣਾ, ਚੂਸੀ ਜਾਣਾ, ਚੂਸੀ ਜਾਣਾ ਤਾਂ ਕਿ ਮੇਰੀ ਫਾੜੀ ਪਹਿਲਾਂ ਨਾ ਮੁਕ ਜੇ, ਜਿਹੜੇ ਦੀ



ਪਹਿਲਾਂ ਮੁਕ ਜਾਣੀ ਦੂਜਿਆਂ ਨੇ ਉਹਨੂੰ ਚਿੜਾ ਚਿੜਾ ਕੇ ਖਾਣਾ। ਉਸ ਗੱਲੋਂ ਤਾਂ ਮੌਜ ਐ ਨਾ, ਐਥੇ ਐਪਲ ਖਾਣ ਦੇ ਖੁਣੋਂ ਪਏ ਪਏ ਖ਼ਰਾਬ ਹੋ ਜਾਂਦੇ ਨੇ ਫਿਰ ਸੁੱਟਣੇ ਪੈਂਦੇ ਨੇ। ਆਹ ਜੁਆਕ ਭੋਰਾ ਨੱਕ ਨੀਂ ਦਿੰਦੇ।

ਮੇਲੋ : ਉਹ ਤਾਂ ਭੈਣੇ ਠੀਕ ਐ। ਜਿਹੜਾ ਮੋਹ ਪਿਆਰ ਐ ਆਪਣੀ ਜੰਮਣ ਭੌਂਇ ਦਾ, ਬੱਚਿਆਂ ਦਾ, ਆਂਢ-ਗੁਆਂਢ ਦਾ ਤੇ ਆਪਣੇ ਨੱਗਰ ਦਾ। ਉਹ ਨੀਂ ਨਾ ਭੁੱਲਦਾ।

ਬੰਸੋ : ਉਹ ਤਾਂ ਠੀਕ ਐ ਜਿਹੜੀਆਂ ਮੋਹ ਦੀਆਂ ਤੰਦਾਂ ਨੇ ਇਹ ਤਾਂ ਟੁੱਟਣ ਲੱਗਿਆਂ ਦੁੱਖ ਹੁੰਦਾ ਈ ਆ। (ਬੇਰੀ ਦੀ ਟਾਹਣੀ ਤੋੜ ਕੇ ਦਿਖਾਉਂਦੀ ਹੈ) ਆ ਬੇਜ਼ਬਾਨ ਬੇਰੀ ਦੇ ਬੂਟੇ ਦੀ ਟਾਹਣੀ ਤੋੜ ਕੇ ਦੇਖ ਲੈ ਇਹ ਵੀ ਸਿੰਮੂ। ਮੋਹ ਤਾਂ ਐਹੋ ਜਿਹੀ ਚੀਜ਼ ਐ।

ਮੇਲੋ : ਇਹੀ ਤਾਂ ਮੈਂ ਕਹਿੰਨੀਆਂ ਜਦੋਂ ਉੱਥੇ ਸੀ ਤਾਂ ਇਹ ਧੀ ਨੂੰ ਮਿਲਣ ਨੂੰ ਤਰਸਦੀ ਸੀ, ਹੁਣ ਉਹਨਾਂ ਨੂੰ। ਮੈਂ ਤਾਂ ਆਪਣੀ ਧੀ ਨੂੰ ਕਹਿ ਤਾਂ ਕਿ ਮੈਂ ਛੇਤੀ ਮੁੜ ਜਾਣੈ।

ਬੰਸੋ : ਮੁੜਨ ਨੂੰ ਕੀ ਆ ਚਾਹੇ ਹਰ ਸਾਲ ਜਾਈ ਜਾਈ, ਇਕ ਵਾਰੀ ਚਿਕ ਤਾਂ ਆ ਜਾਣਦੇ।

ਜੀਤੋ : ਉੱਥੇ ਤਾਂ ਆਂਟੀ ਨੇ ਆਂਟੀ ਵਰਗੀ ਕਿਸੇ ਆਂਟੀ ਨੂੰ ਦੇਖਿਆ ਹੋਣੈ ਜਿਹੜੀ ਨਿੱਤ ਨਵੇਂ ਸੂਟ ਬਦਲਦੀ ਹੋਣੀ ਆਂ। ਹੱਥ ਤੇ ਬਾਹਾਂ ਛਾਪਾਂ ਛੱਲਿਆਂ ਤੇ ਚੂੜੀਆਂ ਨਾਲ ਭਰੇ ਪਏ ਹੋਣੇ ਆਂ, ਉਦੋਂ ਕਹਿੰਦੀ ਹੋਵੇਂਗੀ, ਕਿਹੜੀ ਘੜੀ ਹੋਵੇ ਕਿ ਮੈਂ ਕੈਨੇਡਾ ਪਹੁੰਚ ਜਾਵਾਂ।ਉਦੋਂ ਤਾਂ ਨਿੱਤ ਕਾਂਵਾਂ ਨੂੰ ਔਸੀਆਂ ਪਾਉਂਦੀ ਹੋਵੇਂਗੀ ਕਿ ਕਦੋਂ ਵੀਜ਼ਾ ਲੱਗੇ। ਹੁਣ ਐਵੇਂ ਦਿਲ ਛੱਡੀ ਫਿਰਦੀ ਐਂ।

ਬੰਸੋ : ਛਾਪਾਂ ਛੱਲੇ ਤਾਂ ਪਾਉਣੇ ਹੀ ਹੋਏ, ਆਪਦੀ ਹੱਥੀਂ ਕੀਤੀ ਕਮਾਈ ਆ, ਕੋਈ ਮਖੌਲ ਦੀ ਘੱਗਰੀ ਨੀਂ।

ਜੀਤੋ : ਆਂਟੀ ਗਹਿਣੇ ਤਾਂ ਹੋਏ ਪਰ ਬਹੁਤੇ ਪਾ ਪਾ ਕੇ ਦਿਖਾਵਾ ਵੀ ਕੀ ਕਰਨਾ ਹੋਇਆ।

ਬੰਸੋ : ਲੈ ਨੀ ਕੁੜੀਏ ਇਹ ਵੀ ਸੁਣ ਲੈ, ਜਦੋਂ ਮੇਰਾ ਵਿਆਹ ਹੋਇਆ ਤਾਂ ਤੇਰੇ ਅੰਕਲ ਹੋਰਾਂ ਨੇ ਮੈਨੂੰ ਦੋ ਤਿੰਨ ਗਹਿਣੇ ਆਹ ਗਲ਼ ਦਾ ਹਾਰ, ਕਾਂਟੇ ਤੇ ਛਾਂਪ ਪਾਈ। ਉਸ ਵੇਲੇ ਏਹ ਬਹੁਤ ਹੁੰਦੇ ਸੀ। ਮੈਂ ਬੜੀ ਖੁਸ਼ ਹੋਈ, ਸਾਰੇ ਕਹਿਣ ਮੇਰੇ ਸਹੁਰਿਆਂ ਨੇ ਤਕੜਾ ਵਿਆਹ ਕੀਤੈ। ਇਕ ਵਾਰ ਤਾਂ ਗਹਿਣੇ ਪਾ ਕੇ ਮੈਂ ਪੇਕੀਂ ਵੀ ਜਾ ਆਈ।

ਆ ਕੇ ਲਾਹ ਕੇ ਮੈਂ ਟਰੰਕ 'ਚ ਰੱਖ ਤੇ। ਥੋੜ੍ਹੇ ਦਿਨ ਬਾਅਦ ਮੈਂ ਦੇਖਿਆ ਉੱਥੇ ਕੁਛ ਵੀ ਨਾ। ਡਰਦੀ ਡਰਦੀ ਨੇ ਮੈਂ ਤੇਰੇ ਅੰਕਲ ਨੂੰ ਦੱਸਿਆ ਕਿ ਆਪਣੇ ਤਾਂ ਚੋਰੀ ਹੋ ਗਈ, ਗਹਿਣੇ ਪਤਾ ਨਹੀਂ ਕਿੱਥੇ ਗਏ? ਤੇਰਾ ਅੰਕਲ ਬੋਲਿਆ ਕੁਝ ਨਾ ਬੱਸ ਮੇਰਾ ਹੱਥ ਫੜ ਕੇ ਬੈਠ ਗਿਆ। ਮੈਂ ਫਿਰ ਘਬਰਾ ਕੇ ਪੁੱਛਿਆ ਕਿ ਤੁਸੀਂ ਬੋਲਦੇ ਕਿਉਂ ਨਹੀਂ। ਫਿਰ ਉਨ੍ਹਾਂ ਨੇ ਦੱਸਿਆ ਕਿ ਮੇਰੀ ਨਣਦ ਸੀਤੋ ਤੋਂ ਵਿਆਹ ਕਰਕੇ ਮੰਗਵੇਂ ਲਏ ਸੀ, ਜਿਸ ਦਿਨ ਉਹਨੇ ਜਾਣਾ ਸੀ ਉਹਨੂੰ ਦੇਣੇ ਹੀ ਪੈਣੇ ਸੀ। ਉਸ ਦਿਨ ਮੇਰਾ ਦਿਲ ਪੁੱਛਿਆ ਜਾਣੀਏ ਧੀਏ, ਕਿਵੇਂ ਮੇਰੀਆਂ ਰੀਝਾਂ ਤੇ ਪਾਣੀ ਫਿਰਿਆ। ਜਿਵੇਂ ਬੱਚੇ ਨੂੰ ਮਿੱਠੀ ਗੋਲ਼ੀ ਦਾ ਇਕ ਚੂਸਾ ਦੇ ਮੁੜ ਕੇ ਖੋਹ ਲਈ ਹੋਵੇ ਤੇ ਉਹ ਵਿਲਕ ਵਿਲਕ ਕੇ ਰੋ ਰਿਹਾ ਹੋਵੇ। ਮੈਂ ਅੰਦਰ ਵੜ ਕੇ ਕਿਤੇ ਐਨਾ ਈ ਰੋਈ। (ਰੋਣ ਲੱਗ ਜਾਂਦੀ ਹੈ।)

ਜੀਤੋ : ਆਂਟੀ ਹੁਣ ਤੂੰ ਆਪਦਾ ਮਨ ਕਿਉਂ ਖ਼ਰਾਬ ਕਰਦੀ ਐਂ, ਹੁਣ ਤੇਰੇ ਕੋਲ ਬਥੇਰਾ ਕੁਛ ਐ।

ਬੰਸੋ : (ਅੱਖਾਂ ਪੂੰਝ ਕੇ) ਨਾ ਹੁਣ ਮੇਰੇ ਕੋਲ ਵਥੇਰਾ ਕੁਛ ਆ, ਹੁਣ ਤਾਂ ਮੈਂ ਫਾਰਮਾਂ 'ਚ ਵੀ ਪਾ ਕੇ ਪੂਰਾ ਜੀਅ ਪੂਰਾ ਕਰਦੀਆਂ।

ਮੇਲੋ : ਭੈਣੇ ਹੁਣ ਉੱਥੇ ਵੀ ਉਹ ਗੱਲਾਂ ਨੀਂ ਰਹੀਆਂ, ਵਥੇਰਾ ਫਰਕ ਪਿਆ ਹੋਇਆ।

ਬੰਸੋ : ਨੀ ਫ਼ਰਕ ਕੀ? ਉਦੋਂ ਤਾਂ ਸਾਰੀ ਦਿਹਾੜੀ ਮਰੀ ਦਾ ਸੀ, ਡੰਗਰਾਂ ਪਿੱਛੇ ਡੰਗਰ ਬਣ ਜਾਣਾ, ਕਦੇ ਧਾਰਾਂ , ਕਦੇ ਪੱਠੇ ਤੇ ਕਦੇ ਗੋਹਾ ਕੂੜਾ। ਪਰ ਕਦੇ ਆਪਣੇ ਹੱਥ ਵਿਚ ਗਲ਼ੀ ਵਾਲ਼ਾ ਪੈਸਾ ਨਹੀਂ ਸੀ ਵੇਖਿਆ। ਪੈਰਾਂ ਦੀਆਂ ਅੱਡੀਆਂ ਚੋਂ ਕਦੇ ਗੋਹਾ ਨਹੀਂ ਸੀ ਨਿਕਲਦਾ, ਜਾਏ ਨੂੰ ਖਾਣੇ ਦੇ ਕੂਚ ਕੂਚ ਹੱਥ ਰਹਿ ਜਾਣੈ। ਸਾਰੀ ਦਿਹਾੜੀ ਚੱਲ ਵੀ ਲੰਡਿਆ, ਚੱਲ ਵੀ ਮੀਣਿਆ, ਪਸ਼ੂਆਂ ਵਾਲੀ ਜੂਨ ਸੀ। ਉਹ ਕੰਮ ਵੀ ਆਵਦਾ ਕਾਹਦਾ ਜੀਹਦੇ ਨਾਲ ਆਵਦਾ ਕੋਈ ਸ਼ੌਕ ਵੀ ਪੂਰਾ ਨਹੀਂ ਕਰ ਸਕਦੇ।

ਜੀਤੋ : ਆਂਟੀ ਤੁਸੀਂ ਦੋਨੋਂ ਆਵਦੀ ਆਵਦੀ ਥਾਂ ਤੇ ਠੀਕ ਓਂ। ਜਦੋਂ ਜੜ੍ਹ ਪੁੱਟ ਕੇ ਦੂਜੀ ਥਾਂ ਲਾਉਣੀ ਹੁੰਦੀ ਐ ਤਾਂ ਜੜ੍ਹਾਂ ਲੱਗਣ ਨੂੰ ਟਾਈਮ ਤਾਂ ਲੱਗਦਾ ਈ ਆ।

ਬੰਸੋ : ਕੋਈ ਨਾ ਭੈਣੇ ਆਹ ਚਾਰ ਪੰਜ ਮਹੀਨੇ ਕੰਮ ਕਰਕੇ ਪਿੱਛੋਂ ਐਸ਼ ਹੀ ਲੁੱਟਣੀ ਐ। (ਹੱਥਾਂ ਨਾਲ ਸਾਂਗ ਲਾ ਕੇ) ਚਾਹੇ ਸਾਰੀ ਦਿਹਾੜੀ



ਟਰਾਲੀਆਂ ਜਿਹੀਆਂ ਲੈ ਕੇ ਸਟੋਰਾਂ 'ਚ ਫਿਰੀ ਜਾਈਂ ਚਾਹੇ ਘਰੇ ਵਿਹਲੀ ਬੈਠੀ ਟੀ.ਵੀ. ਤੇ ਨੰਗ ਮਲੰਗੀਆਂ ਦੇਖੀ ਜਾਈਂ।

ਜੀਤੋ : ਆਂਟੀ ਐਸ਼ ਕਾਹਦੀ। ਬੁੜੀਆਂ ਨੂੰ ਤਾਂ ਇਥੇ ਦੂਹਰਾ ਦੂਹਰਾ ਕੰਮ ਕਰਨਾ ਪੈਂਦੇ, ਬਾਹਰ ਵੀ ਕਰੋ, ਘਰ ਵੀ- ਤੇ ਬੱਚੇ ਵੀ ਸਾਂਭੋ।

ਬੰਸੋ : ਕਹਿੰਦੇ ਹੁੰਦੇ ਨੇ ਧੀਏ, ਘਾਈਆਂ ਦੇ ਪੁੱਤਾਂ ਨੇ ਤਾਂ ਘਾਹ ਈ ਖੋਤਣੈ।

ਜੀਤੋ : ਜੂਨ ਤਾਂ ਇੱਥੋਂ ਦੀ ਉਥੋਂ ਨਾਲੋਂ ਵੀ ਬੁਰੀ ਆ। ਜਿੰਨਾ ਲੋਕਾਂ ਦਾ ਸ਼ੋਸ਼ਣ, ਫਾਰਮਾਂ 'ਚ ਹੁੰਦੈ, ਹੋਰ ਕਿਸੇ ਥਾਂ ਨੀਂ। ਵੀਕਾਂ ਬਣਾਉਂਦੇ ਈ ਬਜ਼ੁਰਗ ਮਰ ਰਹਿੰਦੇ ਨੇ।

ਬੰਸੋ : ਆਹੋ ਧੀਏ ਪੈਸਾ ਤਾਂ ਕੋਈ ਨੀਂ ਮਿਲਦਾ ਕੰਮ ਕਰੇ ਦਾ। ਹੁਣ ਤਾਂ ਵੀਕਾਂ ਈ ਬਹੁਤੀਆਂ ਨੇ। ਠੇਕੇਦਾਰ ਵੀਕਾਂ ਈ ਮਸਾਂ ਪੂਰੀਆਂ ਕਰਦੈ ਹੇਠ ਉੱਤਾ ਕਰਕੇ। ਬਾਅਦ 'ਚ ਜਿਹੜੇ ਸਿਆਲਾਂ 'ਚ ਚਾਰ ਪੈਸੇ ਆਉਣੇ ਨੇ, ਉਹਦੇ ਲਈ ਤਰਲੇ ਲਈਦੇ ਨੇ।

ਜੀਤੋ : ਆਂਟੀ, ਇਥੇ ਤਾਂ ਦੂਹਰੀ ਲੁੱਟ ਹੁੰਦੀਆ ਯੂਨੀਅਨ ਤੋਂ ਬਿਨ੍ਹਾਂ। ਜੇ ਯੂਨੀਅਨ ਹੋਵੇ ਤਾਂ ਕੋਈ ਗੱਲ ਬਣੇ।

ਬੰਸੋ : ਧੀਏ, ਇਹ ਤਾਂ ਤੁਸੀਂ ਉਂ ਲੋਕਾਂ ਨਾਲ ਗੱਲ ਬਾਤ ਕਰ ਸਕਦੇ ਉਂ। ਤੂੰ ਤਾਂ ਵਥੇਰੀ ਪੜ੍ਹੀ ਲਿਖੀ ਐ।

ਜੀਤੋ : ਆਂਟੀ ਗੱਲ ਇਥੇ ਵੀ ਕੋਈ ਨੀ ਕਿਸੇ ਦੀ ਸੁਣਦਾ। ਹਰੇਕ ਨੂੰ ਆਪਦੇ ਪੈਸੇ ਦੀ ਦੌੜ ਲੱਗੀ ਹੋਈ ਆ। ਅਜੇ ਔਖੀ ਸੌਖੀ ਪੇਮੈਂਟ ਚੱਲੀ ਜਾਂਦੀ ਆ, ਰੋਟੀ ਮਿਲੀ ਜਾਂਦੀ ਐ, ਕਰਜ਼ੇ ਤੇ ਕਰਜ਼ਾ ਲਈ ਜਾਂਦੇ ਨੇ, ਰੀਸ਼ੈਸ਼ਨ ਤਾਂ ਆਇਆ ਈ ਹੋਇਐ। ਜਦੋਂ ਹੋਰ ਔਖੇ ਹੋਣਗੇ ਉਦੋਂ ਸਮਝਣਗੇ ਇਹ ਵੀ।

ਮੇਲੋ : ਅਸੀਂ ਉਥੇ ਇਹ ਸੋਚਦੇ ਸੀ ਕਿ ਲੋਕ ਐਥੇ ਖੁਸ਼ ਰਹਿੰਦੇ ਹੋਣਗੇ। ਅੰਨ੍ਹਾਂ ਪੈਸਾ, ਕਈ ਤਾਂ ਉਥੇ ਜਾ ਕੇ ਪਾਣੀ ਵਾਂਗੂੰ ਪੈਸਾ ਰੋੜ੍ਹਦੇ ਨੇ।

ਬੰਸੋ : (ਉਹਦਾ ਮਜਾਕ ਉਡਾਉਂਦੀ ਹੋਈ) ਨਾ ਤੂੰ ਤਾਂ ਸੋਚਿਆ ਹੋਣੈ ਹੋਰਨਾਂ ਵਾਂਗ ਬਈ ਜਾ ਕੇ ਦਰਖਤਾਂ ਨਾਲੋਂ ਪੈਸੇ ਤੋੜ ਲੈਣੇ ਨੇ। ਇਹ ਨੀਂ ਸੀ ਪਤਾ ਕਿ ਜਾ ਕੇ ਐਨੀ ਗਰਮੀ 'ਚ ਵੀ ਮਰਨਾ ਪੈਣੈ।

ਜੀਤੋ : ਆਂਟੀ, ਮਜ਼ਦੂਰਾਂ ਦੀ ਲੁੱਟ ਤਾਂ ਹਰ ਥਾਂ ਈ ਹੁੰਦੀਆ। ਪਰ ਇਥੇ ਲੁਕਵੇਂ ਢੰਗ ਨਾਲ ਆ, ਤਾਂ ਨੀ ਦਿਸਦੀ ਕਿਉਂਕਿ ਹਰ ਥਾਂ ਤਕੜੇ ਦਾ ਈ ਰਾਜ ਐ।

ਮੇਲੋ : ਹੁਣ ਉਥੇ ਤਾਂ ਲੋਕ ਕਾਫੀ ਸਿਆਣੇ ਹੋਏ ਹੋਏ ਨੇ। ਜਿੱਥੇ ਕਿਤੇ

ਧੱਕਾ ਹੁੰਦੈ ਲੋਕ ਟਰਾਲੀਆਂ ਦੀਆਂ ਟਰਾਲੀਆਂ ਭਰ ਕੇ ਚਲੇ ਜਾਂਦੇ ਹਨ। ਮੈਂ ਤਾਂ ਸੁਣਿਐ, ਭਾਰਤ ਦੇ ਸੱਤ ਜਿਲ੍ਹੇ ਜਮ੍ਹਾਂ ਇਕ ਮੁੱਠ ਹੋਏ ਪਏ ਨੇ।

ਜੀਤੋ : ਆਂਟੀ ਇਨ੍ਹਾਂ ਲੋਕ ਲਹਿਰਾਂ ਨੇ ਈ ਤਬਦੀਲੀ ਕਰਨੀ ਆ ਸਮਾਜ ਦੀ ਤੇ ਮਜ਼ਦੂਰਾਂ ਦਾ ਰਾਜ ਲੈ ਕੇ ਆਉਣਾ। ਜਿੱਥੇ ਸਭ ਨੂੰ ਬਰਾਬਰ ਦੇ ਅਧਿਕਾਰ ਹੋਣਗੇ, ਮਨੁੱਖ ਦੀ ਲੁੱਟ ਮਨੁੱਖ ਹੱਥੋਂ ਖ਼ਤਮ ਹੋਵੇਗੀ।

ਬੰਸੋ : ਧੀਏ ਇਹਦਾ ਮਤਲਬ ਤਾਂ ਇਹ ਹੋਇਆ ਕਿ ਆਪਾਂ ਨੂੰ ਵੀ ਆਪਣੀਆਂ ਦਸ ਵੀਕਾਂ ਤੇ ਘੱਟੋ ਘੱਟ ਬੱਝਵੀਂ ਤਨਖਾਹ ਦੀ ਗੱਲ ਸਾਰਿਆਂ ਨੂੰ ਇਕੱਠੇ ਹੋ ਕੇ ਕਰਨੀ ਪਊ। ਤਾਂ ਕੁਛ ਬਣੂ। ਨਹੀਂ ਤਾਂ ਮਾਲਕ ਤੇ ਠੇਕੇਦਾਰ ਆਪਣੀ ਲੁੱਟ ਇਵੇਂ ਕਰੀ ਜਾਣਗੇ।

ਜੀਤੋ : ਹਾਂ ਆਂਟੀ, ਇਹ ਸਮਝ ਤਾਂ ਸਾਰਿਆਂ ਤੱਕ ਪਹੁੰਚਾਉਣੀ ਪਵੇਗੀ। (ਠੇਕੇਦਾਰ ਆਉਂਦਾ ਹੈ।)

ਠੇਕੇਦਾਰ : ਆਂਟੀ ਹੁਣ ਬੈਠੀਆਂ ਜੱਕੜ ਏ ਛੱਡੀ ਜਾਊਂਗੀਆਂ ਕਿ ਕੰਮ ਵੀ ਕਰੋਂਗੀਆਂ, ਫਿਰ ਕਹਿੰਨੀਉਂ ਵੀਕਾਂ ਨੀਂ ਬਣਦੀਆਂ।

ਬੰਸੋ : ਵੇ ਮੁੰਡਿਆ, ਹੁਣ ਤੂੰ ਕੀ ਸਾਡਾ ਬੁੱਢੀਆਂ ਠੇਰੀਆਂ ਦਾ ਲਹੂ ਪੀਣੈ।

ਠੇਕੇਦਾਰ : ਆਂਟੀ ਮੈਂ ਕੀ ਕਰਾਂ, ਮੇਰਾ ਲਹੂ ਉਪਰਲੇ ਪੀਈ ਜਾਂਦੇ ਨੇ।

ਬੰਸੋ : ਕੋਈ ਨਾ ਪੁੱਤ, ਤੂੰ ਵੀ ਸਾਡੇ ਵਰਗਾ ਈ ਆਂ, ਮੈਂ ਤਾਂ ਕਹਿੰਨੀ ਧੀਏ (ਜੀਤੋ ਨੂੰ ਸੰਬੋਧਨ ਹੋ ਕੇ) ਐ ਮੁੰਡੇ ਨਾਲ ਵੀ ਗੱਲ ਕਰਕੇ ਦੇਖੀਏ।

ਜੀਤੋ : ਆਹੋ ਆਂਟੀ ਇਹ ਗੱਲ ਤਾਂ ਸਭ ਨੂੰ ਇਕੱਠਿਆਂ ਨੂੰ ਈ ਕਰਨੀ ਪੈਣੀ ਐ।

ਬੰਸੋ : ਚਲੋ ਨੀ ਚਲੋ ਭੈਣੋ, ਨਾਲਦੀਆਂ ਰੋਆਂ ਵਾਲੇ ਤਾਂ ਕਿਤੇ ਦੀ ਕਿਤੇ ਚਲੇ ਗਏ। ਦੱਸ ਪਿੱਛੇ ਈ ਰਹਿ ਗਈਆਂ।

ਜੀਤੋ : ਆਹੋ ਆਂਟੀ ਚਲੋ ਚੱਲੀਏ।

(ਸਾਰੀਆਂ ਉੱਠ ਕੇ ਬਾਲਟੀਆਂ ਚੁੱਕ ਕੇ ਬੇਰੀ ਤੋੜਨ ਜਾ ਲੱਗਦੀਆਂ ਹਨ।)

(ਪਰਦਾ ਡਿੱਗਦਾ ਹੈ।)

ਸਮਾਪਤ



'ਪੱਥਰ ਦੇ ਖੰਭ' ਨਾਟਕ 'ਸੱਧਰਾਂ' ਦੇ ਨਾਂ ਹੇਠ ਪਹਿਲੀ ਵਾਰੀ ਸੰਗਮ ਸਿਸਟਰਜ਼ ਐਸੋਸੀਏਸ਼ਨ ਦੀ ਸਟੇਜ ਤੋਂ ਪਹਿਲੀ ਜੁਲਾਈ, 2009 ਨੂੰ ਪੰਜਾਬ ਬੈਂਕੁਇਟ ਹਾਲ ਵਿਚ ਖੇਡਿਆ ਗਿਆ। ਉਸ ਤੋਂ ਬਾਅਦ ਕੈਨੇਡੀਅਨ ਔਰਗੇਨਾਈਜੇਸ਼ਨ ਓਲਡ ਸਟੂਡੈਂਟ ਖਾਲਸਾ ਕਾਲਜ ਫਾਰ ਵੂਮੈਂਨ ਸਿੱਧਵਾਂ ਖੁਰਦ ਸਰ੍ਹੀ ਬੀ. ਸੀ. ਵਲੋਂ ਕਰਵਾਇਆ ਗਿਆ। ਤੀਸਰੀ ਵਾਰ ਪ੍ਰੋਗਰੈਸਿਵ ਕਲਚਰਲ ਨਾਰੀ ਐਸੋਸੀਏਸ਼ਨ ਵਲੋਂ ਕਰਵਾਇਆ ਗਿਆ। ਤੇ ਚੌਥੀ ਵਾਰ ਤਰਕਸ਼ੀਲ ਕਲਚਰਲ ਸੁਸਾਇਟੀ ਆਫ ਕੈਨੇਡਾ ਵਲੋਂ ਅਗਸਤ 2010 ਵਿਚ ਐਬਸਫੋਰਡ ਦੇ ਐਬੀ ਆਰਟ ਸੈਂਟਰ ਵਿਚ ਕਰਵਾਇਆ ਗਿਆ। ਇਸ ਨਾਟਕ ਵਿਚ ਹੇਠ ਲਿਖੇ ਕਲਾਕਾਰਾਂ ਨੇ ਬਾਖੂਬੀ ਆਪਣਾ ਰੋਲ ਅਦਾ ਕੀਤਾ।

ਜਸਵੀਰ ਮੰਗੂਵਾਲ
ਸ਼ਾਂਤੀ ਥੰਮਣ
ਪਰਮਿੰਦਰ ਸਵੈਚ
ਨਵਰਾਜ(ਰੰਮੀ) ਗਿੱਲ
ਆਰਤੀ ਹੀਰਾ

# ਉਪਾਅ



## ਪਾਤਰ

| | | |
|---|---|---|
| ਚਰਨੋ | - | 35 ਸਾਲ ਦੀ ਔਰਤ |
| ਸੀਬੋ | - | 50 ਕੁ ਸਾਲ ਦੀ ਅੱਧਖੜ ਜ਼ਨਾਨੀ |
| ਪੰਡਤ | - | ਉਮਰ 40 ਕੁ ਸਾਲ |
| ਸ਼ਕੁੰਤਲਾ | - | ਪੰਡਤ ਦੀ ਪਤਨੀ |
| ਗੇਲੂ | - | ਚਰਨੋ ਦਾ ਨੌਕਰ |
| ਸੁਖਬੀਰ | - | ਪਿੰਡ ਦਾ ਪੜ੍ਹਿਆ ਲਿਖਿਆ ਨੌਜਵਾਨ |
| ਸਮਾਂ | - | ਦਿਨ ਦੇ ਤਿੰਨ ਕੁ ਵਜੇ |

## ਦ੍ਰਿਸ਼ ਪਹਿਲਾ

(ਨਾਟਕ ਸ਼ੁਰੂ ਹੋਣ ਸਮੇਂ ਪੰਡਤ ਦੇ ਘਰ ਦਾ ਦ੍ਰਿਸ਼ ਹੈ, ਪੰਡਤ, ਸ਼ਕੁੰਤਲਾ ਤੇ ਸੀਬੋ ਗੱਲਾਂ ਕਰ ਰਹੇ ਹਨ।)

ਸੀਬੋ : ਪੰਡਤ ਜੀ ਮੇਰਾ ਹਿਸਾਬ ਕਿਤਾਬ ਕਰ ਦਿਉ।

ਪੰਡਤ : ਕਿਹੜਾ ਹਿਸ਼ਾਬ ਕਿਤਾਬ ਰਹਿੰਦੈ ਸ਼ੀਬੋ ਤੇਰਾ? ਕਿਉਂ ਭਾਗਮਾਨੇ / *(ਇਸ ਦੌਰਾਨ* ਸ਼ਕੁੰਤਲਾ ਕੁਝ ਬੋਲਦੀ ਨਹੀਂ ਪਰ ਐਕਸ਼ਨ ਨਾਲ ਉਹਦੀ ਹਾਂ ਵਿਚ ਹਾਂ ਮਿਲਾ ਰਹੀ ਹੈ। ਜਦੋਂ ਉਹ ਹਰ ਵਾਰ ਇਹ ਗੱਲ ਕਹਿੰਦਾ ਹੈ। ਉਹ ਉਹਦੇ ਵੱਲ ਨੂੰ ਹੋ ਕੇ ਕਹਿੰਦਾ ਹੈ।)

ਸੀਬੋ : ਪੰਡਤ ਜੀ ਬੰਸੋ ਤੇ ਜੀਤੋ ਵਾਲਾ ਹਿੱਸਾ।

ਪੰਡਤ : ਉਹ ਵੀ ਮਿਲ ਜਾਣਗੇ———ਉਹ ਵੀ ਮਿਲ ਜਾਣਗੇ ਪਰ ਹੋਰ ਗਾਹਕ ਤਾਂ ਲਿਆ, ਕਿਉਂ ਭਾਗਮਾਨੇ।

ਸੀਬੋ : ਪੰਡਤ ਜੀ ਗਾਹਕਾਂ ਦਾ ਤੋੜਾ ਨੀਂ, ਪਰ ਆਪਣਾ ਤੋਰੀ ਫੁਲਕਾ ਥੋੜੇ ਸਿਰ ਤੇ ਆ।

ਪੰਡਤ : ਲੈ ਮੈਂ ਕਦੋਂ ਭੱਜਦਾ ਥੋਤੋਂ, ਅਸ਼ੀਂ ਤਾਂ ਸ਼ੀਬੋ ਤੇਰੇ ਰੱਖਣ ਦੇ ਆਂ। ਹੈ ਨਾ ਭਾਗਮਾਨੇ।

ਸੀਬੋ : ਪੰਡਤ ਜੀ ਮੈਂ ਤਾਂ ਰੋਜ਼ ਲੋਕਾਂ ਦੇ ਘਰ ਘਰ ਜਾ ਕੇ ਵੇਂਹਨੀਂ ਆਂ, ਉਹ ਤਾਂ ਜਮਾਂ ਈ ਟੁੱਟੇ ਪਏ ਨੇ। ਹੁਣ ਤਾਂ ਉਹਨਾਂ ਨੂੰ ਉਪਾਅ ਕਰਾਉਣ ਦੀ ਬਹੁਤੀ——ਓ ਲੋੜ ਆ / *(ਜ਼ੋਰ ਦੇ ਕੇ ਤੇ ਲਮਕਾ ਕੇ ਇਹ ਗੱਲ ਕਹਿੰਦੀ ਹੈ।)*

ਪੰਡਤ ਤੇ ਸ਼ਕੁੰਤਲਾ : ਅੱਛਿਆ————*(ਹੈਰਾਨ ਹੋ ਕੇ)*

ਪੰਡਤ : ਇਹ ਕਰਾਮਾਤ ਕੀ ਹੋਗੀ? ਹੈ ਨਾ ਭਾਗਮਾਨੇ।

ਸੀਬੋ : ਕਰਾਮਾਤ ਕੀ ਹੋਣੀ ਆਂ। ਭਲਾ ਹੋਵੇ ਇਹ ਅਮੀਰਾਂ ਦਾ ਜਿਨ੍ਹਾਂ ਨੇ ਸਾਨੂੰ ਵੀ ਮੌਕਾ ਦਿੱਤੈ, ਵਗਦੀ 'ਚ ਹੱਥ ਧੋਣ ਦਾ।

ਪੰਡਤ : ਉਹ ਕਿਵੇਂ? ਸ਼ੀਬੋ ਕਿਉਂ ਬੁਝਾਰਤਾਂ ਜਿਹੀਆਂ ਪਾਉਂਨੀ ਐ।

ਸੀਬੋ : ਆਹ ਜਿਹੜੀ ਉਹਨਾਂ ਨੇ ਸਮੈਕ ਵਾੜਤੀ ਪਿੰਡਾਂ'ਚ। ਬੰਦੇ ਤਾਂ ਸਾਰੇ ਉਹਨੇ ਨਿਗਲ ਲੈਣੈ ਨੇ ਤੇ ਤੀਮੀਆਂ ਸੁਖ ਨਾਲ——



*(ਹੱਥਾਂ ਦੇ ਇਸ਼ਾਰੇ ਨਾਲ ਤਿੰਨਾਂ ਨੂੰ ਕਰਦੀ ਹੈ ਤੇ ਤਿੰਨੇ ਹੱਸਦੇ ਹਨ।)*

ਪੰਡਤ : ਧੰਨਭਾਗ ਸ਼ਾਡੇ ਧੰਨਭਾਗ, ਅਸ਼ੀਂ ਤਾਂ ਤੇਰੀ ਕ੍ਰਿਪਾ ਕਹਾਂਗੇ ਸ਼ੀਬੋ। ਹੈ ਨਾ ਭਾਗਮਾਨੇ।

ਸੀਬੋ : ਹੁਣ ਮੇਰਾ ਹਿੱਸਾ ਵਧਾਉਣਾ ਪੈਣੈ, ਇਹ ਕੰਮ ਤਾਂ ਚੱਲਣੈ। ਨਹੀਂ ਤਾਂ ਮੈਂ ਸ਼ਹਿਰ ਵਿਚ ਕਿਸੇ ਨਾਲ ਗੰਢ ਤੁੱਪ ਕਰ ਲੈਣੀ ਆਂ।

ਪੰਡਤ : ਨਾ ਨਾ ਸ਼ੀਬੋ ਅਸ਼ੀਂ ਤੈਥੋਂ ਬਾਹਰ ਆ ਭਲਾ, ਅਸ਼ੀਂ ਤਾਂ ਤੇਰੇ ਰੱਖਣ ਦੇ ਆਂ। ਜਿਵੇਂ ਕਹੇਂਗੀ ਉਵੇਂ ਕਰਲਾਂਗੇ, ਤੂੰ ਘਬਰਾਉਂਦੀ ਕਿਉਂ ਐਂ, ਹੈ ਨਾ ਭਲਾ ਭਾਗਮਾਨੇ।

ਸੀਬੋ : ਫੇਰ ਠੀਕ ਐ, ਨਹੀਂ ਤਾਂ————

ਪੰਡਤ : ਜਮ੍ਹਾਂ ਫ਼ਿਕਰ ਨਾ ਕਰ, ਅਸ਼ੀਂ ਤੈਨੂੰ ਜਮ੍ਹਾਂ ਖੁਸ਼ ਰੱਖਾਂਗੇ, ਨਾ ਤੂੰ ਮੇਰੇ ਮੂੰਹ ਵੱਲ ਕੀ ਵੇਖਦੀ ਐ, ਕੇਰਾਂ ਕਰਦੇ ਖੁਸ਼ ਸ਼ੀਬੋ ਨੂੰ। (ਸ਼ਕੁੰਤਲਾ ਅੰਦਰ ਜਾਂਦੀ ਹੈ ਤੇ ਪੈਸੇ ਲਿਆ ਕੇ ਪੰਡਤ ਨੂੰ ਦਿੰਦੀ ਹੈ। ਪੰਡਤ ਪੈਸੇ ਫੜ੍ਹ ਕੇ ਸੀਬੋ ਨੂੰ ਦਿੰਦਾ ਹੈ।)

ਸੀਬੋ : ਚੰਗਾ ਪੰਡਤ ਜੀ, ਜਾ ਕੇ ਲੱਭਦੀ ਆ ਕੋਈ ਸ਼ਿਕਾਰ। ਪਰ ਅੱਗੇ ਤੋਂ ਮੈਂ ਆਵਦਾ ਹਿੱਸਾ ਪਹਿਲਾਂ ਲਿਆ ਕਰਨੈ।

ਪੰਡਤ : ਠੀਕ ਐ, ਠੀਕ ਐ। ਆਵਦਾ ਫ਼ਿਕਰ ਨਾ ਕਰੀਂ।

ਸੀਬੋ : ਹੈ ਵੇ ਲੋਹੜਾ ਪੈ ਜੇ, ਮੈਂ ਤਾਂ ਭੁੱਲ ਹੀ ਗਈ, ਨਿਧਾਨੇ ਕੀ ਬੁੜ੍ਹੀ ਕਹਿੰਦੇ ਮਰਨ ਵਾਲੀ ਪਈ ਐ, ਰਾਤ ਕਹਿੰਦੇ ਮੰਜੇ ਤੋਂ ਲਾਹ ਲਈ, ਜੇ ਮਰਗੀ, ਤਾਂ ਕਿਸੇ ਨੇ ਗੱਲ ਵੀ ਨੀਂ ਕਰਨੀ, ਸਾਰਿਆਂ ਨੇ ਰੋਣਾ ਧੋਣਾ ਲੈ ਕੇ ਬਹਿ ਜਾਣੈ ਫੇਰ ਮੈਨੂੰ ਕੀ ਫਾਇਦਾ। ਮੈਂ ਚੱਲੀ।

(ਸੀਬੋ ਛੇਤੀ ਛੇਤੀ ਚਲੀ ਜਾਂਦੀ ਹੈ। ਰੋਸ਼ਨੀ ਮੱਧਮ ਹੁੰਦੀ ਹੈ ਤੇ ਜਦੋਂ ਦੁਬਾਰਾ ਰੋਸ਼ਨੀ ਅਉਂਦੀ ਹੈ ਤਾਂ ਉਸ ਨੂੰ ਚਰਨੋ ਰਸਤੇ ਵਿਚ ਮਿਲਦੀ ਹੈ।)

ਚਰਨੋ : ਚਾਚੀ ਜੀ, ਪੈਰੀਂ ਪੈਨੀ ਆਂ।

ਸੀਬੋ : ਕੁੜੇ ਜਿਉਂਦੀ ਵਸਦੀ ਰਹਿ, ਦੁੱਧੀਂ -ਪੁੱਤੀਂ ਨਾਵੇਂ, ਬੁੱਢ ਸੁਹਾਗਣ ਹੋਵੇਂ। ਆਹ ਕਾਹਲੀ ਕਾਹਲੀ ਕਿਧਰ ਨੂੰ ਚੱਲੀ ਸੀ।

ਚਰਨੋ : ਚਾਚੀ ਜੀ, ਚਾਰ ਵਜੇ ਵਾਲੀ ਬੱਸ ਫੜ੍ਹਨੀ ਐ ਸ਼ਹਿਰ ਦੀ।

ਸੀਬੋ : ਧੀਏ ਸੁੱਖ ਤਾਂ ਹੈ। ਕੁਵੇਲੇ ਜਿਹੇ ਜਾਨੀ ਐਂ, ਮੁੜ ਕੇ ਆਉਣ

ਦਾ ਟੈਮ ਵੀ ਥੋੜ੍ਹਾ ਰਹਿੰਦੈ ।

ਚਰਨੋ : ਮੈਂ ਤਾਂ ਜਾਣ ਆਉਣ ਈ ਕਰਨੈਂ। ਚਾਚੀ ਜੀ ਥੋਗ ਤੋਂ ਕੀ ਭੁੱਲਿਐ, ਮੈਂ ਤਾਂ ਭੁੱਜੀ ਪਈ ਆਂ ਅੱਗ ਲੱਗਦੀ ਸ਼ਰਾਬ ਨੇ ਲਹੂ ਪੀਤਾ ਪਿਐ, ਉੱਤੋਂ ਨਿੱਤ ਦਾ ਕਲੇਸ਼— ————।

ਸੀਬੋ : ਕੋਈ ਨਾ ਧੀਏ ਰੱਬ ਸੁਮੱਤ ਬਖ਼ਸ਼ੂ, ਧੀਰਜ ਰੱਖ।

ਚਰਨੋ : ਇਨ੍ਹਾਂ ਨੇ ਤਾਂ ਰੱਬ ਵੀ ਛਿੱਕੇ ਟੰਗਿਐ ਤਾਈ, ਉਹ ਵੀ ਇਨ੍ਹਾਂ ਦਾ ਹੀ ਪਾਣੀ— —— (ਗੁੱਸੇ ਵਿਚ ਬੋਲਦੀ ਹੈ।)

ਸੀਬੋ : (ਵਿਚੋਂ ਕੱਟਦੀ ਹੋਈ) ਬੱਸ ———ਬੱਸ ——ਧੀਏ ਕਿਉਂ ਕਲਪਦੀ ਏ, ਕਿਉਂ ਆਪਣੇ ਆਪ ਨੂੰ ਦੁੱਖ ਦਿੰਨੀ ਏ । ਤੂੰ ਮੈਨੂੰ ਦੱਸ ਕਿੱਥੇ ਚੱਲੀ ਆਂ ਐਨੇ ਗੁੱਸੇ 'ਚ। *(ਵਡਿਆ ਕੇ ਪੁੱਛਦੀ ਹੈ।)*

ਛਰਨੋ : ਮੈਂ ਤਾਂ ਖੰਨੇ ਵਾਲੇ ਪੰਡਤ ਸੋਹਣ ਦਾਸ ਕੋਲ ਚੱਲੀ ਆਂ। ਜਾਏ ਨੂੰ ਖਾਣੇ ਦਾ, ਕੋਈ ਉਪਾਅ ਤਾਂ ਕਰਾਵਾਂ ।

ਸੀਬੋ : ਧੀਏ ਉਹ ਤਾਂ ਠੀਕ ਐ। ਪਰ ਆਪਣੇ ਪਿੰਡ ਵਾਲੇ ਪੰਡਤ ਲਾਲ ਚੰਦ ਵੀ ਉਪਾਅ ਤਾਂ ਕਰ ਦਿੰਦਾ ਆ।

ਚਰਨੋ : ਅੱਛਿਐ. ਚਾਚੀ ਜੀ ਕਿਸੇ ਨੇ ਉਪਾਅ ਕਰਾਇਆ ਵੀ ਆ।

ਸੀਬੋ : ਆ——ਹੋ, ਸੁਣਿਐ ਇਹ ਤਾਂ ਹੱਥ ਦੀਆਂ ਰੇਖਾ ਮਿੱਟੀਂ ਸਿੱਧੀਆਂ ਕਰ ਦਿੰਦੇ ਨੇ।

ਚਰਨੋ : ਨਾ ਤੁਸੀਂ ਕਿੱਥੋਂ ਸੁਣਿਐ ?

ਸੀਬੋ : ਲੈ ਦੂਰ ਕੀ ਜਾਣੈ, ਨੀ ਭਾਈ ਮੇਰਾ ਤਾਂ ਸਿਰ ਦੁਖਣੋ ਨੀ ਸੀ ਹੱਟਦਾ ਐਹੇ ਜਾ ਉਪਾਅ ਕੀਤਾ, ਮੈਂ ਤਾਂ ਹੁਣ ਨੌਂ ਬਰ ਨੌਂ ਆਂ। ਲੈ ਹੋਰ ਦੱਸਾਂ, ਬੰਸੋ, ਜੀਤੋ, ਪਾਲੋ ਨੂੰ ਪੁਛ ਲੀਂ, ਜੇ ਮੇਰਾ ਯਕੀਨ ਨੀਂ।

ਚਰਨੋ : ਚਾਚੀ ਜੀ ਯਕੀਨ ਕਿਉਂ ਨੀਂ। ਉਹਨਾਂ ਦੇ ਭਲਾ ਗੱਲ ਕੀ ਸੀ ?

ਸੀਬੋ : ਗੱਲ ਕਰੀ ਹੋਈ ਤਾਂ ਦੂਰ ਹੋ ਜਾਂਦੀ ਐ। ਐਵੇਂ ਅਗਲੀ ਮੇਰੀ ਗੁੱਤ ਪੱਟੂ। ਬੰਸੋ ਦੇ ਚੌਂਹ ਕੁੜੀਆਂ ਬਾਅਦ ਮੁੰਡਾ ਲਾਲ ਚੰਦ ਦੇ ਉਪਾਅ ਨਾਲ ਹੋਇਆ। ਸੱਜਣ ਦੀ ਮੇਲੋ ਬਿਮਾਰ ਰਹਿੰਦੀ ਸੀ, ਦੇਖ ਲਾ ਘੋੜੇ ਵਰਗੀ ਹੋਗੀ।

ਚਰਨੋ : ਚਾਚੀ ਜੀ ਸੁਣਿਐ ਨਾਲੇ ਉਹਨੇ ਡਾਕਟਰੀ ਇਲਾਜ ਕਰਵਾਇਆ।

ਸੀਬੋ : ਡਾਕਟਰਾਂ ਕੋਲ ਤਾਂ ਪਹਿਲਾਂ ਵੀ ਜਾਂਦੀ ਸੀ, ਪਰ ਠੀਕ ਇਥੋਂ



ਈ ਹੋਈ ਆ। ਹੋਰ ਤਾਂ ਹੋਰ ਮੇਹਰੂ ਦੀ ਮਾਂ ਨੇ ਸੋਟੀ ਛੱਡਤੀ।

ਚਰਨੋ : ਚਾਚੀ ਜੀ ਉਹ ਤਾਂ ਕਿੱਦਣ ਦੀ ਮਰੀ ਆਂ।

ਸੀਬੋ : *(ਗੱਲ ਬਦਲ ਕੇ)* ਨੀ ਆਹੋ ਸੱਚ, ਮੈਂ ਤਾਂ ਸੀਤੇ ਦੀ ਦਾਦੀ ਦੀ ਗੱਲ ਕਰਦੀ ਸੀ ਜੀਹਦੀ ਪੋਤੀ ਭੱਜਗੀ ਸੀ। ਚੰਗਾ ਚਰਨੋ ਗੱਲ ਨਾ ਕਰੀਂ ਕਿਸੇ ਕੋਲ਼ੇ।

ਚਰਨੋ : ਨਾ ਚਾਚੀ ਜੀ ਨਾ , ਮੈਂ ਕਿਉਂ ਗੱਲ ਕਰਨੀ ਆ ਕਿਸੇ ਕੋਲ਼ੇ।

ਸੀਬੋ : ਲੈ ਚਰਨੋ ਮੈਨੂੰ ਤਾਂ ਯਾਦ ਆ ਗਿਆ, ਮੈਂ ਤਾਂ ਚੱਲੀ ਸੀ ਨਿਧਾਨੇ ਕੇ, ਕਹਿੰਦੇ ਉਨ੍ਹਾਂ ਦੀ ਬੁੜ੍ਹੀ ਮਰਨ ਵਾਲੀ ਪਈ ਆ, *(ਉਹਦੇ ਕੋਲ ਨੂੰ ਹੋ ਕੇ)* ਸੁਣਿਐ ਰਾਤ ਮੰਜੇ ਤੋਂ ਲਾਹ ਲਈ। ਤੈਨੂੰ ਕੋਈ ਖ਼ਬਰ।

ਚਰਨੋ : ਨਾ ਚਾਚੀ ਜੀ, ਮੈਂ ਤਾਂ ਆਵਦੇ ਘਰੇ ਈ ਬਥੇਰੀ ਦੁਖੀ ਆਂ। ਮੈਂ ਕੀਹਦੀਆਂ ਖ਼ਬਰਾਂ ਰੱਖਣੀਆਂ ਨੇ।

ਸੀਬੋ : ਚੰਗਾ ਚਰਨੋ, ਹੁਣ ਤੂੰ ਸਿੱਧਾ ਲਾਲ ਚੰਦ ਦੇ ਘਰ ਜਾਈਂ। ਨਾਲੇ ਸ਼ਹਿਰ ਜਾਣ ਦਾ ਤਾਂ ਹੁਣ ਟੈਮ ਨੀਂ ਰਿਹਾ। ਨਾਲੇ ਦੇਖੀਂ ਦਿਨਾਂ 'ਚ ਰੈਣ ਆਈ। ਸਭ ਕੁਝ ਠੀਕ ਹੋਜੂ , ਭੋਰਾ ਫ਼ਿਕਰ ਨਾ ਕਰੀਂ, ਮੈਂ ਸ਼ਰਤ ਲਾ ਕੇ ਕਹਿੰਦੀ ਆਂ।

ਚਰਨੋ : ਆਹ ਤਾਂ ਚਾਚੀ ਜੀ ਚੰਗਾ ਹੋਇਆ ਤੁਸੀਂ ਮਿਲ ਗਏ, ਤੇ ਤੁਸੀਂ ਦੱਸਤਾ ਨਹੀਂ ਤਾਂ ਇਹ ਗੱਲ ਹੋਣੀ ਸੀ, "ਕੁੱਛੜ ਕੁੜੀ ਸ਼ਹਿਰ ਢੰਡੋਰਾ।" ਮੈਂ ਤਾਂ ਚਾਚੀ ਜੀ ਫੇਰ ਲਾਲ ਚੰਦ ਦੇ ਘਰ ਈ ਪਹੁੰਚ ਦੀਆਂ, ਐਂਵੇ ਸ਼ਹਿਰ 'ਚ ਕਾਹਨੂੰ ਧੱਕੇ ਖਾਊਂ।

ਸੀਬੋ : ਚੰਗਾ ਧੀਏ , ਜਿਊਂਦੀ ਵਸਦੀ ਰਹਿ। (ਚਰਨੋ ਸਿੱਧੀ ਪੰਡਤ ਦੇ ਘਰ ਜਾ ਪਹੁੰਚਦੀ ਹੈ।)

ਚਰਨੋ : ਪੰਡਤ ਜੀ ਪੈਰੀਂ ਪੈਂਦੀ ਆਂ। *(100 ਰੁਪਏ ਦਾ ਮੱਥਾ ਟੇਕਦੀ ਹੈ।)* ਰਾਮ ਰਾਮ ਪੰਡਤ ਜੀ ਰਾਮ ਰਾਮ।

ਪੰਡਤ : ਰਾਮ ਰਾਮ, ਬੀਬਾ, ਰਾਮ ਰਾਮ, ਧੰਨਭਾਗ ਸ਼ਾਡੇ, ਤੁਸ਼ੀਂ ਸ਼ਾਡੇ ਗਰੀਬਖ਼ਾਨੇ ਦਰਸ਼ਨ ਦਿੱਤੇ।

ਚਰਨੋ : ਪੰਡਤ ਜੀ ਦਰਸ਼ਨ ਕਾਹਦੇ, ਬਿਪਤਾ ਮਾਰੀ ਫਿਰਦੀ ਆਂ।

ਪੰਡਤ : ਰਾਮ ਰਾਮ ਕਹਿ ਭਾਈ, ਰਾਮ ਰਾਮ ਕਰ। (ਆਪਣੀ ਘਰ ਵਾਲੀ ਵੱਲ ਦੇਖ ਕੇ) ਅਸ਼ੀਂ ਬੈਠੇ ਕੀਹਦੇ ਲਈ ਆ, ਤੁਸ਼ੀ ਸ਼ੇਵਾ ਦੱਸ਼ੋ, ਅਸ਼ੀ ਹਾਜ਼ਰ। (ਚਰਨੋਂ ਵੱਲ ਅਹੁਲਦਿਆਂ) ਹੁਣ ਦੱਸ਼ ਬੀਬਾ ਕੀ ਤਕਲੀਫ ਐ।

ਚਰਨੋ : *(ਆਪਣੀਆਂ ਭਾਵਨਾਵਾਂ ਵਿਚ ਡੁੱਬ ਕੇ, ਆਪਦੇ ਘਰ ਦੀ ਸਾਰੀ ਰਾਮ ਕਹਾਣੀ ਪੰਡਤ ਅੱਗੇ ਫਰੋਲ ਧਰਦੀ ਹੈ।)* ਪੰਡਤ ਜੀ, ਮਿੰਟੂ ਦਾ ਡੈਡੀ ਸਾਰਾ ਦਿਨ ਘਰ ਨੀਂ ਵੜ੍ਹਦਾ। ਰਾਤ ਨੂੰ ਕਿਤੇ ਨੇਰੇ ਹੋਏ ਸ਼ਰਾਬ ਦਾ ਡੱਕਿਆ ਘਰ ਆਊ। ਉੱਤੋਂ ਕਲੇਸ਼— ਮੈਂ ਤਾਂ ਬਹੁਤ ਦੁਖੀ ਆਂ, ਕੋਈ ਹੀਲਾ ਕਰੋ ਕਿ ਉਹ ਠੀਕ ਰਸਤੇ ਤੇ ਆ ਜਾਵੇ।

ਪੰਡਤ : ਬੀਬਾ ਸ਼ੱਜਾ ਹੱਥ ਦਿਖਾਓ।

*(ਐਨਕਾਂ ਹੇਠਾਂ ਉੱਤੇ ਕਰਕੇ ਗਹੁ ਨਾਲ ਦੇਖਦਾ ਹੈ ਤੇ ਸਿਰ ਮਾਰਦਾ ਹੈ ਜਿਵੇਂ ਉਸਨੂੰ ਬਹੁਤ ਵੱਡੇ ਭੇਤ ਦਾ ਪਤਾ ਲੱਗਿਆ ਹੋਵੇ। ਹੱਥਾਂ ਨੂੰ ਉਲਟਾ ਪੁਲਟਾ ਕੇ ਤੇ ਮੱਥੇ ਨੂੰ ਨੀਝ ਨਾਲ ਵੇਖਦਾ ਹੈ। ਮੁਟਿਆਰ ਚਿੰਤਾ ਵਿਚ ਡੁੱਬੀ ਦਿਖਾਈ ਦਿੰਦੀ ਹੈ।)*

ਪੰਡਤ : ਬੀਬੀ ਥੋਡੇ ਤੇ ਤਾਂ ਸ਼ਾੜ੍ਹਸ਼ਤੀ ਚਲਦੀ ਐ। ਰਾਹੂ ਕੇਤੂ ਕੁੰਡਲੀ ਮਾਰੀ ਬੈਠੇ ਐ। ਸ਼ਿਰਦਾਰ ਜੀ ਤਾਂ ਘਰ ਆਉਣਾ ਚਾਹੁੰਦੇ ਨੇ ਪਰ ਇਹ ਇਧਰ ਨੂੰ ਮੂੰਹ ਹੀ ਨਹੀਂ ਕਰਨ ਦਿੰਦੇ। ਸ਼ਿਰਦਾਰ ਜੀ ਵਿਚਾਰਿਆਂ ਦਾ ਤਾਂ ਕੋਈ ਕਸੂਰ ਨੀਂ ।

ਚਰਨੋ : ਕਸੂਰ ਨੀਂ ! ਪੰਡਤ ਜੀ ਇਹ ਸਾੜ੍ਹਸਤੀ ਕੀ ਹੁੰਦੀ ਐ। *(ਉਸਨੇ ਚਿੰਤਾਤੁਰ ਹੋ ਕੇ ਪੁੱਛਿਆ।)*

ਪੰਡਤ : ਇਹ ਭਾਈ ਘਰ ਤੇ ਕਬਜ਼ਾ ਕਰਕੇ ਰੱਖ ਦੀ ਐ। ਜਿਵੇਂ ਇਹਨੇ ਸ਼ਰਦਾਰ ਜੀ ਨੂੰ ਮੁੱਠੀ ਵਿਚ ਕੀਤਾ ਹੋਇਐ।

ਚਰਨੋ : *(ਉਤਸੁਕਤਾ ਨਾਲ)* ਪੰਡਤ ਜੀ ਇਹਦਾ ਕੋਈ ਉਪਾਅ।

ਪੰਡਤ : ਬੀਬਾ ਉਪਾਅ ਤਾਂ ਅਸ਼ੀਂ ਕਰ ਦਿੰਦੇ ਆਂ ਪਰ ਖ਼ਰਚ ਕਾਫੀ ਆਊਗਾ। *(ਪੰਡਤ* ਨੇ ਸਹਿਜ ਸੁਭਾਓ ਹੀ ਕਹਿ ਦਿੱਤਾ।)

ਚਰਨੋ : ਪੰਡਤ ਜੀ , ਮੈਨੂੰ ਖਰਚੇ ਦੀ ਪ੍ਰਵਾਹ ਨੀਂ, ਬੱਸ ਸਾਡੇ ਤਾਂ ਘਰ ਦਾ ਕਲੇਸ਼ ਖ਼ਤਮ ਹੋਵੇ। *(ਭਾਵਕ ਹੁੰਦਿਆਂ ਉਸ ਨੇ ਕਿਹਾ।)*

ਪੰਡਤ : *(ਆਪਣੀ ਪਤਨੀ ਨੂੰ ਸੰਬੋਧਤ ਹੋ ਕੇ)* ਭਾਗਵਾਨੇ , ਐਥੋਂ ਕਾਪੀ ਤੇ ਪੈੱਨ ਫੜ੍ਹਾਈ, ਮੈਂ ਲਿਖ ਕੇ ਦਿੰਦਾ ਹਾਂ।

(ਪੰਡਤਾਣੀ ਕਾਪੀ ਤੇ ਪੈੱਨ ਲਿਆ ਕੇ ਦਿੰਦੀ ਹੈ ਤੇ ਅੱਖਾਂ ਨਾਲ ਇਸ਼ਾਰਾ ਕਰਦੀ ਹੈ।)

ਚਰਨੋ : ਆਹੋ ਪੰਡਤ ਜੀ ,ਕਿਤੇ ਭੁਲ ਚੁਕ ਨਾ ਹੋ ਜਾਵੇ, ਸੁਆਰ ਕੇ ਲਿਖਿਓ।

*(ਪੰਡਤ ਕਦੇ ਕਾਪੀ ਵੱਲ ,ਕਦੇ ਮੁਟਿਆਰ ਵੱਲ ਤੇ ਕਦੇ ਆਪਣੀ*



*ਪਤਨੀ ਵੱਲ ਕੁਨੱਖੀ ਨਜ਼ਰ ਨਾਲ ਦੇਖਦਾ।)*

ਪੰਡਤ : ਹਾਂ ਜੀ, *(ਪਤਨੀ ਜਿਹੜਾ ਵੀ ਡੱਬਾ ਉਸਨੂੰ ਦਿਖਾਉਂਦੀ ਹੈਂ, ਉਹ ਉਹੀ ਲਿਖਦਾ ਜਾਂਦਾ ਹੈ।)* ਤੁਸ਼ੀਂ ਸ਼ਵਾ ਕਿੱਲੋ ਦੇਸ਼ੀ ਘਿਓ, ਪੰਜ ਕਿੱਲੋ ਗੁੜ, ਪੰਜ ਕਿੱਲੋ ਚਾਵਲ, ਪੰਜ ਮੀਟਰ ਲਾਲ ਰੰਗ ਦਾ ਕੱਪੜਾ, ਪੰਜ ਸ਼ੋ ਰੁਪਏ ਤੇ ਇਕ ਸ਼ਾਬਣ ਦੀ ਟਿੱਕੀ ਦੇ ਕੇ ਜਾਣਾ।

*(ਪੰਡਤਾਣੀ ਕੁਝ ਸੋਚ ਕੇ ਇਸ਼ਾਰਾ ਕਰਦੀ ਹੈ। ਤਾਂ ਫਿਰ ਉਹ ਲਿਖਣਾ ਸ਼ੁਰੂ ਕਰਦਾ ਹੈ।)*

ਪੰਡਤ : ਹਾਂ ਸ਼ੱਚ ਥੋੜ੍ਹੀ ਮਹਿੰਦੀ, ਖੰਮਣੀ, ਸ਼ੰਧੂਰ ਤੇ ਲੌਂਗ-ਲੈਚੀਆਂ ਵੀ ਦੇ ਜਾਣਾ। ਲੱਗਦੇ ਹੱਥ ਸ਼ੱਤ ਦਿਨ ਕੀੜਿਆਂ ਦੇ ਭੋਣ ਤੇ ਸ਼ਤਨਾਜਾ ਵੀ ਜ਼ਰੂਰ ਪੋਣਾ। *(ਪੰਡਤ* ਨੇ ਨਸੀਹਤ ਭਰੇ ਲਹਿਜੇ ਨਾਲ ਕਿਹਾ।)

ਚਰਨੋ : ਪੰਡਤ ਜੀ ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਇਹ ਸਾਰੀਆਂ ਚੀਜ਼ਾਂ ਗੇਲੂ ਦੇ ਹੱਥ ਹੁਣੇ ਭੇਜ ਦੀਆਂ, ਜੇ ਤਾਂ ਉਹ ਕੱਖ ਕੰਡਾ ਲੈ ਕੇ ਆ ਗਿਆ ਹੋਇਆ ਤਾਂ ਹੁਣੇ ਈ, ਨਹੀਂ ਤਾਂ ਬਿੰਦ ਝੱਟ ਨੂੰ ਵਿਹਲਾ ਹੋਏ ਤੇ ਆਊ ਜ਼ਰੂਰ। ਪੰਡਤ ਜੀ ਪਰ ਮੰਤਰ ਧਿਆਨ ਨਾਲ ਅੱਜ ਈ ਪੜ੍ਹ ਦਿਉ, ਮੈਂ ਬਾਹਲੀ ਔਖੀ ਆਂ।

ਪੰਡਤ : ਠਹਿਰੀਂ ਬੀਬੀ ਠਹਿਰੀਂ, ਆਹ ਇਕ ਗਲੀ ਵਾਲਾ ਪੈਸ਼ਾ ਤਬੀਤ 'ਚ ਮੜ੍ਹਾ ਕੇ ਦੇਹਲ੍ਹੀ ਹੇਠ ਦੱਬ ਦੇਵੀਂ। ਆਹ ਮੈਂ ਜਲ ਕਰ ਕੇ ਦਿੰਨਾਂ । *(ਪਾਣੀ ਦੀ ਬੋਤਲ* ਹੱਥ ਵਿਚ ਫੜ੍ਹ ਕੇ ਦੂਜੇ ਹੱਥ ਉਪਰ ਘੁੰਮਾਉਂਦਾ ਹੈ ਜਿਵੇਂ ਮੰਤਰ ਪੜ੍ਹ ਰਿਹਾ ਹੋਵੇ, ਜਦੋਂ ਅੱਖਾਂ ਖੋਲ੍ਹਦਾ ਹੈ ਤਾਂ ਚਰਨੋ ਬਹੁਤ ਖੁਸ਼ ਦਿਖਾਈ ਦੇ ਰਹੀ ਹੈ।)

ਚਰਨੋ : ਪੰਡਤ ਜੀ, ਇਹ ਸੁੱਚਾ ਜਲ ਵਰਤਣਾ ਕਿਵੇਂ ਆ ?

ਪੰਡਤ : ਇਸ਼ ਪਵਿੱਤਰ ਜਲ ਨੂੰ ਲੱਸ਼ੀ ਜਾਂ ਪਾਣੀ ਵਿਚ ਮਿਲਾ ਕੇ ਇਕ ਹਫਤਾ ਸ਼ਿਰਦਾਰ ਜੀ ਨੂੰ ਪਿਆਉਣਾ, ਜੇ ਪਿਆ ਸ਼ਕਦੀ ਹੈਂ। ਭੁਲ ਚੁੱਕ ਕੋਈ ਨਾ ਹੋਵੇ।

ਚਰਨੋ : ਪੰਡਤ ਜੀ ਪਿਆਉਣ ਦੀ ਗੱਲ ਛੱਡੋ, ਪਿਆਉਣ ਨੂੰ ਜਲ ਕੀ ਮੈਂ ਤਾਂ ਜ਼ਹਿਰ ਵੀ ਪਿਆ ਦੂੰ, ਬੱਸ ਠੀਕ ਹੋਣੇ ਚਾਹੀਦੇ ਨੇ, ਨਾਲੇ ਉਹਨਾਂ ਨੂੰ ਕਿਹੜਾ ਸੁਰਤ ਰਹਿੰਦੀ ਐ, ਭੁੱਲ ਚੁੱਕ ਦੱਸੋ ਮੈਥੋਂ ਕੀ ਹੋਣੀ ਆਂ।

ਪੰਡਤ : ਬੀਬੀ ਸ਼ੀਧਾ ਨਾ ਭੁੱਲੀਂ, ਸ਼ਰਦਾਰ ਜੀ ਤਾਂ ਹਫਤੇ ਵਿਚ ਨੌਂ ਬਰ

ਨੌਂ ਹੋ ਜਾਣਗੇ, ਜੇ ਕਿਤੇ ਕੋਈ ਭੁੱਲ ਚੁੱਕ ਨਾ ਹੋਈ।

ਚਰਨੋ : ਰੱਬ ਥੋਡਾ ਭਲਾ ਕਰੇ, ਤੁਸੀਂ ਤਾਂ ਮੇਰਾ ਮਨ ਹੌਲਾ ਕਰ ਤਾ, ਮੈਂ ਤਾਂ ਹਾੜ੍ਹੀ ਸੌਣੀ ਪਹਿਲਾਂ ਥੋਡਾਂ ਦਸਵੰਧ ਕੱਢਿਆ ਕਰੂੰ। ਅੱਛਿਆ ਪੰਡਤ ਜੀ ਰਾਮ ਰਾਮ।

(ਪੰਡਤ ਅੱਗੇ ਹੱਥ ਕਰਦੀ ਹੈ, ਪਾਣੀ ਦੀ ਬੋਤਲ ਤੇ ਗਲ਼ੀ ਵਾਲਾ ਪੈਸਾ ਉਸਦੇ ਹੱਥ ਤੇ ਰੱਖ ਦਿੰਦਾ ਹੈ। ਉਸ ਦੇ ਗਈ ਤੇ ਪੰਡਤ ਤੇ ਪੰਡਤਾਣੀ ਹੱਸ ਹੱਸ ਕੇ ਗੱਲਾਂ ਕਰਦੇ ਹਨ ਤੇ ਸਟੇਜ ਤੋਂ ਬਾਹਰ ਆ ਜਾਂਦੇ ਹਨ।)

(ਸਟੇਜ ਤੇ ਰੌਸ਼ਨੀ ਚਲੀ ਜਾਂਦੀ ਹੈ ਤੇ ਦੁਬਾਰਾ ਰੌਸ਼ਨੀ ਆਉਂਦੀ ਹੈ।)

## ਦ੍ਰਿਸ਼ ਦੂਜਾ

*(ਗੇਲੂ ਗੱਠੜੀ ਚੁੱਕੀ ਜਾ ਰਿਹਾ ਹੈ ਤੇ ਰਸਤੇ ਵਿਚ ਸੁਖਬੀਰ ਮਿਲ ਜਾਂਦਾ ਹੈ।)*

ਸੁਖਬੀਰ : ਗੁਰਮੇਲ ਸਿਹਾਂ ਕਿੱਧਰ ਨੂੰ ਚੱਲਿਐਂ ਰਵੇਂ ਰਵੇਂ।

ਗੇਲੂ : ਸਰਦਾਰ ਜੀ ਸਤਿ ਸ੍ਰੀ ਅਕਾਲ, ਆਹ ਮੇਰੀ ਸਰਦਾਰਨੀ ਨੇ ਕਿਹੈ ਕਿ ਪੰਡਤ ਲਾਲ ਚੰਦ ਦੇ ਘਰ ਦੇ ਆ।

ਸੁਖਬੀਰ : ਉਏ ਨਾ ਹਾੜ੍ਹੀ ਨਾ ਸੌਣੀ, ਇਹ ਕੁਰੁੱਤੇ ਕਾਹਦਾ ਦਾਨ ਕਰਨੈ ਤੇਰੀ ਸਰਦਾਰਨੀ ਨੇ।

ਗੇਲੂ : ਦਾਨ ਨੀਂ, ਇਹ ਤਾਂ ਉਹਨਾਂ ਨੇ ਉਪਾਅ ਕਰਾਇਐ, ਮੈਂ ਉਡੱਦੀ ਜਿਹੀ ਗੱਲ ਸੁਣੀ ਸੀ।

ਸੁਖਬੀਰ : ਅੱਛਿਆ, ਕਾਹਦਾ ਉਪਾਅ ?

ਗੇਲੂ : ਉਪਾਅ ਤਾਂ ਇਹੀ ਕਿ ਸਰਦਾਰ ਜੀ ਹੁਣ ਗੁੱਟ ਹੀ ਰਹਿੰਦੇ ਨੇ, ਮੋਟਰ ਤੇ ਮੈਂ ਕਈ ਵਾਰ ਦੇਖਿਐ, ਬਾਹਰੋਂ ਅਣਜਾਣ ਬੰਦੇ ਵੀ ਆਉਂਦੇ ਨੇ। *(ਥੋੜ੍ਹਾ ਨੇੜੇ ਹੋ ਕੇ)* ਮੈਨੂੰ ਲੱਗਦੈ ਹੁਣ ਉਹ ਮਾਵਾ ਵੀ ਲੈ ਲੈਂਦੇ ਨੇ, ਪਰ ਸਰਦਾਰ ਜੀ ਕਿਸੇ ਕੋਲ ਦੱਸਿਓ ਨਾ ਹੋਰ ਕਿਤੇ ਮੇਰੀ ਗਰੀਬ ਮਾਰ ਹੋ ਜਾਵੇ।

ਸੁਖਬੀਰ : ਨਾ ਬਈ ਨਾ , ਬੱਸ ਮੈਂ ਸਮਝ ਗਿਆ ਕਿ ਭਾਬੀ ਵਿਚਾਰੀ ਕਿਉਂ ਇਲਾਜ ਕਰਾਉਂਦੀ ਫਿਰਦੀ ਆ।



ਗੇਲੂ : ਸਰਦਾਰ ਜੀ ਉਹ ਤਾਂ ਵਿਚਾਰੀ ਬਹੁਤ ਹੀ ਔਖੀ ਆ। ਮੁੰਡਾ ਉਹਦਾ ਕਾਲਜ ਗਿਆ ਅਖੀਰਲੀ ਬੱਸ ਨੂੰ ਮੁੜਦੈ। ਪਿਉ ਕਹਿੰਦਾ ਨੀਂ, ਮਾਂ ਤੋਂ ਉਹ ਡਰਦਾ ਨੀਂ।

ਸੁਖਬੀਰ : ਫਿਰ ਤਾਂ ਖਾਨਾਂ ਈ ਖਰਾਬ ਹੋਇਆਂ ਪਿਐ। ਗੇਲਿਆ ਸਾਡੇ ਲੋਕ ਤਾਂ ਜੱਟਵਾਦ ਦੇ ਮਾਰੇ ਪਏ ਨੇ, ਆਪ ਕੰਮ ਕਰਕੇ ਰਾਜ਼ੀ ਨਹੀਂ, ਫਿਰ ਆਮਦਨ ਵੀ ਕਿੰਨੀ ਕੁ ਹੋਣੀ ਆ। ਤੇਲ-ਪਾਣੀ ਖੁਣੋਂ ਫਸਲਾਂ ਅੱਡ ਤਬਾਹ ਹੋ ਜਾਂਦੀਆਂ ਨੇ, ਮਹਿੰਗਾਈ ਨੇ ਜੱਟਾਂ ਦਾ ਊਂ ਲੱਕ ਤੋੜਿਆ ਪਿਐ। ਕੁਦਰਤ ਦੀ ਕਰੋਪੀ ਦਾ ਇਹ ਪਤਾ ਨਹੀਂ ਕਦੋਂ ਖੜ੍ਹੀ ਫਸਲ ਤੇ ਆ ਡਿੱਗੇ।

ਗੇਲੂ : ਸਰਦਾਰ ਜੀ ਕੰਮ ਤਾਂ ਅਸੀਂ ਕੰਮੀਆਂ ਨੇ ਈ ਕਰਨਾ ਹੋਇਆ, ਤੁਸੀਂ ਤਾਂ ਸਰਦਾਰ ਲੋਕ, ਸਰਦਾਰੀਆ ਈ ਕਰ ਸਕਦੇ ਓ।

ਸੁਖਬੀਰ : ਤਾਂ ਹੀ ਤਾਂ ਸਾਡੇ ਹਾਲਾਤ ਇਹ ਹੋਏ ਪਏ ਨੇ, ਆੜ੍ਹਤੀਆਂ ਤੋਂ ਰੋਜ਼ ਕਰਜ਼ੇ ਲੈ ਲੈ ਕੇ, ਜ਼ਮੀਨਾਂ ਵਿਕ ਰਹੀਆਂ ਨੇ ਤੇ ਜੱਟ ਤਾਂ ਹੀ ਤਾਂ ਖੁਦਕਸ਼ੀਆਂ ਕਰਨ ਲੱਗ ਪਏ ਨੇ।

ਗੇਲੂ : ਸਰਦਾਰ ਜੀ, ਖੁਦਕਸ਼ੀਆਂ ਵਾਲੀ ਗੱਲ ਤਾਂ ਬਹੁਤ ਮਾੜੀ ਆ। ਕਈ ਤਾਂ ਪੂਰੇ ਦੇ ਪੂਰੇ ਪਰਿਵਾਰ ਈ ਮਾਰੇ ਗਏ ਨੇ।

ਸੁਖਬੀਰ : ਆਹ ਰਹਿੰਦੀ ਖੂੰਹਦੀ ਗੱਲ ਜਿਹੜੀ ਪੰਜਾਬ 'ਚ ਸਮੈਕ ਆ ਵੜੀ, ਉਹਨੇ ਤਾਂ ਪੰਜਾਬ ਨਾ ਜੀਣ ਜੋਗਾ ਛੱਡਿਆ ਤੇ ਨਾ ਮਰਨ ਜੋਗਾ।

ਗੇਲੂ : ਵਾਈ ਇਹ ਲੋਕਾਂ ਨੂੰ ਪੁੱਠੀ ਪੜ੍ਹਤੀ, ਆ ਕਿਥੋਂ ਗਈ ?

ਸੁਖਬੀਰ : ਗੁਰਮੇਲ ਸਿੰਹਾਂ, ਹੁਣ ਤਾਂ ਕੋਈ ਲੁੱਕ ਲਪੇਟਾ ਨੀਂ, ਰੋਜ਼ ਖਬਰਾਂ ਨੀ ਸੁਣਦੇ, ਸਾਡੀ ਕੌਮ ਦੇ ਸਿਰਕੱਢ ਲੀਡਰ, ਜਿਹੜੇ ਲੋਕਾਂ ਦੀ ਅਗਵਾਈ ਕਰ ਰਹੇ ਨੇ, ਉਹੀ ਤਾਂ ਡਰੱਗਾਂ ਸਮੱਗਲ ਕਰਵਾ ਕਰਵਾ ਕੇ ਲੋਕਾਂ ਨੂੰ ਵੇਚ ਰਹੇ ਨੇ, ਲੋਕਾਂ ਨੂੰ ਨਸ਼ਿਆਂ 'ਚ ਅੰਨ੍ਹੇ ਕਰਕੇ, ਉਨ੍ਹਾਂ ਵਿਚਾਰਿਆਂ ਦੀਆਂ ਰਹਿੰਦੀਆਂ ਖੂੰਹਦੀਆਂ ਜ਼ਮੀਨਾਂ ਏਜੰਟਾਂ ਰਾਹੀਂ ਬਾਹਰਲੇ ਲੋਕਾਂ ਨੂੰ ਵਿਕਵਾ ਰਹੇ ਨੇ।

ਗੇਲੂ : ਵਾਈ, ਲੋਕਾਂ ਨੂੰ ਸਮਝ ਕਾਹਤੇ ਨੀਂ ਆਉਂਦੀ ਇਨ੍ਹਾਂ ਦੀਆਂ ਚਲਾਕੀਆਂ ਦੀ।

ਸੁਖਬੀਰ : ਹੁਣ ਤਾਂ ਆਪਣੇ ਲੋਕਾਂ ਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ ਹੈ। ਹਰੇਕ ਈ ਚਾਹੁੰਦੈ ਜਾਂ ਤਾਂ ਮੈਂ ਹਰ ਹੀਲੇ ਕੈਨੇਡਾ ਅਮਰੀਕਾ ਪਹੁੰਚ ਜਵਾਂ ਜਾਂ ਕੈਨੇਡਾ ਅਮਰੀਕਾ ਐਥੇ ਪਹੁੰਚ ਜਵੇ।

ਗੇਲੂ : ਭਲਾ ਐਥੇ ਤਾਂ ਕਿਵੇਂ ਕੈਨੇਡਾ ਅਮਰੀਕਾ ਪਹੁੰਚ ਜੂ ?

ਸੁਖਬੀਰ : ਕੈਨੇਡਾ ਅਮਰੀਕਾ ਤਾਂ ਪਹੁੰਚੀ ਓ ਪਈ ਆ। ਆਹ ਰੋਜ਼ ਤਾਂ ਦੇਖਦੇ ਈ ਆਂ ਕਿ ਮੁੰਡੇ ਕਿਵੇਂ ਬਾਹਰਲਿਆਂ ਵਾਂਗ ਕੰਨਾਂ 'ਚ ਮੁਰਕੀਆਂ ਤੇ ਜੀਨਾਂ ਜਿਹੀਆਂ ਪਾ ਕੇ, ਕਾਰਾਂ —-ਮੋਟਰ ਸਾਇਕਲਾਂ ਤੇ ਧੂੜਾਂ ਪੱਟੀ ਫਿਰਦੇ ਨੇ, ਤੇ ਆਹ ਕੁੜੀਆਂ ਕੁੱਤੇ-ਝੱਗੀਆਂ ਜਿਹੀਆਂ ਪਾ ਕੇ ਅੱਡ————

ਗੇਲੂ : (ਗੱਲ ਵਿਚੋਂ ਕੱਟਦਾ ਹੋਇਆ) ਵਾਈ, ਬੱਸ ਆਹੀ ਕੈਨੇਡਾ-ਅਮਰੀਕਾ!

(ਹੈਰਾਨ ਹੁੰਦਾ ਹੈ ਤੇ ਤਾੜੀ ਮਾਰ ਕੇ ਹੱਸਦਾ ਹੋਇਆ ਕਹਿੰਦਾ ਹੈ।) ਉਹ ਇਹ ਤਾਂ ਅਸੀਂ ਵੀ ਦੇਖੀ ਹੋਈ ਆ।

ਸੁਖਬੀਰ : ਓਹ ਨਹੀਂ! ਇਹ ਤਾਂ ਐਥੇ ਵਾਲੇ ਈ ਸਮਝਦੇ ਦੇ ਨੇ। ਕੈਨੇਡਾ ਅਮਰੀਕਾ ਤਾਂ ਉਨ੍ਹਾਂ ਨੂੰ ਪਤੈ, ਜਿਹੜੇ 16-16 ਘੰਟੇ ਕੰਮ ਕਰਕੇ ਹਰ ਰੋਜ਼ ਆਪਣਾ ਢੂਹਾਂ ਕੁਟਵਾਉਂਦੇ ਨੇ।

ਗੇਲੂ : (ਨਿਰਾਸ਼ ਹੋ ਕੇ) ਵਾਈ ਫਿਰ ਸਾਡਾ ਤੇ ਕੈਨੇਡਾ ਅਮਰੀਕਾ ਵਾਲਿਆਂ ਦਾ ਜਵਾਂ ਈ ਫਰਕ ਨੀਂ, ਅਸੀਂ ਤੁਹਾਡੇ ਨੌਕਰ ਆਂ, ਉਹ ਉਨ੍ਹਾਂ ਦੇ ਨੌਕਰ ਨੇ।

ਸੁਖਬੀਰ : ਹਾਂ ਕਿਰਤੀ ਲੋਕ ਤਾਂ ਹਰ ਥਾਂ ਤੇ ਕਿਰਤ ਈ ਕਰਦੇ ਨੇ, ਉਹਦੇ ਵਿਚ ਈ ਵਿਸ਼ਵਾਸ ਕਰਦੇ ਨੇ। ਇਹ ਤਾਂ ਕੁਛ ਵਿਹਲੜ ਲੋਕ ਜਿਹੜੇ ਐਧਰੋਂ ਉਧਰੋਂ ਹੱਥ ਪੱਲੇ ਮਾਰਦੇ ਰਹਿੰਦੇ ਨੇ ਉਨ੍ਹਾਂ ਨੂੰ ਅਮੀਰ ਲੋਕ ਜ਼ਿਆਦਾ ਪੈਸੇ ਦੇ ਲਾਲਚ ਵਿਚ ਫਸਾ ਕੇ ਨਸ਼ੇ ਵੇਚਣ ਤੇ ਫਿਰ ਖਾਣ ਲਾ ਦਿੰਦੇ ਨੇ। ਜੁਆਕ ਜਿਹੇ ਇਨ੍ਹਾਂ ਦੀਆਂ ਗੱਲਾਂ 'ਚ ਆਕੇ ਫਸ ਜਾਂਦੇ ਨੇ ਤੇ ਆਪਣੀਆਂ ਜ਼ਿੰਦਗੀਆਂ ਤਬਾਹ ਕਰ ਰਹੇ ਨੇ।

ਗੇਲੂ : ਵਾਈ ਗੱਲਾਂ ਤਾਂ ਤੂੰ ਜਵਾਂ ਈ ਪਤੇ ਦੀਆਂ ਕਰਦੈਂ ਪਰ ਹੋਰਨਾ ਮੇਰੇ ਤੇ ਸਰਦਾਰਨੀ ਵਲੋਂ ਛਿੱਤਰ ਪੈਣ, ਮੈਂ ਤਾਂ ਗੱਲਾਂ ਗੱਲਾਂ ਵਿਚ ਲੇਟ ਈ ਹੋ ਗਿਆ।

ਸੁਖਬੀਰ : ਆਹ ਸੀਧਾ ਲੈ ਕੇ ਪੰਡਤ ਦੇ ਚੱਲਿਐਂ, ਉਹ ਭਿੱਟਿਆ ਨੀਂ ਜਾਊ, ਤੇਰੇ ਹੱਥ ਲੱਗਣ ਨਾਲ।

ਗੇਲੂ : ਇਹ ਤਾਂ ਮੈਨੂੰ ਪਤਾ ਨਹੀਂ, ਅਸੀਂ ਤਾਂ ਨੌਕਰ ਹੁੰਦੇ ਹਾਂ, ਜਿਵੇਂ ਮਾਲਕ ਕਹੂ, ਉਵੇਂ ਕਰਨਾ ਪੈਂਦੈ। ਨਾਲੇ ਇਹ ਤਾਂ ਗੱਲ ਈ ਉਪਾਅ ਦੀ ਐ।



ਸੁਖਬੀਰ : ਉਪਾਅ ਉਪੂਅ ਕੋਈ ਨੀਂ, ਇਹ ਤਾਂ ਪੰਡਤ ਨੇ ਆਪਣੇ ਖਾਣ ਦਾ ਹੀਲਾ ਬਣਾਇਐ ਹੋਇਐ।

ਗੇਲੂ : ਹੀਲਾ ! ਉਹ ਕਿਵੇਂ ?

ਸੁਖਬੀਰ : ਤੈਨੂੰ ਨੀਂ ਪਤਾ, ਆਹ ਪੰਡਤ ਜਦ ਪਿੱਛੇ ਜਿਹੇ ਬਿਮਾਰ ਹੋਇਆ ਸੀ, ਉਦੋਂ ਸਵੇਰੇ ਸਵੇਰੇ ਮੇਰੇ ਕੋਲ ਨੂੰ ਭੱਜੇ ਆਉਣ ਅਖੇ ਦਯਾਨੰਦ ਹਸਪਤਾਲ ਲੈ ਕੇ ਜਾਣੈ। ਉਦੋਂ ਤਾਂ ਫਿਰ ਮੈਂ ਕੁਛ ਨੀਂ ਕਿਹਾ, ਪਰ ਪਿੱਛੋ ਠੀਕ ਹੋਏ ਤੋਂ ਮੈਂ ਕਿਹਾ, "ਪੰਡਤਾ ਤੈਨੂੰ ਹਸਪਤਾਲ ਦੀ ਕੀ ਲੋੜ ਸੀ, ਤੂੰ ਆਪਦਾ ਉਪਾਅ ਵੀ ਆਪ ਕਰ ਲੈਂਦਾ।" ਗੇਲਿਆ ਪਤਾ ਉਹ ਮੈਨੂੰ ਕੀ ਕਹਿੰਦਾ, "ਸਾਊ ਸਾਡੇ ਰਿਜਕ ਵਿਚ ਕਿਉਂ ਲੱਤ ਮਾਰਦੈਂ, ਤੈਥੋਂ ਦੱਸ ਕੀ ਭੁੱਲਿਐ।"

ਗੇਲੂ : ਵਾਈ ਫੇਰ ਤੂੰ ਕਿਹਾ ਨੀਂ , ਕਿ ਉਹ ਲੋਕਾਂ ਨੂੰ ਕਿਉਂ ਲੁਟਦੈਂ ?

ਸੁਖਬੀਰ : ਲੈ ਮੇਰੇ ਤਾਂ ਪੈਰੀਂ ਪੈ ਗਿਆ , ਗਲਤੀ ਹੋ ਗਈ ਅੱਗੇ ਤੋਂ ਨਹੀਂ ਕਰਦਾ।

ਗੇਲੂ : ਆਹੋ ਹੁਣ ਆਪਾਂ ਨੂੰ ਕੀ ਪਤੈ, ਕੀ ਗੱਲ ਹੋਣੀ ਵਿਚੋਂ। ਵਾਈ ਗੱਲਾਂ ਤਾਂ ਤੇਰੀਆਂ ਛੱਡ ਕੇ ਜਾਣ ਨੂੰ ਜੀ ਨੀਂ ਕਰਦਾ। ਕਦੇ ਵਿਹਲਾ ਟੈਮ ਕੱਢ ਕੇ ਥੋੜੀਆਂ ਗੱਲਾਂ ਸੁਣਨ ਜ਼ਰੂਰ ਆਊਂ।

ਸੁਖਬੀਰ : ਚੰਗਾ ਚਲ ਫਿਰ। (ਤੁਰ ਜਾਂਦਾ ਹੈ। ਗੇਲੂ ਲੋਕਾਂ ਵੱਲ ਮੂੰਹ ਕਰਕੇ ਆਪਣੇ ਆਪ ਨਾਲ ਗੱਲਾਂ ਕਰਦਾ ਜਾਂਦਾ ਹੈ।)

ਗੇਲੂ : ਵਾਈ , ਗੱਲਾਂ ਤਾਂ ਸੋਲਾਂ ਆਨੇ ਸੱਚ ਕਹਿੰਦੈ, ਪਰ ਸਾਨੂੰ ਇਹ ਗੱਲਾਂ ਕਾਹਤੇ ਸਮਝ ਨੀਂ ਪੈਂਦੀਆਂ, ਪੜ੍ਹਾਈ ਦਾ ਫਰਕ ਪੈਂਦਾ ਹੋਣੈ। —ਹਾਂ ———ਪਰ ਪੜ੍ਹੇ ਤਾਂ ਮੇਰੇ ਸਰਦਾਰ ਤੇ ਸਰਦਾਰਨੀ ਵੀ ਵਥੇਰੇ ਨੇ, ਉਹਨਾਂ ਨੂੰ ਕਾਹਤੇ ਨੀਂ ਪਤਾ————(ਗੰਭੀਰ ਹੋ ਜਾਂਦਾ ਹੈ ਤੇ ਜਾ ਕੇ ਪੰਡਤ ਦਾ ਦਰਵਾਜ਼ਾ ਖੜਕਾਉਂਦਾ ਹੈ। ਬਾਹਰ ਖੜ੍ਹ ਕੇ ਹੀ।)

ਗੇਲੂ : ਪੰਡਤ ਜੀ ਰਾਮ ਰਾਮ, ਪੰਡਤ ਜੀ ਰਾਮ ਰਾਮ । *(ਉਸ ਨੂੰ ਦੇਖ ਕੇ ਕਿ ਉਹ* ਦੇਹਲੀ ਦੇ ਅੰਦਰ ਆਉਂਦਾ ਹੈ। ਪੰਡਤ ਉਸ ਨੂੰ ਹੱਥ ਦਾ ਇਸ਼ਾਰਾ ਕਰਦਾ ਹੈ।)

ਪੰਡਤ ਜੀ : ਰਾਮ ਰਾਮ ਰੁਕੋ ਰੁਕੋ, ਦਹਿਲੀਜ਼ ਕੇ ਅੰਦਰ ਨੀਂ।

ਗੇਲੂ : *(ਅੰਦਰ ਪੈਰ ਰੱਖਦਾ ਰੱਖਦਾ ਬਾਹਰ ਮੋੜ ਲੈਂਦਾ ਹੈ।)* ਪੰਡਤ ਜੀ ਇਹ ਸੀਧਾ ਵੀ ਜੂਠਾ ਹੋ ਗਿਆ ਮੇਰੇ ਹੱਥ ਲੱਗਿਆਂ ਤੇ, ਇਹਦਾ ਕੀ ਕਰੋਗੇ।

ਪੰਡਤ ਜੀ : ਹਮ ਦੇਖ ਲੇਤੇ ਹੈਂ, ਆਪ ਜਹਾਂ ਪਰ ਛੋੜ ਕਰ ਚਲੇ ਜਾਓ।
*(ਕਰਮੰਡਲ ਵਿਚੋਂ* ਗੱਠੜੀ ਤੇ ਪਾਣੀ ਦਾ ਛਿੱਟਾ ਦਿੰਦਾ ਹੈ ਤੇ ਗੱਠੜੀ ਚੁੱਕ ਕੇ ਲੈ ਜਾਂਦਾ ਹੈ ਤੇ ਇੰਨੇ ਨੂੰ ਪੰਡਤਾਣੀ ਬਾਹਰ ਨਿਕਲਦੀ ਹੈ ਤੇ ਪੰਡਤ ਟਿੱਚਰ ਨਾਲ ————— ਲੈ ਭਾਗਵਾਨੇ , ਤੇਰਾ ਕਲੇਸ਼ ਤਾਂ ਮੁੱਕਿਆ, ਤੇਰਾ ਉਪਾਅ ਤਾਂ ਹੋ ਗਿਆ, ਉਹਦਾ ਜਦੋਂ ਹੋਊ ਉਦੋਂ ਦੇਖੀ ਜਾਊ। —————— ਕਿਉਂ ਭਾਗਮਾਨੇ।

ਪੰਡਤਾਣੀ : (ਨਿਹੋਰੇ ਨਾਲ ਐਕਸ਼ਨ ਕਰਦੀ ਹੈ ਤੇ ਖੁਸ਼ ਹੁੰਦੀ ਹੈ।)
(ਪਰਦਾ ਡਿੱਗਦਾ ਹੈ।)

(ਸਮਾਪਤ)

# ਇਕ ਜੰਗ ਹੋਰ



## ਪਾਤਰ

| | | |
|---|---|---|
| ਗਗਨਦੀਪ | – | 13–14 ਸਾਲਾਂ ਦੀ ਲੜਕੀ ਜਾਂ ਲੜਕਾ |
| ਦਲਜੀਤ ਕੌਰ | – | ਗਗਨਦੀਪ ਦੀ ਮਾਂ |
| ਸਵਰਨ ਸਿੰਘ | – | ਗਗਨਦੀਪ ਦਾ ਡੈਡੀ |
| ਸਥਾਨ | – | ਸੰਸਾਰ ਵਿਚ ਕੋਈ ਵੀ ਥਾਂ |
| ਸਮਾਂ | – | ਸ਼ਾਮ ਚਾਰ– ਪੰਜ ਵਜੇ |

(ਦਲਜੀਤ ਕੌਰ ਛੇਤੀ ਛੇਤੀ ਕੰਮ ਕਰਦੀ ਫਿਰ ਰਹੀ ਹੈ। ਗਗਨਦੀਪ ਬੈਠੀ ਪੜ੍ਹ ਰਹੀ ਹੈ।)

ਦਲਜੀਤ : ਗਗਨ ਪੁੱਤ, ਤੇਰਾ ਹੋਮਵਰਕ ਹੋ ਗਿਆ ਕਿ ਨਹੀਂ।

ਗਗਨਦੀਪ : ਮਾਂ ਅਜੇ ਨਹੀਂ।

ਦਲਜੀਤ : ਪੁੱਤ ਛੇਤੀ ਛੇਤੀ ਕਰ ਲੈ, ਆਪਾਂ ਸ਼ਾਮ ਨੂੰ ਪਾਰਟੀ ਤੇ ਜਾਣੈ।

ਗਗਨਦੀਪ : ਮੰਮੀ, ਮੈਨੂੰ ਹੈਲਪ ਚਾਹੀਦੀ ਆ।

ਦਲਜੀਤ : ਪੁੱਤ ਆਵਦੇ ਡੈਡੀ ਨੂੰ ਕਿਹਾ ਕਰੋ, ਉਹ ਐਥੇ ਖੜ੍ਹੇ ਖੜ੍ਹੇ ਪਤਾ ਨਹੀਂ ਕਿੱਥੇ ਚਲੇ ਗਏ ?

ਗਗਨਦੀਪ : ਮੈਨੂੰ ਤਾਂ ਪਤਾ ਨਹੀਂ, ਮੇਰੀ ਤੁਸੀਂ ਹੀ ਹੈਲਪ ਕਰ ਦੇਵੋ।

ਦਲਜੀਤ : ਮੈਨੂੰ ਹੋਰ ਥੋੜ੍ਹੇ ਕੰਮ ਨੇ, ਜੇ ਇਹ ਵੀ ਮੈਂ ਹੀ ਕਰਨ ਲੱਗ ਪਈ ਤੇਰੇ ਡੈਡੀ ਨੇ ਇਹ ਵੀ ਮੇਰੇ ਗਲ਼ ਈ ਪਾ ਦੇਣੇ। ਜਿਹੜਾ ਬਾਹਰ ਕੰਮ ਕਰ ਲਿਆ ਕਰ ਲਿਆ, ਘਰ ਆ ਕੇ ਤਾਂ ਡੱਕਾ ਦੂਹਰਾ ਨੀ ਕਰਦੇ।

(ਇੰਨੇ ਨੂੰ ਸਵਰਨ ਸਿੰਘ ਅੰਦਰ ਆਉਂਦਾ ਹੈ। ਅੱਧ ਪਚੱਧੀ ਗੱਲ ਸੁਣ ਕੇ)

ਸਵਰਨ : ਕੌਣ ਡੱਕਾ ਦੂਹਰਾ ਨਹੀਂ ਕਰਦਾ ?

ਦਲਜੀਤ : ਹੋਰ ਕੌਣ ਤੁਸੀਂ। ਐਥੇ ਖੜ੍ਹੇ ਖੜ੍ਹੇ ਪਤਾ ਨਹੀਂ ਮਿੰਟਾਂ 'ਚ ਕਿੱਥੇ ਛਿੱਪਨ ਹੋ ਗਏ ? ਮੈਂ ਕਹਾਂ ਪਤਾ ਨਹੀਂ ਕਿੱਧਰ ਚਲੇ ਗਏ।

ਸਵਰਨ : ਮੈਂ ਕਿੱਥੇ ਛਿੱਪਨ ਹੋਣਾ ਸੀ। ਮੈਂ ਤਾਂ ਬਾਹਰ ਨਿਕਲਿਆ ਹੀ ਸੀ ਕਿ ਜਸਵੰਤ ਨੇ ਆਪਣੇ ਆਹ ਗੁਆਂਢੀ ਨੇ ਹਾਕ ਮਾਰ ਲਈ ਤਾਂ ਚਲਿਆ ਗਿਆ।

ਦਲਜੀਤ : ਘੰਟਾ ਹੋ ਗਿਆ, ਮੁੜ ਕੇ ਨਹੀਂ ਸੀ ਆਉਣਾ ਫਿਰ।

ਸਵਰਨ : ਆਉਣਾ ਤਾਂ ਸੀ, ਉਹ ਦੱਸਣ ਲੱਗ ਪਿਆ।

ਦਲਜੀਤ : ਐਹਾ ਜਾ ਕੀ ਦੱਸਣ ਲੱਗ ਗਿਆ ?

ਸਵਰਨ : ਆ ਉਹੀ ਬਈ ਪੰਜਾਬ 'ਚ ਦੰਗੇ ਭੜਕ ਗਏ। ਲੋਕ ਇਕ ਦੂਜੇ ਨੂੰ ਮਾਰਨ ਮਰਾਉਣ ਤੇ ਤੁਰੇ ਹੋਏ ਨੇ। ਪਤਾ ਨਹੀਂ ਕਿੰਨੀਆਂ ਤਾਂ ਬੱਸਾਂ ਗੱਡੀਆਂ ਈ ਫੂਕ ਤੀਆਂ।



ਦਲਜੀਤ : ਉਹ ਕਾਹਤੇ ?

ਸਵਰਨ : ਸੁਣਿਐ ਬਈ, ਇਕ ਬੱਲਾਂ ਵਾਲਾ ਸੰਤ ਸੀ ਬਾਹਰਲੇ ਦੇਸ਼ ਆਇਆ ਸੀ, ਕੁਛ ਸਿਰ ਫਿਰੇ ਨੌਜਵਾਨਾਂ ਨੇ ਦਿਨ ਦਿਹਾੜੇ ਉਹਦਾ ਕਤਲ ਕਰ ਦਿੱਤਾ। ਉਹਦੇ ਕਰਕੇ ਈ ਇਹ ਸਾਰਾ ਕੁਝ ਹੋ ਗਿਆ।

ਦਲਜੀਤ : ਪੰਜਾਬ ਦੇ ਲੋਕਾਂ ਦਾ ਕੀ ਕਸੂਰ ਆ। ਉਹ ਕਿਉਂ ਆਪਸ ਵਿਚ ਲੜਦੇ ਨੇ ?

ਸਵਰਨ : ਪੰਜਾਬ ਦੇ ਲੋਕਾਂ ਦਾ, ਮਾੜ੍ਹਤਾਂ ਦਾ ਇਹਦੇ ਵਿਚ ਕੀ ਕਸੂਰ ਹੋਣੈ ਬੱਸ ਐਹੋ ਜਿਹੇ ਝੱਖੜ ਤਾਂ ਜਿਹੜੇ ਕੁਛ ਲੋਕ ਅਮਨ ਸ਼ਾਂਤੀ ਨਹੀਂ ਚਾਹੁੰਦੇ, ਉਹ ਝਲਾਉਂਦੇ ਨੇ। ਮਾਰੇ ਜਾਂਦੇ ਨੇ ਆਮ ਵਿਚਾਰੇ ਬੇਕਸੂਰ ਲੋਕ।

ਦਲਜੀਤ : (ਹਾਉਕਾ ਲੈ ਕੇ) ਹਾਂ ! (ਕੁਝ ਯਾਦ ਆਉਣ ਤੇ) ਮੈਨੂੰ ਤਾਂ ਤੁਸੀਂ ਹੋਰ ਪਾਸੇ ਈ ਗੱਲਾਂ 'ਚ ਪਾ ਲਿਆ।

ਸਵਰਨ : ਆਹੋ ਸੱਚ, ਤੂੰ ਕਾਹਦੇ ਲਈ ਹਾਕਾਂ ਮਾਰੀ ਜਾਂਦੀ ਸੀ। ਤੂੰ ਮੈਥੋਂ ਕੀ ਕਾਢਾ ਕਢਾਉਣਾ ਸੀ।

ਦਲਜੀਤ : ਲੈ ਮੈਂ ਕੀ ਕਾਢਾ ਕਢਾਉਣਾ ਸੀ। ਮੈਂ ਤਾਂ ਥੋਨੂੰ ਇਹ ਕਹਿੰਦੀ ਸੀ ਕਿ ਗਗਨਦੀਪ ਦੀ ਹੈਲਪ ਕਰ ਦਿਓ, ਉਹ ਕਦੋਂ ਦੀ ਉਡੀਕੀ ਜਾਂਦੀ ਐ।

ਸਵਰਨ : ਮੈਂ ਆ ਈ ਜਾਣਾ ਸੀ।

ਦਲਜੀਤ : ਥੋਨੂੰ ਇਹ ਤਾਂ ਯਾਦ ਹੋਣੈ ਕਿ ਆਪਾਂ ਨੇ ਅੱਜ ਪਾਰਟੀ ਤੇ ਵੀ ਜਾਣੈ। ਫਿਰ ਲੇਟ ਹੁੰਦੇ ਫਿਰਾਂਗੇ।

ਸਵਰਨ : ਪਾਰਟੀ ਕਿਤੇ 7-8 ਵਜੇ ਤੋਂ ਪਹਿਲਾਂ ਕਦੇ ਸ਼ੁਰੂ ਹੋਈ ਐ। ਅਜੇ ਤਾਂ ਬਥੇਰਾ ਦਿਨ ਖੜ੍ਹੈ।

ਦਲਜੀਤ : ਉਹ ਤਾਂ ਮੈਨੂੰ ਵੀ ਦੀਂਹਦਾ, ਪਰ ਅਜੇ ਇਹਦਾ ਹੋਮ ਵਰਕ ਕਰਾਉਣੈ। (ਸੋਚ ਕੇ) ਮੁੰਡਾ ਕਿਹੜੇ ਵੇਲ਼ੇ ਦਾ ਗਿਐ, ਉਹ ਨੀ ਅਜੇ ਤੱਕ ਮੁੜਿਆ।

ਸਵਰਨ : ਚੰਗਾ ਚੰਗਾ ਬਹੁਤਾ ਨਾ ਘਬਰਾਇਆ ਕਰ। ਮੁੰਡਾ ਆਪਣਾ ਸਿਆਣੈ, ਆ ਜਾਂਦੈ।

ਦਲਜੀਤ : ਮੁੰਡਾ ਸਿਆਣਾ ਤਾਂ ਠੀਕ ਐ, ਪਰ ਬਾਹਰ ਦੀ ਹਵਾ ਐਨੀ ਖਰਾਬ ਐ ਤਾਂ ਡਰ ਲੱਗਦੈ।

ਸਵਰਨ : ਗਗਨ ਲਿਆ ਪੁੱਤ, ਤੂੰ ਦਿਖਾ ਤੈਨੂੰ ਹੋਮ ਵਰਕ ਤੇ ਕਾਹਦੀ

ਹੈਲਪ ਦੀ ਲੋੜ ਐ।

ਗਗਨਦੀਪ : ਡੈਡ, ਮੈਂ ਹਿਸਟਰੀ ਪੜ੍ਹ ਰਹੀ ਸੀ, ਮੈਨੂੰ ਸਮਝ ਨਹੀਂ ਲੱਗ ਰਹੀ।

ਸਵਰਨ : ਬੇਟਾ, ਹਿਸਟਰੀ ਵਿਚ ਇਹੋ ਜਿਹੀ ਕਿਹੜੀ ਗੱਲ ਐ ਜਿਹੜੀ ਤੈਨੂੰ ਸਮਝ ਨਹੀਂ ਆਉਂਦੀ। ਇਹ ਤਾਂ ਬੀਤੇ ਦੀਆਂ ਘਟਨਾਵਾਂ ਹੁੰਦੀਆਂ ਨੇ, ਉਹੀ ਹਿਸਟਰੀ ਹੁੰਦੀ ਹੈ।

ਗਗਨਦੀਪ : ਤਾਂ ਹੀ ਤਾਂ ਮੈਨੂੰ ਸਮਝ ਨਹੀਂ ਲੱਗਦੀ, ਬਈ ਇਹਦੀ ਲੋੜ ਕੀ ਆ ?

ਸਵਰਨ : ਉਹ ਪੁੱਤ, ਜਿਹੜੇ ਆਪਣੇ ਪੁਰਾਣੇ ਰਾਜੇ ਮਹਾਰਾਜੇ ਸੀ ਉਹਨਾਂ ਨੇ ਕਿਵੇਂ ਰਾਜ ਕੀਤਾ ? ਕਿਵੇਂ ਸਾਰੇ ਸਿਸਟਮ ਨੂੰ ਚਲਾਇਆ।

ਗਗਨਦੀਪ : ਰਾਜਿਆਂ, ਮਹਾਰਾਜਿਆਂ ਬਾਰੇ ਤਾਂ ਠੀਕ ਐ ਪਰ ਉਸ ਵੇਲੇ ਲੋਕ ਨਹੀਂ ਸੀ ਹੁੰਦੇ ਉਹਨਾਂ ਬਾਰੇ ਕੁਝ ਨਹੀਂ ਲਿਖਿਆ ਹੋਇਆ।

ਸਵਰਨ : ਹਾਂ ਪੁੱਤ, ਇਹ ਤਾਂ ਇਹੀ ਹੈ ਜੋ ਰਾਜਿਆਂ ਨੂੰ ਵਧੀਆ ਲੱਗਿਆ। ਉਹਨਾਂ ਨੇ ਉਹ ਲਿਖਵਾ ਲਿਆ।

ਗਗਨਦੀਪ : ਡੈਡ ਇਹ ਤਾਂ ਫੇਰ ਫੇਅਰ ਨਾ ਨਾ ਹੋਇਆ। ਉਹਨਾਂ ਨੇ ਤਾਂ ਆਪਦੇ ਬਾਰੇ ਜਾਂ ਰਾਜ ਕਰਨ ਬਾਰੇ ਜਾਂ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਆਪਣੀ ਤਾਕਤ ਦੀ ਵਰਤੋਂ ਕਰਕੇ ਇਕ ਦੂਜੇ ਦੀ ਜਗ੍ਹਾ ਖੋਹਣ ਲਈ ਕੀ ਕੀਤਾ। ਉਹਦੇ ਬਾਰੇ ਈ ਸਭ ਕੁਝ ਲਿਖਿਐ।

ਸਵਰਨ : ਆਹੋ ਪੁੱਤ ਲਿਖਿਆ ਤਾਂ ਇਹੀ ਆ।

ਗਗਨਦੀਪ : ਇਹਦਾ ਫਾਇਦਾ ਕੀ ਐ ?

ਸਵਰਨ : ਫਾਇਦਾ, ਫਾਇਦਾ ਤਾਂ ਫੇਰ ਵੀ ਇਹ ਇਤਿਹਾਸ ਤਾਂ ਇਤਿਹਾਸ ਹੀ ਹੈ ਚਾਹੇ ਇਕ ਪਾਸੜ ਹੀ ਹੈ। ਤੇਰੇ ਵਰਗੇ ਸਿਆਣੇ ਬੱਚੇ ਇਸ ਨੂੰ ਦੂਸਰੇ ਐਂਗਲ ਤੋਂ ਵੀ ਅੰਦਾਜ਼ਾ ਲਾ ਲੈਣਗੇ।

ਗਗਨਦੀਪ : ਪਰ ਡੈਡ ਸਾਰੇ ਲੋਕ ਥੋੜ੍ਹਾ ਏਦਾਂ ਸੋਚਦੇ ਹੋਣਗੇ।

ਸਵਰਨ : ਪਰ ਫਿਰ ਵੀ ਬੇਟਾ ਇਤਿਹਾਸ ਗਵਾਹ ਹੈ ਕਿ ਜਿਹੜੀਆਂ ਕੌਮਾਂ ਆਪਣਾ ਇਤਿਹਾਸ ਯਾਦ ਰੱਖਦੀਆਂ ਹਨ। ਉਹਨਾਂ ਦੇ ਨਕਸ਼ ਕਦਮਾਂ ਤੇ ਚੱਲਦੀਆਂ ਹਨ। ਉਹੀ ਸਫਲ ਹੁੰਦੀਆਂ ਹਨ। ਇਸ ਲਈ ਸਾਨੂੰ ਸਾਡਾ ਵਿਰਸਾ ਭੁੱਲਣਾ ਨਹੀਂ ਚਾਹੀਦਾ।

ਗਗਨਦੀਪ : ਡੈਡ ਉਹ ਗੱਲ ਤਾਂ ਮੈਂ ਵੀ ਮੰਨਦੀ ਹਾਂ। ਮੈਂ ਤਾਂ ਜੰਗਾਂ ਬਾਰੇ ਪੜ੍ਹ ਰਹੀ ਸੀ। ਸੰਸਾਰ ਦੀ ਪਹਿਲੀ ਜੰਗ, ਦੂਸਰੀ ਜੰਗ। ਉਹਦੇ ਵਿੱਚੋਂ ਕੀ ਨਿਕਲਿਆ। ਕਿੰਨੇ ਬੇਕਸੂਰ ਲੋਕ ਮਾਰੇ ਗਏ। ਹੁਣ



ਆਹ ਦੇਸ਼ਾਂ, ਧਰਮਾਂ, ਜਾਤਾਂ ਤੇ ਖਿੱਤਿਆਂ ਦੇ ਨਾਂ ਤੇ ਹਰ ਰੋਜ਼ ਸੁਣਦੇ ਹਾਂ। ਲੜਾਈਆਂ ਹੁੰਦੀਆਂ ਈ ਕਿਉਂ ਨੇ ਡੈਡ। ਮੈਨੂੰ ਇਹ ਸਮਝ ਨਹੀਂ ਆਉਂਦੀ।

ਸਵਰਨ : ਪੁੱਤ ਮੈਂ ਤੈਨੂੰ ਸਮਝਾਉਂਨਾ। ਆਪਾਂ ਮੰਨ ਕੇ ਚੱਲਦੇ ਆਂ ਬਈ ਇੰਡੀਆ ਤੇ ਕੈਨੇਡਾ ਦਾ ਝਗੜੈ ਅਤੇ————

*(ਦਲਜੀਤ ਕੌਰ ਵੀ ਕੰਮ ਕਰਦੀ ਕਰਦੀ ਉਹਨਾਂ ਦੀਆਂ ਗੱਲਾਂ ਵਿਚ ਸ਼ਾਮਲ ਹੁੰਦੀ ਹੈ।)*

ਦਲਜੀਤ : (ਗੱਲ ਕੱਟ ਕੇ) ਬਈ ਇੰਡੀਆ ਤੇ ਕੈਨੇਡਾ ਤਾਂ ਕਦੇ ਲੜੇ ਈ ਨੀ।

ਸਵਰਨ : ਉਹ ਤਾਂ ਮੈਨੂੰ ਵੀ ਪਤੈ, ਮੈਂ ਤਾਂ ਉਦਾਹਰਣ ਦਿੰਨੈ।

ਦਲਜੀਤ : ਜਿਹੜੀ ਗੱਲ ਹੋਈ ਨੀ, ਉਹਦੀ ਉਦਾਹਰਣ ਵੀ ਕਿਉਂ ਦਿੰਦੇ ਉਂ। ਉਹਦੀ ਉਦਾਹਰਣ ਦੇ ਲਓ ਜਿਹੜੀਆਂ ਐਨੀਆਂ ਲੜ੍ਹਾਈਆਂ ਹੋਈਆਂ ਨੇ। ਉਹ ਥੋੜ੍ਹੀਆਂ ਨੇ। ਤੁਸੀਂ ਬੱਚੇ ਨੂੰ ਗਲਤ ਸਿੱਖਿਆ ਦੇ ਰਹੇ ਹੋ।

ਸਵਰਨ : ਓ ਨਹੀਂ, ਮੈਂ ਗਲਤ ਸਿੱਖਿਆ ਨਹੀਂ ਦੇ ਰਿਹਾ। ਮੈਂ ਤਾਂ——

ਦਲਜੀਤ : (ਗੱਲ ਕੱਟਦੀ ਹੋਈ) ਹੋਰ ਕੀ ਆ ਇਹੇ।

ਸਵਰਨ : ਮੈਂ ਤੈਨੂੰ ਦੱਸਿਆ ਤਾਂ ਹੈ ਕਿ ਮੈਂ ਤਾਂ ਉਦਾਹਰਣ ਦੇ ਕੇ ਦੱਸ ਰਿਹੈਂ। ਤੂੰ ਐਂਵੇ ਮੇਰੇ ਸਿਰ ਚੜ੍ਹੀ ਜਾਂਦੀ ਐ।

ਦਲਜੀਤ : ਮੈਂ ਸਿਰ ਨਹੀਂ ਚੜ੍ਹਦੀ। ਜਿਹੜੀ ਗੱਲ ਗਲਤ ਹੈ ਉਹ ਗਲਤ ਹੈ। ਜੇ ਗਲਤ ਸਿੱਖਿਆ ਦੇ ਰਹੇ ਹੋ ਤਾਂ ਦੇ ਰਹੇ ਹੋ।

ਸਵਰਨ : ਅਖੇ ਮੈਂ ਕੌਣ ਖਾਹ ਮਖਾਹ। ਐਂਵੇ ਈ ਬੋਲੀ ਜਾਂਦੀ ਐਂ।

ਦਲਜੀਤ : ਮੈਂ ਐਂਵੇ ਨੀ ਬੋਲੀ ਜਾਂਦੀ, ਸੱਚ ਕਹਿੰਨੀਆਂ।

ਸਵਰਨ : ਕਹਿੰਦੀ ਆ ਇਹ ਸੱਚ। ਮੈਨੂੰ ਬੋਲ ਬੋਲ ਕੇ ਐਂਵੇ ਖਿੱਝ ਚੜ੍ਹਾਈ ਜਾਂਦੀ ਐ।

ਦਲਜੀਤ : ਮੈਂ ਕੋਈ ਖਿਝ ਨਹੀਂ ਚੜ੍ਹਾਉਂਦੀ। ਮੈਂ ਤਾਂ ਗਲਤ ਨੂੰ ਗਲਤ ਕਹਿੰਨੀ ਆ।

ਸਵਰਨ : ਤੂੰ ਚੁੱਪ ਕਰਕੇ ਬਹਿੰਨੀਆ ਕਿ ਨਹੀਂ, ਤੈਨੂੰ ਕਰਾਵਾਂ ਚੁੱਪ।

ਦਲਜੀਤ : ਮੈਂ ਕਿਉਂ ਚੁੱਪ ਕਰਕੇ ਬੈਠਾਂ। ਮੈਂ ਵੀ ਦੇਖ ਈ ਲੈਂਦੀ ਹਾਂ ਵੱਡੇ ਲਾਟੀ ਖਾਂ ਨੂੰ। ਦੱਸ ਕਿਵੇਂ ਜੁਆਕ ਨੂੰ ਪਾਗਲ ਏ ਬਣਾਇਆ ਪਿਐ।

ਸਵਰਨ : ਆਹੋ ਮੈਂ ਪਾਗਲ ਈ ਆਂ, ਇਹ ਆਈ ਆ ਵੱਡੀ ਸਿਆਣੀ।

ਅਖੇ ਪਾਗਲ ਬਣਾ ਲਿਆ।

ਦਲਜੀਤ : ਹੋਰ ਕੀ?

ਸਵਰਨ : ਕਿਵੇਂ ਵੱਧਦੀ ਜਾਂਦੀ ਐ ਟੁੱਟੇ ਛਿੱਤਰ ਵਾਗੂੰ। ਚੁੱਪ ਕਰਦੀ ਐਂ ਕਿ ਨਹੀਂ ਲਾਹਵਾਂ ਜੁੱਤੀ।

(ਸਵਰਨ ਉੱਲਰ ਕੇ ਥੱਪੜ ਮਾਰਨ ਆਉਂਦਾ ਹੈ, ਉਹਦਾ ਚੁੱਕਿਆ ਹੱਥ ਖੜ੍ਹਾ ਰਹਿ ਜਾਂਦਾ ਹੈ ਤੇ ਗਗਨਦੀਪ ਉਦੋਂ ਦੀ ਵਿਚਕਾਰ ਆ ਜਾਂਦੀ ਹੈ।)

ਗਗਨਦੀਪ : ਬੱਸ ਬੱਸ ਡੈਡ (ਦੋਹਾਂ ਨੂੰ ਦੋਨਾਂ ਹੱਥਾਂ ਨਾਲ ਧੱਕਦੀ ਹੈ।) ਚੁੱਪ ਕਰੋ। ਮੈਨੂੰ ਮੇਰੇ ਸਵਾਲ ਦਾ ਜਵਾਬ ਮਿਲ ਗਿਆ ਕਿ ਜੰਗਾਂ ਕਿਉਂ ਹੁੰਦੀਆਂ ਹਨ।

(ਸਾਰੇ ਪਾਤਰ ਉਸੇ ਮੁਦਰਾ ਵਿਚ ਫਰੀਜ ਹੁੰਦੇ ਹਨ।)

ਪਰਦਾ ਡਿੱਗਦਾ ਹੈ।

ਸਮਾਪਤ



ਇਹ ਸਕਿੱਟ ਪ੍ਰੋਗਰੈਸਿਵ ਨਾਰੀ ਕਲਚਰਲ ਐਸੋਸ਼ੀਏਸ਼ਨ ਦੇ ਸਲਾਨਾ "ਮੁਟਿਆਰਾਂ ਦੇ ਮੇਲੇ" ਤੇ ਜੂਨ 2009 ਵਿਚ ਲੱਗ ਭਗ 1500 ਔਰਤਾਂ ਦੇ ਇਕੱਠ ਵਿਚ ਮੰਚਤ ਕੀਤਾ ਗਿਆ। ਜਿਸ ਦਾ ਸਾਰੇ ਦਰਸ਼ਕਾਂ ਨੇ ਭਰਭੂਰ ਅਨੰਦ ਮਾਣਿਆ। ਇਸ ਵਿਚ ਹੇਠ ਲਿਖੇ ਕਲਾਕਾਰਾਂ ਨੇ ਭਾਗ ਲਿਆ।

ਪਰਮਿੰਦਰ ਸਵੈਚ
ਅਨਮੋਲ ਸਵੈਚ
ਆਰਤੀ ਹੀਰਾ